ਪੈੜਾਂ

ਸੰਪਾਦਕ

ਡਾ. ਦਲੀਪ ਕੌਰ ਟਿਵਾਣਾ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ISBN 81-7380-051-0

1995
ਤੀਸਰੀ ਵਾਰ : 2100
ਮੁੱਲ : 15-00

ਡਾ. ਰਣਬੀਰ ਸਿੰਘ ਐਮ.ਏ. (ਅੰਗਰੇਜ਼ੀ), ਪੀ-ਐਚ.ਡੀ., ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ ਅਤੇ ਪੰਜਾਬੀ ਯੂਨੀਵਰਸਿਟੀ ਪ੍ਰੈਸ, ਪਟਿਆਲਾ ਨੇ ਛਾਪੀ ।

ਧੰਨਵਾਦ

ਇਸ ਸੰਗ੍ਰਹਿ ਵਿਚ ਸ਼ਾਮਿਲ ਰਚਨਾਵਾਂ ਦੀ ਆਗਿਆ ਦੇਣ ਵਾਸਤੇ ਅਸੀਂ ਹੇਠਾਂ ਲਿਖੇ ਲੇਖਕਾਂ ਜਾਂ ਉਨ੍ਹਾਂ ਦੇ ਸੰਬੰਧੀਆਂ ਜਾਂ ਪ੍ਰਕਾਸ਼ਕਾਂ ਦੇ ਧੰਨਵਾਦੀ ਹਾਂ।

ਸ੍ਰ. ਗੁਰਬਖ਼ਸ਼ ਸਿੰਘ ਦੇ ਉਨ੍ਹਾਂ ਦੀ ਰਚਨਾ "ਚੰਡੀ ਦਾਸ" ਲਈ; ਡਾ. ਕਰਤਾਰ ਸਿੰਘ ਸੂਰੀ ਦੇ ਸ੍ਰ. ਨਾਨਕ ਸਿੰਘ ਦੀ ਰਚਨਾ "ਵੱਡਾ ਡਾਕਟਰ" ਲਈ; ਸ੍ਰ. ਸੰਤ ਸਿੰਘ ਸੇਖੋਂ ਦੇ 'ਕੰਮ ਕਿ ਚੰਮ" ਲਈ; ਸ੍ਰ ਸੁਜਾਨ ਸਿੰਘ ਦੇ "ਖ਼ੂਨ" ਲਈ; ਸ੍ਰ. ਕਰਤਾਰ ਸਿੰਘ ਦੁੱਗਲ ਦੇ "ਕਿਉਂ ਉਹੀ ਕਿਉਂ ?" ਲਈ; ਸ੍ਰ. ਸੰਤੋਖ ਸਿੰਘ ਧੀਰ ਦੇ "ਕੋਈ ਇਕ ਸਵਾਰ" ਲਈ; ਮ੍ਰ. ਕੁਲਵੰਤ ਸਿੰਘ ਵਿਰਕ ਦੇ "ਨਮਸਕਾਰ" ਲਈ; ਦਲੀਪ ਕੌਰ (ਟਿਵਾਣਾ) ਦੇ "ਸੰਖਿਪਤ ਪਰਿਚਯ" ਲਈ; ਡਾ. ਮੋਹਨ ਸਿੰਘ ਦੀਵਾਨਾ ਦੇ "ਰੂਪ ਵੱਡਾ ਕਿ ਰੱਬ" ਲਈ; ਗਿ. ਗੁਰਮੁਖ ਸਿੰਘ ਮੁਸਾਫਿਰ ਦੇ "ਬਾਗ਼ੀ ਦੀ ਧੀ" ਲਈ।

ਪੰਜਾਬੀ ਯੂਨੀਵਰਸਿਟੀ,

ਪਟਿਆਲਾ

ਤਤਕਰਾ

ਆਦਿਕਾ

I

ਸਾਹਿਤ ਮਨੁੱਖ ਦੇ ਪੂਰਨਤਾ ਲਈ ਸੁਪਨੇ ਨੂੰ ਬਿਆਨ ਕਰਨ ਦਾ ਯਤਨ ਹੈ ਅਤੇ ਵਿਗਿਆਨ ਇਸ ਸੁਪਨੇ ਨੂੰ ਸੱਚ ਕਰਨ ਦੀ ਕੋਸ਼ਿਸ਼।

ਇਕ ਸੰਸਾਰ ਹੈ ਜਿਸ ਅੰਦਰ ਮਨੁੱਖ ਵਸਦਾ ਹੈ ਅਤੇ ਇਕ ਸੰਸਾਰ ਮਨੁੱਖ ਦੇ ਅੰਦਰ ਵਸਦਾ ਹੈ। ਇਨ੍ਹਾਂ ਦੋਹਾਂ ਜਹਾਨਾਂ ਵਿਚ ਜਿਥੇ ਵੀ ਅੰਤਰ ਹੈ ਉਹ ਮਨੁੱਖ ਨੂੰ ਬੇਚੈਨ ਕਰਦਾ ਹੈ।

ਕਲਾਕਾਰ ਆਪਣੀ ਕਲਪਨਾ ਵਿਚ ਇਸ ਬਾਹਰਲੇ ਜਗਤ ਦੀ ਛਾਣ-ਬੀਣ ਕਰ ਕੇ ਇਕ ਨਵਾਂ ਜਗਤ ਸਿਰਜਦਾ ਹੈ, ਜਿਸ ਦਾ ਆਧਾਰ ਸਤਯੰਮ, ਸ਼ਿਵਮ ਤੇ ਸੁੰਦਰਮ ਹੁੰਦਾ ਹੈ।

ਕਹਾਣੀ ਵੀ ਕਲਾਕਾਰ ਦੇ ਉਸੇ ਜਗਤ ਦੀ ਬਾਤ ਪਾਉਂਦੀ ਹੈ।

ਲਿਖਤੀ ਸਾਹਿਤ ਤੋਂ ਸੈਂਕੜੇ ਸਾਲ ਪਹਿਲਾਂ ਤੋਂ ਨਾਨੀਆਂ, ਦਾਦੀਆਂ ਰਾਤ ਵੇਲੇ ਬੱਚਿਆਂ ਨੂੰ ਬਾਤਾਂ ਸੁਣਾਉਂਦੀਆਂ ਆ ਰਹੀਆਂ ਹਨ।

ਇਸ ਲਈ ਸਾਡੀ ਆਧੁਨਿਕ ਕਹਾਣੀ ਦੇ ਪਿਛੋਕੜ ਵਿਚ ਪੌਰਾਣਿਕ ਕਥਾਵਾਂ, ਪਰੰਪਰਾਵਾਦੀ ਕਹਾਣੀਆਂ, ਜਨੌਰ ਕਹਾਣੀਆਂ, ਪਰੀ ਕਥਾਵਾਂ, ਫੁੱਲ ਬੂਟਿਆਂ ਸੰਬੰਧੀ ਕਹਾਣੀਆਂ ਅਤੇ ਬਾਤਾਂ ਦਾ ਇਕ ਅਮੀਰ ਵਿਰਸਾ ਹੈ।

ਅੱਜ ਦੇ ਲੋਕ ਯੁੱਗ ਵਿਚ ਇਨ੍ਹਾਂ ਲੋਕ ਕਹਾਣੀਆਂ ਦੀ ਕੀਮਤ ਤੇ ਅਹਿਮੀਅਤ ਇਸ ਲਈ ਵੱਧ ਗਈ ਹੈ ਕਿ ਇਹ ਮਨੁੱਖ ਦੇ ਕੁਦਰਤੀ ਰੂਪ ਤੇ ਉਸ ਦੇ ਵਿਕਾਸ ਦੇ ਪੜਾਵਾਂ ਨੂੰ ਸਾਕਾਰ ਕਰਦੀਆਂ ਹਨ ਅਤੇ ਇਨ੍ਹਾਂ ਰਾਹੀਂ ਮਨੁੱਖ ਦੇ ਸਮੂਹਕ ਅਵਚੇਤਨ ਤਕ ਸਾਡੀ ਪਹੁੰਚ ਹੋ ਜਾਂਦੀ ਹੈ।

II

ਪੱਛਮ ਵਿਚ ਨਿੱਕੀ ਕਹਾਣੀ ਦਾ ਮੁੱਢ ਉਨ੍ਹੀਵੀਂ ਸਦੀ ਦੇ ਸ਼ੁਰੂ ਵਿਚ ਟੋਲਿਆ ਜਾ ਸਕਦਾ ਹੈ।

ਪੰਜਾਬ ਦੀ ਆਧੁਨਿਕ ਨਿੱਕੀ ਕਹਾਣੀ ਦਾ ਮੁੱਢ 1920 ਦੇ ਨੇੜੇ ਮੰਨਿਆ ਜਾਂਦਾ ਹੈ।

ਕਹਾਣੀ ਮਨੁੱਖ ਦੀ ਗੱਲ ਕਰਦੀ ਹੈ। ਮਨੁੱਖ ਇਕ ਸਮਾਜਿਕ ਜੀਵ ਹੈ। ਸਮਾਜ ਦੇਸ਼ ਦੀਆਂ ਸਮਾਜਿਕ, ਆਰਥਿਕ, ਰਾਜਸੀ, ਧਾਰਮਿਕ ਤੇ ਸਾਂਸਕ੍ਰਿਤਕ ਪ੍ਰਸਥਿਤੀਆਂ ਨਾਲ ਉਸਰਦਾ ਹੈ। ਸਾਹਿਤਕਾਰ ਸਮਾਜਿਕ ਪ੍ਰਭਾਵਾਂ ਥੱਲੇ ਪਲਦਾ ਹੈ ਅਤੇ ਆਪਣੇ ਵਿਚਾਰਾਂ ਦੁਆਰਾ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ ।

ਸਾਡੀ ਪੁਰਾਣੀ ਸੰਸਕ੍ਰਿਤੀ ਅਧਿਆਤਮਿਕਵਾਦੀ, ਭਾਗਵਾਦੀ, ਨਿਰਾਸ਼ਾਵਾਦੀ ਅਤੇ ਤਿਆਗਵਾਦੀ ਸੀ, ਜਿਸ ਕਰਕੇ ਦੇਸ਼ ਦੀਆਂ ਆਰਥਿਕ, ਸਮਾਜਿਕ, ਰਾਜਨੀਤਿਕ ਤੇ ਸਾਂਸਕ੍ਰਿਤਕ ਲੋੜਾਂ ਪੂਰਾ ਧਿਆਨ ਨਾ ਲੈ ਸਕੀਆਂ। ਵਿਅਕਤੀਗਤ ਤੌਰ ਤੇ ਮਨੁੱਖ ਦਾ ਕੋਈ ਮੁੱਲ ਨਹੀਂ ਸੀ। ਪਰ 1849 ਵਿਚ ਅੰਗ੍ਰੇਜ਼ਾਂ ਦਾ ਪੰਜਾਬ ਉੱਤੇ ਕਬਜ਼ਾ ਹੋਣ ਪਿਛੋਂ ਨਵੀਂ ਵਿਦਿਆ ਤੇ ਵਿਗਿਆਨਕ ਦ੍ਰਿਸ਼ਟੀਕੋਣ ਨੇ ਸਾਨੂੰ ਅਧਿਆਤਮਿਕ ਮੰਡਲਾਂ ਤੋਂ ਹੇਠਾਂ ਲਾਹੁਣਾ ਸ਼ੁਰੂ ਕੀਤਾ। ਇਸ ਗੱਲ ਦੇ ਅਹਿਸਾਸ ਨੇ ਇਕ ਜਾਤੀ ਨਿਰੋਲ ਆਪਣੀ ਭੌਤਿਕ ਤਰੱਕੀ ਦੇ ਕਾਰਣ ਸਾਡੀ ਹਾਕਮ ਬਣ ਬੈਠੀ ਹੈ, ਸਾਨੂੰ ਵਰਤਮਾਨ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਸੀ ਨਿਯਮਾਂ ਵਿਸ਼ਵਾਸਾਂ ਤੇ ਆਦਰਸ਼ਾਂ ਨੂੰ ਆਲੋਚਨਾਤਮਿਕ ਦ੍ਰਿਸ਼ਟੀ ਨਾਲ ਪੜਤਾਲਣ ਲਈ ਪ੍ਰੇਰਿਆ, ਜਿਸ ਕਾਰਣ ਦੇਸ਼ ਭਰ ਵਿਚ ਸਮਾਜ ਸੁਧਾਰ ਦੀਆਂ ਲਹਿਰਾਂ ਚੱਲੀਆਂ। ਇਸੇ ਲਈ ਇਸ ਸਮੇਂ ਮੋਹਣ ਸਿੰਘ ਵੈਦ, ਬਲਵੰਤ ਸਿੰਘ ਚਤਰਥ, ਕੇਸਰ ਸਿੰਘ ਕੰਵਲ, ਸੋਹਣ ਸਿੰਘ ਜੋਸ਼, ਹੀਰਾ ਸਿੰਘ ਦਰਦ ਤੇ ਚਰਨ ਸਿੰਘ ਸ਼ਹੀਦ ਨੇ ਜਿਹੜੀਆਂ ਕਹਾਣੀਆਂ ਲਿਖੀਆਂ ਉਹ ਸਮਾਜ ਸੁਧਾਰ ਦੇ ਆਸ਼ੇ ਦੇ ਅਧੀਨ, ਸੁਖੀ ਸੰਸਾਰਕ ਜੀਵਨ ਦਾ ਰਾਹ ਵਿਖਾਉਂਦੀਆਂ, ਨੈਤਿਕ ਸਦਾਚਾਰ ਦਾ ਪ੍ਰਚਾਰ ਕਰਦੀਆਂ, ਰਾਜਸੀ ਤੇ ਆਰਥਿਕ ਖੁਸ਼ਹਾਲੀ ਦੀ ਮੰਗ ਕਰਦੀਆਂ ਅਤੇ ਵਰਤਮਾਨ ਜੀਵਨ ਵਿਚ ਆਪਣੇ ਬਜ਼ੁਰਗਾਂ ਦੇ ਉੱਚ ਕਰਤੱਵ ਭੁਲਾ ਦੇਣ ਕਰਕੇ ਇਖ਼ਲਾਕੀ ਕਮਜ਼ੋਰੀਆਂ ਨੂੰ ਤਿਆਗਣ ਦੀ ਪ੍ਰੇਰਣਾ ਦਿੰਦੀਆਂ ਹਨ ।

ਇਹ ਕਹਾਣੀਆਂ ਖ਼ਾਸ ਆਸ਼ੇ ਦੇ ਅਧੀਨ ਤ੍ਰਨ ਕਰ ਕੇ ਸੁਹਜ-ਸੁਆਦ ਤੋਂ ਸੱਖਣੀਆਂ, ਰੂਪਕ ਨਿਪੁੰਨਤਾ ਤੋਂ ਊਣੀਆਂ, ਪ੍ਰਚਾਰ ਪ੍ਰਧਾਨ ਅਤੇ ਚਰਿੱਤਰ ਵਿਕਾਸ ਤੋਂ ਵਿਹੂਣੀਆਂ ਹੋਣ ਕਰਕੇ ਪੰਜਾਬੀ ਕਹਾਣੀ ਦੀ ਮੁੱਢਲੀ ਕਚੇਰੀ ਅਵਸਥਾ ਦੀਆਂ ਸੂਚਕ ਹਨ ।

ਨੈਤਿਕ ਸਦਾਚਾਰ ਤੇ ਵਿਵਹਾਰਕ ਕੁਸ਼ਲਤਾ ਸਮਝਾਉਣ ਵਾਲੀਆਂ ਕਹਾਣੀਆਂ ਦੀ ਰਾਮਾਇਣ, ਮਹਾਂਭਾਰਤ, ਬੋਧਾ ਜਤਕ, ਪੰਜ ਤੰਤਰ, ਨੀਤੀ ਸ਼ਾਸਤਰ, ਕਥਾ

ਸਰਿਤ ਸਾਗਰ, ਜਨਮ ਸਾਖੀਆਂ ਅਤੇ ਮੌਖਿਕ ਕਹਾਣੀਆਂ ਰਾਹੀਂ ਤੁਰੀ ਆ ਰਹੀ ਪ੍ਰਥਾ ਨੂੰ ਇਸ ਕਾਲ ਦੀਆਂ ਕਹਾਣੀਆਂ ਨੇ ਸਮੇਂ ਤੇ ਸਮਾਜ ਦੇ ਪ੍ਰਕਰਣ ਵਿਚ ਰਖ ਕੇ ਅੱਗੇ ਤੋਰਿਆ। ਇਸ ਸੰਗ੍ਰਹਿ ਵਿਚ ਸ਼ਾਮਿਲ ਚਰਨ ਸਿੰਘ ਸ਼ਹੀਦ ਦੀ ਕਹਾਣੀ "ਠਾਣੇਦਾਰੀ", ਨਾਨਕ ਸਿੰਘ ਦੀ "ਵੱਡਾ ਡਾਕਟਰ", ਗੁਰਮੁਖ ਸਿੰਘ ਮੁਸਾਫ਼ਿਰ ਦੀ "ਬਾਗ਼ੀ ਦੀ ਧੀ" ਅਤੇ ਜੋਸ਼ੂਆ ਫ਼ਜ਼ਲਦੀਨ ਦੀ "ਦੁਸ਼ਮਨ ਇਸੇ ਪ੍ਰਥਾ ਦੀਆਂ ਕਹਾਣੀਆਂ ਹਨ ।

ਚਰਨ ਸਿੰਘ ਸ਼ਹੀਦ ਦੀ ਕਹਾਣੀ "ਠਾਣੇਦਾਰੀ" ਭਾਵੇਂ ਰੂਸੀ ਲੇਖਕ ਚੈਖਵ ਦੀ ਕਹਾਣੀ ਗਿਰਗਿਟ ਉੱਤੇ ਆਧਾਰਿਤ ਹੈ ਪਰ ਇਸ ਵਿਚ ਅਜਿਹਾ ਸੱਚ ਹੈ ਜੋ ਸਰਵ ਵਿਆਪਕ ਹੈ ਕਿ ਸਕਤੇ ਦੀ ਜ਼ੋਰੋਂ ਸਭ ਦੀ ਤਾਈ, ਮਾੜੇ ਦੀ ਜ਼ੋਰੋਂ ਸਭ ਦੀ ਭਾਬੀ। "ਵੱਡਾ ਡਾਕਟਰ" ਵਿਚ ਨਾਨਕ ਸਿੰਘ ਦੱਸਦਾ ਹੈ ਕਿ ਅਣਜਾਣ ਬੱਚੇ ਤੇ ਜਾਨਵਰ ਵੀ ਪਿਆਰ ਨੂੰ ਪਹਿਚਾਣਦੇ ਹਨ ਅਤੇ ਇਸ ਦਾ ਖੁੱਸ ਜਾਣਾ ਉਨ੍ਹਾਂ ਲਈ ਕਿੰਡਾ ਖ਼ਤਰਨਾਕ ਸਾਬਤ ਹੋ ਸਕਦਾ ਹੈ। "ਬਾਗ਼ੀ ਦੀ ਧੀ" ਵਿਚ ਗੁਰਮੁਖ ਸਿੰਘ ਮੁਸਾਫ਼ਿਰ ਦੱਸਦਾ ਹੈ ਕਿ ਆਜ਼ਾਦੀ ਅਸੀਂ ਕਿਡੇ ਮਹਿੰਗੇ ਮੁੱਲ ਲਈ ਹੈ । ਜੋਸ਼ੂਆ ਫ਼ਜ਼ਲਦੀਨ ਦੀ ਕਹਾਣੀ ਦਾ ਮਤਲਬ ਸਿਰਫ ਇੰਝ ਹੀ ਦੱਸਣਾ ਹੈ ਕਿ ਕਈ ਵਾਰੀ ਅਸੀਂ ਦੋਸਤ ਤੇ ਦੁਸ਼ਮਣ ਦੀ ਪਹਿਚਾਣ ਕਰਨ ਲੱਗਿਆਂ ਟਪਲਾ ਖਾ ਜਾਂਦੇ ਹਾਂ।

III

1940 ਦੇ ਨੇੜੇ ਕੁਝ ਕੁ ਪ੍ਰਤਿਭਾਸ਼ਾਲੀ ਲੇਖਕਾਂ ਦੇ ਪਿੜ ਵਿਚ ਆ ਜਾਣ ਕਰਕੇ ਸਾਡੀ ਕਹਾਣੀ ਆਧੁਨਿਕ ਕਹਾਣੀ ਦਾ ਰੂਪ ਧਾਰ ਕੇ ਪ੍ਰਾਪਤੀਆਂ ਦੇ ਰਾਹ ਉੱਤੇ ਤੁਰ ਪਈ ਸੀ।

ਸੁਪਨੇ ਵੇਖਣਾ ਮਨੁੱਖ ਦਾ ਸੁਭਾਉ ਹੈ। ਜਾਗਦਿਆਂ ਸੁੱਤਿਆਂ ਹਰ ਮਨੁੱਖ ਆਪਣੀ ਸਮਰੱਥਾ ਅਨੁਸਾਰ ਸੁਪਨੇ ਵੇਖਦਾ ਹੈ। ਇਨ੍ਹਾਂ ਸੁਪਨਿਆਂ ਦੀ ਭਾਵਕ ਤੇ ਕਾਲਪਨਿਕ ਉਡਾਰੀ ਨਾਲ ਮਨੁੱਖ ਤੱਥ, ਯਥਾਰਥ ਬੁੱਧੀ. ਤਰਕ ਦੀਆਂ ਦੀਵਾਰਾਂ ਉਲੰਘ ਕੇ "ਜੋ ਹੈ" ਤੇ "ਜੋ ਚਾਹੀਦਾ ਹੈ" ਤੱਕ ਅਪੜ ਜਾਂਦਾ ਹੈ। ਅਜਿਹੇ ਸੁਪਨੇ-ਸਾਜ਼ਾਂ ਸਾਹਿਤਕ ਭਾਸ਼ਾ ਵਿਚ ਰੁਮਾਂਸਵਾਦੀ ਆਖਿਆ ਜਾਂਦਾ ਹੈ। ਗੁਰਬਖ਼ਸ਼ ਸਿੰਘ ਨੇ 1940 ਵਿਚ ਆਪਣੀ ਕਹਾਣੀ ਨੂੰ ਇਸੇ ਧਰਤੀ ਤੋਂ ਤੋਰਿਆ ਸੀ ਪਰ ਮਨੁੱਖ ਨੂੰ ਚੰਗਾ ਮਨੁੱਖ ਬਣਾਉਣ ਦਾ ਤੇ ਚੰਗੇ ਮਨੁੱਖ ਲਈ ਵਧੀਆ ਸਮਾਜ ਦੀ ਲੋੜ ਦਾ ਉਸ ਦਾ ਸੁਪਨਾ ਮੱਧ-ਕਾਲੀਨ ਸੀ। "ਚੰਡੀ ਦਾਸ" ਕਹਾਣੀ ਉਸ ਦੇ ਅਜਿਹੇ ਇਕ ਸੁਪਨੇ ਨੂੰ ਉਲੀਕਦੀ ਹੈ।

ਗੁਰਬਖ਼ਸ਼ ਸਿੰਘ ਤੋਂ ਪਿਛੋਂ ਆਉਣ ਵਾਲੇ ਅਨੇਕਾਂ ਹੋਰ ਲੇਖਕ ਵੀ ਵੇਲੇ ਕੁਵੇਲੇ ਵਰਤਮਾਨ ਦੀ ਅਸੰਤੁਸ਼ਟਤਾ ਤੋਂ ਘਬਰਾ ਕੇ ਸੁਪਨ ਦੇਸ਼ਾਂ ਵੱਲ ਤੁਰ ਜਾਂਦੇ ਹਨ ਜਿਥੇ ਖਰਵਾ ਯਥਾਰਥ ਉਨ੍ਹਾਂ ਦਾ ਮੂੰਹ ਨਹੀਂ ਚਿੜਾਉਂਦਾ, ਜਿਵੇਂ ਕਿ ਜਸਵੰਤ ਸਿੰਘ ਕੰਵਲ ਤੇ ਅੰਮ੍ਰਿਤਾ ਪ੍ਰੀਤਮ ਦੀਆਂ ਕਹਾਣੀਆਂ ਵਿਚ ਆਮ ਹੀ ਹੁੰਦਾ ਹੈ।

ਪਰ ਰੁਮਾਂਸਵਾਦ ਉਦੋਂ ਨਿੰਦਨੀਯ ਹੋ ਜਾਂਦਾ ਹੈ ਜਦੋਂ ਰੁਮਾਂਸਵਾਦੀ ਦਿੱਸਦੇ ਤੋਂ ਮੂੰਹ ਮੋੜ ਕੇ ਅਣਦਿੱਸ਼ਦੇ ਤੇ ਤਲਿਸਮੀ ਕਿਆਸ ਸਦਕਾ ਅੰਤਰ-ਮੁਖੀ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਯਥਾਰਥ ਨਾਲੋਂ ਟੁੱਟ ਕੇ ਸੱਚ ਤੋਂ ਉਰ੍ਹਾਂ ਪਰ੍ਹਾਂ ਰਹਿ ਜਾਂਦਾ ਹੈ, ਜੋ ਠੀਕ ਨਹੀਂ।

IV

ਫ਼ਰਾਂਸੀਸੀ ਇਨਕਲਾਬ, ਵਿਦਿਆ ਦੇ ਵਾਧੇ, ਮੱਧ-ਸ਼੍ਰੇਣੀ ਦੇ ਫੈਲਾਉ ਅਤੇ ਵਿਗਿਆਨਕ ਉੱਨਤੀ ਦੇ ਪ੍ਰਤੀਕਰਮ ਵਜੋਂ ਵਿਸ਼ੇਸ਼ ਵਿਅਕਤੀ ਦੀ ਅਹਿਮੀਅਤ ਘਟੀ ਤੇ ਸਾਧਾਰਣ ਦੀ ਵੱਧੀ। ਵਿਅਕਤੀ ਚਿੰਤਨ, ਵਿਅਕਤੀ ਸਤਯ ਤੇ ਵਿਅਕਤੀ ਕਲਿਆਣ ਨੂੰ ਅੱਗੇ ਰਖ ਕੇ ਤੁਰਨ ਵਾਲੀ ਕਹਾਣੀ ਸਮਸਟੀ ਵਿਕਾਸ ਦੀ ਖ਼ਾਤਰ ਸਮਸਟੀ ਸਤ੍ਯ, ਸਮਸਟੀ ਯਥਾਰਥ ਤੇ ਸਮਸਟੀ ਹਿੱਤ ਵੱਲ ਨੂੰ ਮੁੜੀ। ਇਸ ਦੀ ਖ਼ਾਤਰ ਸਾਡੇ ਬਹੁਤ ਸਾਰੇ ਲੇਖਕਾਂ ਨੂੰ ਸਮਾਜਵਾਦ ਦਾ ਹੀ ਰਾਹ ਲੱਭਦਾ ਹੈ ਜਿਸ ਦਾ ਪਹਿਲਾ ਆਦਰਸ਼ ਹੀ ਵਰਗਹੀਣ ਸਮਾਜ ਦੀ ਸਥਾਪਨਾ ਹੈ। ਇਸ ਦੀ ਪ੍ਰਾਪਤੀ ਲਈ ਵਰਗ ਸੰਘਰਸ਼ ਦਾ ਰਾਹ ਹੈ। ਸਮਾਜਵਾਦੀ ਮੰਨਦੇ ਹਨ ਕਿ ਵਰਗ ਸੰਘਰਸ਼ ਹੀ ਇਤਿਹਾਸ ਦੀ ਰੂਪ-ਰੇਖਾ ਉਲੀਕਦੇ ਹਨ।

ਆਦਰਸ਼ ਜਦੋਂ ਭਾਰੂ ਨਾ ਰਹੇ ਤਾਂ ਜਿਉਣਾ ਮਨੁੱਖ ਦੀ ਪ੍ਰਮੁੱਖ ਲੋੜ ਹੋ ਗਈ, ਜਿਉਂਦਿਆਂ ਰਹਿਣ ਲਈ ਸਰੀਰਕ ਲੋੜਾਂ ਪਹਿਲੋਂ ਆਉਂਦੀਆਂ ਹਨ। ਮਾਰਕਸ-ਵਾਦੀ ਫ਼ਲਸਫ਼ੇ ਨੇ ਦੱਸਿਆ ਕਿ ਮਨੁੱਖ ਦੀ ਜਜ਼ਬਾਤੀ ਤੇ ਬੌਧਿਕ ਪੱਧਰ, ਉਸ ਦੇ ਆਚਰਣ ਤੇ ਵਿਚਰਣ ਨੂੰ ਉਸ ਦੀਆਂ ਭੌਤਿਕ ਪ੍ਰਸਥਿਤੀਆਂ ਹੀ ਨਿਰਧਾਰਿਤ ਕਰਦੀਆਂ ਹਨ।

ਮੱਧ ਯੁਗੀਨ ਵਿਚਾਰਾਂ ਦਾ ਆਧਾਰ ਵਿਸ਼ਵਾਸ ਸੀ ਤੇ ਜੀਵਨ ਦ੍ਰਿਸ਼ਟੀਕੋਣ ਨਿਯਤ ਕਰਨ ਦਾ ਮੁੱਖ ਆਧਾਰ ਧਰਮ ਸੀ ਪਰ ਨਵੇਂ ਸਮਾਜ ਦੇ ਨਵੇਂ ਮਨੁੱਖ ਨੇ ਜਦੋਂ ਪੁਰਸ਼ ਤੇ ਪ੍ਰਕਿਰਤੀ ਦੇ ਸੰਬੰਧਾਂ ਨੂੰ ਸਮਾਜਿਕ ਪ੍ਰਕਰਣ ਵਿਚ ਰਖ ਕੇ

ਵਿਗਿਆਨਿਕ ਦ੍ਰਿਸ਼ਟੀ ਨਾਲ ਪਰਖਿਆ ਪੜਚੋਲਿਆ ਤਾਂ ਉਸ ਨੇ ਅਧਿਆਤਮਵਾਦ, ਆਦਰਸ਼ਵਾਦ ਤੇ ਰੋਮਾਂਸਵਾਦ ਦੀ ਥਾਂ ਯਥਾਰਥਵਾਦ ਨੂੰ ਪ੍ਰਮੁੱਖਤਾ ਦਿੱਤੀ। ਇਸ ਪੱਖੋਂ ਪੰਜਾਬੀ ਕਹਾਣੀ ਵਿਚ ਵੱਡਾ ਨਾਉਂ ਸੰਤ ਸਿੰਘ ਸੇਖੋਂ ਦਾ ਆਉਂਦਾ ਹੈ, ਜਿਸ ਨੇ ਚੇਤਨ ਰੂਪ ਵਿਚ ਇਹ ਰਾਹ ਅਪਣਾਇਆ। ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ, ਸੰਤੋਖ ਸਿੰਘ ਧੀਰ, ਨਵਤੇਜ, ਸੁਖਬੀਰ ਆਦਿ ਇਸੇ ਰਾਹ ਉੱਤੇ ਤੁਰਨ ਵਾਲੇ ਕੁਝ ਹੋਰ ਕਹਾਣੀਕਾਰ ਹਨ। ਇਨ੍ਹਾਂ ਦੀਆਂ ਕਹਾਣੀਆਂ ਕਿਤੇ ਸਪੱਸ਼ਟ ਤੇ ਕਿਤੇ ਸੰਕੇਤਕ ਰੂਪ ਵਿਚ ਦਸਦੀਆਂ ਹਨ ਕਿ ਆਰਥਿਕ ਸੰਕਟ ਕਾਰਣ ਕਿਵੇਂ ਸਾਰੇ ਸਮਾਜਿਕ ਸੰਬੰਧ ਵਪਾਰਕ ਰੂਪ ਧਾਰਨ ਕਰ ਜਾਂਦੇ ਹਨ ਤੇ ਮਾਨਵੀ ਭਾਵਨਾਵਾਂ ਕੁੰਠਿਤ ਹੋ ਜਾਂਦੀਆਂ ਹਨ।

ਸੰਤ ਸਿੰਘ ਸੇਖੋਂ ਦੀ ਕਹਾਣੀ "ਕੰਮ ਕਿ ਚੰਮ" ਇਹੀ ਦੱਸਦੀ ਹੈ ਕਿ ਕਮਾ ਕੇ ਲਿਆਉਣ ਵਾਲੀ ਕੁ-ਸੁਹਣੀ ਕੁੜੀ ਵੀ ਪ੍ਰਵਾਨ ਪੈ ਜਾਂਦੀ ਹੈ। ਉਹੀ ਬੰਦਾ ਜਿਸ ਨੇ ਅੰਬਾ ਨਾਲ ਵਿਆਹ ਕਰਾਉਣ ਤੋਂ ਇਨਕਾਰ ਕੀਤਾ ਸੀ, ਨੌਕਰੀ ਲੱਗ ਜਾਣ ਪਿਛੋਂ ਆਪ ਸੁਨੇਹਾ ਘਲਦਾ ਹੈ।

ਪਰ ਜਦੋਂ ਲੇਖਕ ਸਾਹਿਤ ਨੂੰ ਸਿੱਧਾਂਤ ਦੀ ਵਿਆਖਿਆ ਜਾਂ ਪ੍ਰਚਾਰ ਲਈ ਵਰਤਦਾ ਹੈ ਤਾਂ ਕਹਾਣੀ ਭਾਵ-ਬੋਧ ਦੇ ਕਿਸੇ ਨਵੇਂ ਧਰਾਤਲ, ਸੌਂਦਰਯ-ਬੋਧ ਦੇ ਕਿਸੇ ਨਵੇਂ ਸੱਤਰ, ਯਥਾਰਥ ਦੇ ਕਿਸੇ ਨਵੇਂ ਅਰਥ ਦੀ ਪਹਿਚਾਣ ਦੀ ਥਾਂ ਕਲਾ ਪੱਖੋਂ ਊਣੀ, ਪ੍ਰਾਪੇਗੰਡੇ ਦੀ ਪੱਧਰ ਉੱਤੇ ਰਹਿ ਜਾਂਦੀ ਹੈ। ਇਸੇ ਕਾਰਣ ਸਮਾਜਵਾਦੀ ਵਿਚਾਰਧਾਰਾ ਦੇ ਅਧੀਨ ਲਿਖੀਆਂ ਬਹੁਤ ਸਾਰੀਆਂ ਪੰਜਾਬੀ ਕਹਾਣੀਆਂ ਵਕਤੀ ਜਿਹੀਆਂ ਗੱਲਾਂ ਬਣ ਕੇ ਰਹਿ ਗਈਆਂ ਹਨ। ਸੇਖੋਂ ਤਾਂ ਆਪ ਆਖਦਾ ਹੈ ਕਿ ਮੈਂ ਮਾਰਕਸਵਾਦੀ ਪਹਿਲਾਂ ਕਲਾਕਾਰ ਪਿਛੋਂ ਹਾਂ। ਇਹੋ ਘਾਟ ਸੁਜਾਨ ਸਿੰਘ ਦੀਆਂ ਕੁਝ ਕਹਾਣੀਆਂ ਵਿਚ ਵਿਸ਼ੇਸ਼ ਤੌਰ ਤੇ ਦਿਸਦੀ ਹੈ।

V

ਵਿਗਿਆਨ ਦੇ ਕਾਰਨ-ਕਰਮ ਨਿਯਮ ਨੇ ਜਦੋਂ ਸਾਰੇ ਪੁਰਾਤਨ ਨਿਯਮਾਂ, ਕੀਮਤਾਂ, ਸਿੱਧਾਤਾਂ ਆਦਰਸ਼ਾਂ ਦੀਆਂ ਨੀਹਾਂ ਹਿਲਾ ਦਿੱਤੀਆਂ ਤਾਂ ਆਧੁਨਿਕ ਮਨੁੱਖ ਜੜ੍ਹਹੀਣ ਹੋ ਗਿਆ। ਹੁਣ ਉਸ ਦੇ ਜੀਵਨ ਦਾ ਕੋਈ ਨਿਸ਼ਚਿਤ ਸਿਧਾਂਤ ਨਹੀਂ। ਕਿਸੇ ਕਾਇਦੇ ਕਾਨੂੰਨ ਦਾ ਉਹ ਪਾਬੰਦ ਨਹੀਂ। ਨਾ ਕਿਸੇ ਨੈਤਿਕਤਾ ਦਾ

ਉਹ ਪਾਲਕ ਹੈ। ਜਿਊਣਾ ਉਸ ਲਈ ਸਿਰਫ਼ ਇਕ ਆਦਤ ਹੈ। ਅੱਜ ਦੀ ਪੰਜਾਬੀ ਕਹਾਣੀ ਇਸ ਸੱਚ ਨੂੰ ਸਵੀਕਾਰ ਕਰਕੇ ਤੁਰਦੀ ਹੈ। ਇਸ ਲਈ ਕਿਸੇ ਆਦਰਸ਼ ਅਸੂਲ ਲਈ ਪਾਤਰਾਂ ਦਾ ਮੂੰਹ ਮੱਥਾ ਹੀ ਨਹੀਂ ਵਿਗਾੜਿਆ ਜਾਂਦਾ ਸਗੋਂ ਉਨ੍ਹਾਂ ਨੂੰ ਉਨ੍ਹਾਂ ਦੇ ਸੱਚੇ ਰੂਪ ਵਿਚ ਹੀ ਪੇਸ਼ ਕੀਤਾ ਜਾਂਦਾ ਹੈ। ਇਸ ਪੱਖੋਂ ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਡਾ. ਮੋਹਣ ਸਿੰਘ ਦੀਵਾਨਾ ਤੇ ਨੌਰੰਗ ਸਿੰਘ, ਗੁਲਜ਼ਾਰ ਸਿੰਘ ਸੰਧੂ, ਜਗਜੀਤ ਸਿੰਘ ਆਹੂਜਾ ਦੀਆਂ ਕੁਝ ਕਹਾਣੀਆਂ ਬੜੀਆਂ ਕਾਮਯਾਬ ਹਨ।

ਅੱਜ ਦੀ ਕਹਾਣੀ ਇਸ ਹਨੇਰੇ ਵਿਚੋਂ ਕਿਸੇ ਚਾਨਣ ਨੂੰ ਲੱਭਣ ਦੀ ਕੋਸ਼ਿਸ਼ ਕਰਦੀ ਹੈ। ਕਹਾਣੀਕਾਰ ਇਸ ਨਿਅਰਥਕ ਹੁੰਦੇ ਜਾ ਰਹੇ ਜੀਵਨ ਦੇ ਅਰਥ ਟੋਲਦਾ ਹੈ। "ਮੁਰਕੀਆਂ" ਕਹਾਣੀ ਵਿਚ ਨੌਰੰਗ ਸਿੰਘ ਨੇ ਅੱਜ ਦੇ ਮਨੁੱਖ ਦੀ ਸਥਿਤੀ ਹੀ ਨਹੀਂ ਕੀਤੀ, ਸੇਧ ਵੀ ਦਿਤੀ ਹੈ।

ਇਸ ਕਹਾਣੀ ਵਿਚ ਰਹੀਮੂ ਤੇ ਕਰੀਮੂ ਦੋ ਮੁੰਡੇ ਹਨ ਜੋ ਵੱਡੇ ਹੋ ਕੇ ਵੀ ਬੱਚਿਆਂ ਵਾਂਗ ਖੇਡਦੇ ਫਿਰਦੇ ਹਨ। ਕੀ ਅੱਜ ਦਾ ਮਨੁੱਖ ਵੀ ਜ਼ਿੰਦਗੀ ਨਾਲ ਖੇਡ ਨਹੀਂ ਰਿਹਾ?

ਜ਼ਮੀਨ ਤੇ ਮੱਝਾਂ ਪਿਉ ਜੂਏ ਵਿਚ ਹਾਰ ਜਾਂਦਾ ਹੈ ਤਾਂ ਪੁੱਤਰ ਖ਼ੁਸ਼ ਹੁੰਦੇ ਹਨ ਕਿ ਚੱਲੋ ਸਾਂਭ-ਸੰਭਾਈ ਦਾ ਟੰਟਾ ਮੁਕਿਆ। ਕੀ ਅੱਜ ਦਾ ਮਨੁੱਖ ਵੀ ਨਿੱਕੇ ਨਿੱਕੇ ਆਰਾਮਾਂ ਪਿਛੇ ਜ਼ਿੰਦਗੀ ਦੀਆਂ ਕੀਮਤਾਂ ਕਦਰਾਂ ਨੂੰ ਤਿਆਗ ਕੇ ਖ਼ੁਸ਼ ਨਹੀਂ ਹੋ ਰਿਹਾ?

ਮਾਂ ਬਿਮਾਰ ਹੈ ਪਰ ਉਹ ਖੇਡ ਵਿਚ ਮਸਤ ਹਨ। ਕੀ ਅੱਜ ਦਾ ਮਨੁੱਖ ਵੀ ਇਸ ਧਰਤੀ ਉੱਤੇ ਆਪਣੇ ਭੂਤ ਅਤੇ ਵਿਰਸੇ ਵੱਲੋਂ ਇਉਂ ਬੇਨਿਆਜ਼ ਨਹੀਂ?

ਲੋਕੀਂ ਉਨ੍ਹਾਂ ਨੂੰ ਬੁਰਾ ਭਲਾ ਕਹਿੰਦੇ ਹਨ। ਇਕ ਪਲ ਤਾਂ ਉਹ ਦੁੱਖੀ ਹੁੰਦੇ ਹਨ ਪਰ ਦੂਜੇ ਹੀ ਪਲ ਉਹ ਉਸ ਗੱਲ ਨੂੰ ਭੁੱਲ ਜਾਂਦੇ ਹਨ। ਕੀ ਅੱਜ ਦਾ ਮਨੁੱਖ ਵੀ ਹਰ ਪਲ ਦੂਜੇ ਪਲ ਨਾਲੋਂ ਕੱਟ ਕੇ ਨਹੀਂ ਜਿਉਂ ਰਿਹਾ?

ਮਾਂ ਮਰ ਜਾਂਦੀ ਹੈ। ਉਨ੍ਹਾਂ ਦਾ ਦੁੱਖ ਵੰਡਾਉਣ ਲਈ ਕੋਈ ਨਹੀਂ ਆਉਂਦਾ। ਕੀ ਅੱਜ ਦਾ ਮਨੁੱਖ ਵੀ ਆਪਣੇ ਦੁੱਖਾਂ-ਸੁੱਖਾਂ ਵਿਚ ਇਕੱਲਾ ਨਹੀਂ ਰਹਿ ਗਿਆ? ਕਿਉਂਕਿ ਸਾਰੇ ਸਮਾਜਿਕ ਸੰਬੰਧ ਵਿਉਪਾਰਿਕ ਰੂਪ ਧਾਰ ਗਏ ਹਨ।

ਮਾਂ ਦੇ ਆਖਣ ਅਨੁਸਾਰ ਉਹ ਮੋਈ ਮਾਂ ਦੇ ਕੰਨਾਂ ਵਿਚੋਂ ਮੁਰਕੀਆਂ ਨਹੀਂ ਲਾਹੁੰਦੇ ਪਰ ਰਾਤ ਨੂੰ ਭੁੱਖ ਤੋਂ ਲਾਚਾਰ ਹੋ ਕੇ ਉਹ ਮੁਰਕੀਆਂ ਕੱਢਣ ਤੁਰ ਪੈਂਦੇ

ਹਨ। ਪਰ ਕਬਰ ਪੁੱਟਣ ਜੋਗਾ ਬਲ ਉਹ ਇਕੱਠਾ ਨਹੀ ਕਰ ਸਕਦੇ ਤੇ ਉਸੇ ਤਰ੍ਹਾਂ ਘਰ ਨੂੰ ਪਰਤ ਆਉਂਦੇ ਹਨ।

ਇਥੇ ਲੇਖਕ ਅਤਿ ਕਲਾਮਈ ਢੰਗ ਨਾਲ ਦਸ ਗਿਆ ਹੈ ਕਿ ਮਨੁੱਖ ਨੂੰ ਹਾਲਾਤ ਕਿੰਨਾ ਵੀ ਕਠੋਰ ਕਿਉਂ ਨਾ ਬਣਾ ਦੇਣ ਉਸ ਦੇ ਅੰਦਰਲਾ ਮਨੁੱਖ ਕਦੇ ਨਾਂ ਕਦੇ ਜਾਗ ਪੈਂਦਾ ਹੈ। ਬਾਹਰ ਕਿੰਨਾ ਭੀ ਹਨੇਰਾ ਕਿਉਂ ਨਾਂ ਹੋਵੇ ਉਸ ਦੇ ਅੰਦਰਲੀ ਜੋਤ ਬੁਝ ਨਹੀਂ ਜਾਂਦੀ। ਇਸੇ ਲਈ ਰਹੀਮੂ ਅਤੇ ਕਰੀਮੂ ਮੋਈ ਮਾਂ ਦੀਆਂ ਮੁਰਕੀਆਂ ਨਹੀਂ ਲਾਹ ਸਕਦੇ।

ਪਰ ਬਾਹਰੀ ਵਿਕਾਸ ਦਾ ਸਿੱਟਾ ਜਦੋਂ ਮਨੁੱਖ ਨੇ ਸੰਸਾਰ ਯੁੱਧਾਂ ਦੀ ਸ਼ਕਲ ਵਿਚ ਵੇਖਿਆ ਤਾਂ ਉਹ ਵਿਗਿਆਨਿਕ ਤਰੱਕੀ ਨੂੰ ਵੀ ਭੈਭੀਤ ਹੋ ਕੇ ਵੇਖਦਾ ਹੈ। ਸੰਤੋਖ ਸਿੰਘ ਧੀਰ ਦੀ ਕਹਾਣੀ "ਕੋਈ ਇਕ ਸਵਾਰ" ਮਸ਼ੀਨੀ ਯੁੱਗ ਦੇ ਉਪਜਾਏ ਆਰਥਿਕ ਸੰਕਟ ਨੂੰ ਸਾਕਾਰ ਕਰਦੀ ਹੈ। ਬਾਰੂ ਸਵੇਰ ਹੋਣ ਤੋਂ ਪਹਿਲਾਂ ਹੀ ਤਾਂਗਾ ਅੱਡੇ ਵਿਚ ਲਿਆ ਖਲ੍ਹਾਰਦਾ ਹੈ ਤੇ ਕਿਸੇ ਇਕ ਸਵਾਰੀ ਲਈ ਹਾਕਾ ਮਾਰਦਾ ਹੈ ਤਾਂ ਜੋ ਸਵਾਰੀਆਂ ਸਮਝਣ ਕਿ ਉਸ ਦਾ ਤਾਂਗਾ ਤਾਂ ਭਰਿਆ ਹੈ ਤੇ ਚਲਣ ਹੀ ਵਾਲਾ ਹੈ।

ਪਹਿਰ ਮਗਰੋਂ ਕਿਤੇ ਸਵਾਰੀਆਂ ਮਿਲਦੀਆਂ ਹਨ ਪਰ ਐਨ ਉਸ ਵੇਲੇ ਬੱਸ ਆ ਜਾਂਦੀ ਹੈ ਤੇ ਸਾਰੀਆਂ ਸਵਾਰੀਆਂ ਤਾਂਗੇ ਵਿਚੋਂ ਉਤਰ ਕੇ ਬੱਸ ਵਿਚ ਜਾ ਚੜ੍ਹਦੀਆਂ ਹਨ। ਬਾਰੂ ਲੱਕ ਉੱਤੇ ਹੱਥ ਰਖ ਕੇ ਤਨ ਤੇ ਮਨ ਦੀ ਸਾਰੀ ਸਮਰੱਥਾ ਇਕੱਠੀ ਕਰ ਕੇ ਕਿਸੇ ਇਕ ਸਵਾਰ ਲਈ ਮੁੜ ਹਾਕ ਮਾਰਦਾ ਹੈ।

ਇਹ ਕਹਾਣੀ ਮਨੁੱਖ ਦੇ ਆਰਥਿਕ ਘੋਲ ਦੀ ਕਹਾਣੀ ਹੈ। ਕਿੱਡਾ ਦੁੱਦ ਹੈ। ਅੱਜ ਦੀ ਜ਼ਿੰਦਗੀ ਵਿਚ ਕਿ ਜਿਥੇ ਮਸ਼ੀਨਾਂ ਮਨੁੱਖ ਨੂੰ ਸੌਖਿਆਂ ਕਰਦੀਆਂ ਹਨ ਉਥੇ ਔਖਿਆਂ ਵੀ ਕਰਦੀਆਂ ਹਨ। ਕੁੰਦਨ ਬਾਰੂ ਨਾਲ ਲੜ ਪੈਂਦਾ ਹੈ। ਉਸ ਨੂੰ ਵੀ ਤਾਂ ਸਵਾਰੀਆਂ ਚਾਹੀਦੀਆਂ ਹਨ। ਉਸ ਨੇ ਵੀ ਤਾਂ ਟੱਬਰ ਪਾਲਣਾ ਹੈ।

ਇਸ ਤਰ੍ਹਾਂ ਇਹ ਕਹਾਣੀ ਮਸ਼ੀਨੀ ਯੁੱਗ ਦੇ ਮਨੁੱਖ ਦੀ ਬੇਬੱਸੀ ਦੀ ਉਸ ਦੇ ਤਿੱਖੇ ਆਰਥਿਕ ਘੋਲ ਦੀ ਤੇ ਇਸ ਘੋਲ ਵਿਚ ਟੁਟਦੇ ਮਨੁੱਖੀ ਰਿਸ਼ਤਿਆਂ ਦੇ ਸੰਕਟ ਨੂੰ ਉਲੀਕਦੀ ਹੈ।

ਬਾਰੂ ਦਾ ਮੁੜ ਕਿਸੇ ਇਕ ਸਵਾਰ ਲਈ ਹੋਕਾ ਲਾਉਣਾ ਕਹਾਣੀ ਨੂੰ ਨਿਰਾਸ਼ਾ ਵਿਚ ਡੁੱਬ ਜਾਣੋਂ ਬਚਾਉਂਦਾ ਹੈ। ਇਹ ਇਕ ਗੱਲ ਦਾ ਪ੍ਰਤੀਕ ਹੈ ਕਿ ਮਨੁੱਖ ਅਜੇ ਹਾਰਿਆ ਨਹੀਂ।

ਪੁਰਾਣੀਆਂ ਬੋਦੀਆਂ ਤੇ ਨਿਕੰਮੀਆਂ ਹੋ ਚੁੱਕੀਆਂ ਨੈਤਿਕ ਮਾਨਤਾਵਾਂ ਦਾ ਵਿਰੋਧ ਕਰਨ ਲਈ ਮੱਧ-ਵਰਗੀ ਜੀਵ ਨੇ ਮਨੋਵਿਗਿਆਨ ਦਾ ਸਹਾਰਾ ਲਿਆ, ਜਿਹੜਾ ਜੀਵਨ ਨੂੰ ਉਸ ਦੇ ਕੁਦਰਤੀ ਰੂਪ ਵਿਚ ਸਵੀਕਾਰ ਕਰਨ ਦੀ ਸਿਫ਼ਾਰਸ਼ ਕਰਦਾ ਹੈ। ਮਨੋਵਿਗਿਆਨ ਮਨੁੱਖ ਦੇ ਪ੍ਰਚੱਲਿਤ ਰਵਾਇਤੀ ਆਪੇ ਦੀਆਂ ਛਿਲੜਾਂ ਲਾਹ ਕੇ ਉਸ ਨੂੰ ਉਸ ਦੇ ਅਤਿ ਸੱਚੇ ਨੰਗੇ ਰੂਪ ਵਿਚ ਸਾਡੇ ਸਾਹਮਣੇ ਲਿਆਉਂਦਾ ਹੈ। ਇਸ ਤਰ੍ਹਾਂ ਮਨੁੱਖੀ ਹੋਂਦ ਦੇ ਕਈ ਨਵੇਂ ਧਰਾਤਲਾਂ ਦਾ ਪਹਿਲੀ ਵਾਰੀ ਚੇਤਨ ਰੂਪ ਵਿਚ ਮਨੁੱਖ ਨੂੰ ਅਹਿਸਾਸ ਹੋਇਆ। ਉਹ ਆਪਣੇ ਇਸ ਨੰਗੇਜ ਤੋਂ ਸ਼ਰਮਸਾਰ ਨਹੀਂ ਕਿਉਂਕਿ ਮਨੋਵਿਗਿਆਨ ਨੇ ਜਦੋਂ ਗੁਨਾਹਗਾਰ ਨੂੰ ਬਿਮਾਰ ਆਖਿਆ ਤਾਂ ਸਾਰੀਆਂ ਮਨੁੱਖੀ ਕੀਮਤਾਂ ਨੂੰ ਨਵੇਂ ਸਿਰਿਉਂ ਸੋਚਣ ਵਿਉਂਤਣ ਦੀ ਲੋੜ ਪੈ ਗਈ। ਡਾਕਟਰ ਮੋਹਨ ਸਿੰਘ ਦੀਵਾਨਾ ਦੀ ਕਹਾਣੀ 'ਰੂਪ ਵੱਡਾ ਕਿ ਰੱਬ' ਲੋਕ ਕਹਾਣੀਆਂ ਦੇ ਰੂਪ ਵਿਚ ਲਿਖੀ ਇਕ ਖ਼ੂਬਸੂਰਤ ਮਨੋਵਿਗਿਆਨਕ ਕਹਾਣੀ ਹੈ। ਪੰਜਾਬੀ ਵਿਚ ਕਰਤਾਰ ਸਿੰਘ ਦੁੱਗਲ, ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ, ਦੇਵਿੰਦਰ, ਸੁਖਬੀਰ, ਮਹਿੰਦਰ ਸਿੰਘ ਜੋਸ਼ੀ ਆਦਿ ਦੀਆਂ ਕਹਾਣੀਆਂ ਬਹੁਤ ਵਾਰੀ ਮਨੋਵਿਗਿਆਨਕ ਸੱਚ ਨੂੰ ਲੈ ਕੇ ਤੁਰਦੀਆਂ ਹਨ।

ਇਸ ਤਰ੍ਹਾਂ ਕਹਾਣੀ ਜਦੋਂ ਅਨੇਕ-ਅਰਥੀ ਮਨੁੱਖ ਦੀ ਕਹਾਣੀ ਕਹਿੰਦੀ ਹੈ ਤਾਂ ਪੂਰਨ ਪ੍ਰਗਟਾਉਣ ਦੀ ਖ਼ਾਤਰ ਚਿੰਨ੍ਹਾਂ, ਸੰਕੇਤਾਂ, ਰੇਖਾ-ਚਿੱਤਰ, ਡਾਇਰੀ, ਰਿਪੋਰਟ, ਕਾਵਿ-ਕਲਾ, ਸੰਗੀਤ, ਚਿੱਤਰਕਲਾ ਦੀਆਂ ਵਿਸ਼ੇਸ਼ਤਾਵਾਂ ਅਪਨਾਉਣ ਵੱਲ ਹੋ ਜਾਂਦੀ ਹੈ। ਅਨੇਕਾਂ ਵਾਰੀ ਲੇਖਕ ਸ਼ਬਦਾਂ ਦੇ ਪ੍ਰਚਲਿਤ ਅਰਥ ਤੋੜ ਕੇ ਉਨ੍ਹਾਂ ਨੂੰ ਨਵੇਂ ਅਰਥ ਦਿੰਦਾ ਹੈ।

VI

ਇਹ ਅੱਜ ਦੇ ਕਹਾਣੀਕਾਰ ਦੇ ਹੀ ਹਿੱਸੇ ਆਇਆ ਹੈ ਕਿ ਉਹ ਵਰਤਮਾਨ ਕਦਰਾਂ ਕੀਮਤਾਂ ਦੀ ਆਲੋਚਨਾ ਕਰਦਾ ਹੋਇਆ ਵਕਤ ਅਨੁਸਾਰ ਉਨ੍ਹਾਂ ਨੂੰ ਬਦਲਣ ਦੀ ਸਿਫ਼ਾਰਸ਼ ਵੀ ਕਰਦਾ ਹੈ। ਸਿਫ਼ਾਰਸ਼ ਹੀ ਨਹੀਂ ਕਰਦਾ ਸਗੋਂ ਕਦੇ ਕਦੇ ਇਨ੍ਹਾਂ ਦੀ ਨਿਰਾਰਥਕਤਾ ਤੋਂ ਘਬਰਾ ਕੇ ਵਿਦਰੋਹ ਤੱਕ ਵੀ ਲੈ ਜਾਂਦਾ ਹੈ। ਇਹ ਭਾਵਨਾ ਆਧੁਨਿਕ ਪੰਜਾਬੀ ਕਹਾਣੀਕਾਰਾਂ ਵਿਚੋਂ ਸੰਤ ਸਿੰਘ ਸੇਖੋਂ ਵਿਚ ਵਧੇਰੇ ਪ੍ਰਬਲ ਹੈ। ਉਹ ਆਪਣੀ ਪੁਸਤਕ "ਅੱਧੀ ਵਾਟ" ਦੀ ਭੂਮਿਕਾ ਵਿਚ ਲਿਖਦਾ ਹੈ—"ਮੈਂ ਆਪਣੇ ਪਾਠਕਾਂ ਅੱਗੇ ਅਜਿਹੇ ਕਿਰਤੀ ਕਿਰਸਾਣ ਦੇ ਚਿੱਤਰ ਨਹੀਂ ਰਖਣਾ ਚਾਹੁੰਦਾ ਜਿਹੜੇ ਉਨ੍ਹਾਂ ਪਾਸੋਂ ਦਇਆ ਦੀ ਮੰਗ ਕਰਨ—ਮੈਨੂੰ ਆਸ ਉਨ੍ਹਾਂ ਲੋਕਾਂ ਤੋਂ ਹੈ ਜੋ ਆਪਣਾ ਭੁੱਖਾ ਢਿੱਡ ਘੁੱਟ ਕੇ ਆਣੇ ਪਾਪਟੇ ਕਪੜਿਆਂ ਨੂੰ ਸੀ ਕੇ, ਟਾਕੀ ਲਾ ਕੇ ਆਪਣਾ ਨੰਗ ਢੱਕਦੇ ਹਨ, ਪਰ ਜੋ ਅਜਿਹਾ ਕਰਦੇ ਹੋਏ ਦੰਦ ਵੱਟ ਕੇ ਆਪਣੇ ਦੁਸ਼ਮਣ ਵੱਲ

ਕਿਸੇ ਪੱਕੇ ਇਰਾਦੇ ਨਾਲ ਤੱਕਦੇ ਹਨ । ਜਿਨ੍ਹਾਂ ਦੇ ਮਨਾਂ ਵਿਚ ਰੋਸ ਹੈ, ਰੋਹ ਹੈ ਤੇ ਜੋ ਮਰਦੇ ਢਹਿੰਦੇ ਆਪਣੇ ਦੁਸ਼ਮਣਾਂ ਉੱਤੇ ਵਾਰ ਕਰਦੇ ਹਨ ।"

ਇਸ ਭਾਂਤ ਦੇ ਵਿਦਰੋਹ ਵੱਲ ਕਦੇ ਜ਼ਾਹਰਾ ਤੇ ਕਦੇ ਸੰਕੇਤ ਰੂਪ ਵਿਚ ਸਾਡੇ ਸਾਰੇ ਹੀ ਕਹਾਣੀਕਾਰ ਇਸ਼ਾਰਾ ਕਰਦੇ ਹਨ । ਅੰਮ੍ਰਿਤਾ ਪ੍ਰੀਤਮ ਦੀ ਕਹਾਣੀ "ਕੰਜਕ" ਅਜਿਹੇ ਹੀ ਇਕ ਵਿਦਰੋਹ ਨੂੰ ਬੜੇ ਕਲਾਮਈ ਢੰਗ ਨਾਲ ਸਾਹਮਣੇ ਲਿਆਉਂਦੀ ਹੈ ।

ਇਸ ਤਰ੍ਹਾਂ ਅੱਜ ਦੀ ਕਹਾਣੀ ਮਨੁੱਖ ਦੇ ਜੀਵਨ ਅਤੇ ਜਗਤ ਨਾਲ ਵਧੇਰੇ ਸੱਚੇ ਖ਼ੂਬਸੂਰਤ ਤੇ ਤੰਦਰੁਸਤ ਰਿਸ਼ਤਿਆਂ ਦੀ ਸੰਭਾਵਨਾ ਵੱਲ ਸੰਕੇਤ ਕਰਦੀ ਹੈ ।

VII

ਪੰਜਾਬੀ ਕਹਾਣੀ ਭਾਵੇਂ ਕਾਫ਼ੀ ਮੰਜ਼ਲਾਂ ਤੈਅ ਕਰਕੇ ਆਧੁਨਿਕ ਝੁਕਾਵਾਂ ਦੀ ਧਾਰਨੀ ਬਣੀ ਹੈ ਫਿਰ ਵੀ ਇਸ ਨੇ ਚੈਖਵ, ਗੋਰਕੀ, ਥਾਮਸ ਮਾਨ, ਡੀ. ਐਚ. ਲਾਰੰਸ, ਜੇਮਜ਼ ਜਾਇਸ, ਹੈਨਰੀ ਜੇਮਜ਼, ਹੈਮਿੰਗਵੇ, ਕੈਥਰੀਨ ਮੈਨਸਫੀਲਡ, ਫਾਕਨਰ, ਕਾਮੂ, ਟੈਗੋਰ, ਸ਼ਰਤਚੰਦਰ ਆਦਿ ਲੇਖਕਾਂ ਦੀਆਂ ਲਿਖਤਾਂ ਵੱਲ ਧਿਆਨ ਦੇਣਾ ਹੈ ਕਿ ਕਿਵੇਂ ਉਨ੍ਹਾਂ ਨੇ ਕਹਾਣੀ ਨੂੰ ਮਨੁੱਖ ਰਾਹੀਂ ਮਨੁੱਖਤਾ ਤੇ ਮਨੁੱਖਤਾ ਰਾਹੀਂ ਮਨੁੱਖ ਦੀ ਗੱਲ ਕਰਨ, ਤੱਥ ਵਿਚੋਂ ਸੱਚ ਲੱਭਣ ਦੇ ਸਮਰੱਥ ਬਣਾ ਕੇ, ਰੂਪ ਦੀ ਨਿਪੁੰਨਤਾ ਤੀਕ ਪਹੁੰਚਾਇਆ ਹੈ ।

ਅੱਜ ਵੀ ਜਰਮਨ ਲੇਖਕ ਹਰਮਨ ਹੈਸ (Herman Hasse) ਤੇ ਭਾਰਤੀ ਲੇਖਕ ਰਾਜਾ ਰਾਓ ਵਰਗੇ ਰੂਹ ਦੀ ਤਲਾਸ਼ ਦੀਆਂ ਕਹਾਣੀਆਂ ਲਿਖਣ ਵਾਲੇ, ਐਚ. ਜੀ. ਵੇਲਜ਼ (H.G. Wells) ਵਿਗਿਆਨਿਕ ਗਲਪਕਾਰ, ਆਸਟਰੀਆ ਦੇ ਕਾਫਕਾ (Kafka) ਵਰਗੇ ਕਥਾ ਨਿਰਮਾਤਾ, ਜੇਮਜ਼ ਥਰਬਰ (James Therber) ਵਰਗੇ ਹਸਾਉਣੀਆਂ ਕਹਾਣੀਆਂ ਲਿਖਣ ਵਾਲੇ, ਡੀ. ਐਚ. ਲਾਰੈਂਸ (D.H. Lawerence) ਤੇ ਹੈਮਿੰਗਵੇ (Hemingway) ਵਰਗੇ ਸੂਖਮ ਪ੍ਰਤੀਕਾਂ ਰਾਹੀਂ ਕਹਾਣੀ ਕਹਿਣ ਵਾਲੇ ਕਲਾਕਾਰਾਂ ਦੀ ਪੰਜਾਬੀ ਵਿਚ ਥੋੜ੍ਹ ਮਹਿਸੂਸ ਹੋ ਰਹੀ ਹੈ ।

ਫਿਰ ਵੀ ਵਿਸ਼ੇ ਤੇ ਟੈਕਨੀਕ ਦੇ ਪੱਖੋਂ ਜੋ ਤਜਰਬੇ ਅੱਜ ਦੇ ਨਵੇਂ ਲੇਖਕ ਜਿਵੇਂ ਕਿ ਅਜੀਤ ਕੌਰ, ਗੁਲਜ਼ਾਰ ਸੰਧੂ, ਜਸਵੰਤ ਸਿੰਘ ਵਿਰਦੀ, ਪ੍ਰੇਮ ਪ੍ਰਕਾਸ਼, ਕੇਵਲ ਸੂਦ, ਗੁਰਦੇਵ ਸਿੰਘ ਰੁਪਾਣਾ, ਰਵਿੰਦਰ ਰਵੀ ਆਦਿ ਕਰ ਰਹੇ ਹਨ, ਉਹ ਪੰਜਾਬੀ ਕਹਾਣੀ ਦੇ ਉਜਲੇ ਭਵਿੱਖ ਦੀ ਆਸ ਬੰਨ੍ਹਾਉਂਦੇ ਹਨ ।

ਦਲੀਪ ਕੌਰ ਟਿਵਾਣਾ

ਚਰਨ ਸਿੰਘ ਸ਼ਹੀਦ

ਠਾਣੇਦਾਰੀ

ਇਕ ਸਿਪਾਹੀ ਸਾਡੇ ਅੱਗੇ ਸੀ ਤੇ ਇਕ ਪਿੱਛੇ, ਹੱਥ ਵਿਚ ਸੀ ਹੰਟਰ, ਪੱਗ ਦਾ ਤੁੱਰ੍ਹਾ ਆਸਮਾਨ ਨੂੰ ਸੈਨਤਾਂ ਮਾਰਦਾ ਸੀ, ਹੱਟੀਆਂ ਵਾਲੇ ਲੋਕ ਤੇ ਬਜ਼ਾਰਾਂ ਵਿਚ ਤੁਰੇ ਜਾਂਦੇ ਰਾਹੀਂ ਝੁਕ ਝੁਕ ਕੇ ਤੇ ਉੱਠ ਉੱਠ ਕੇ ਸਾਡਾ ਅਦਬ ਕਰਦੇ ਸਨ, ਕਿਉਂਕਿ ਅਸੀਂ ਠਾਣੇਦਾਰ ਸਾਂ।

ਓਵੇਂ ਹੀ ਇਕ ਪਾਸਿਓਂ ਚੀਕ-ਚਿਹਾੜੇ ਜਿਹੇ ਦੀ ਵਾਜ ਆਈ। ਅਸਾਂ ਨਜ਼ਰ ਚੁੱਕ ਕੇ ਦੇਖਿਆ ਤਾਂ ਇਕ ਗਲੀ ਵਿਚ ਲੋਕਾਂ ਦੀ ਭੀੜ ਲੱਗੀ ਹੋਈ ਸੀ। ਅਸੀਂ ਸਿਪਾਹੀ ਨੂੰ ਸੈਨਤ ਕੀਤੀ। ਉਸ ਨੇ ਦੋ ਹੰਟਰ ਐਧਰ, ਦੋ ਧੱਕੇ ਔਧਰ ਮਾਰੇ ਤੇ ਸਾਡੇ ਲਈ ਰਸਤਾ ਸਾਫ਼ ਕਰ ਦਿੱਤਾ। ਲੋਕ ਕਹਿਣ ਲਗ ਪਏ, ਲਓ ਠਾਣੇਦਾਰ ਸਾਹਿਬ ਆ ਗਏ, ਹਟ ਜਾਓ, ਠਾਣੇਦਾਰ ਜੀ ਆ ਗਏ...

ਇਕ ਆਦਮੀ ਨੇ ਸਾਨੂੰ ਵੇਂਹਦਿਆਂ ਹੀ ਡਾਡਾਂ ਮਾਰ ਕੇ ਕਿਹਾ, "ਠਾਣੇਦਾਰ ਜੀ, ਵੇਖੋ ਕਿਸੇ ਨੇ ਆਪਣਾ ਕੁੱਤਾ ਖੁਲ੍ਹਾ ਛਡਿਆ ਹੋਇਆ ਹੈ, ਮੈਨੂੰ ਇਹਨੇ ਚੱਕ ਮਾਰ ਕੇ ਲਹੂ ਕੱਢ ਦਿੱਤਾ, ਕੋਟ ਪਾੜ ਦਿੱਤਾ ਤੇ ਪਜਾਮਾ ਲੀਰਾਂ ਲੀਰਾਂ ਕਰ ਦਿੱਤਾ ਹੈ, ਮੈਂ ਗਰੀਬ ਆਦਮੀ ਹਾਂ, ਰੱਬ ਦੇ ਵਾਸਤੇ ਮੇਰਾ ਨਿਆਂ ਕਰੋ..."

ਸਾਡੀ ਭੀ ਉਸ ਵੇਲੇ ਇਨਸਾਫ਼ ਦੀ ਰਗ ਭੜਕ ਉੱਠੀ ਤੇ ਸਿਪਾਹੀ ਨੂੰ ਸੈਨਤ ਕਰ ਕੇ ਕਿਹਾ, "ਫ਼ਜ਼ਤਦੀਨਾ, ਇਸ ਕੁੱਤੇ ਨੂੰ ਫੜ ਕੇ ਜਕੜ ਲੈ ਤੇ ਠਾਣੇ ਲੈ ਚਲ, ਬੇਵਕੂਫ਼ ਲੋਕ ਜ਼ਰਾ ਅਕਲ ਨਹੀਂ ਕਰਦੇ, ਪਿਓ ਵਾਲੇ ਕੁੱਤੇ ਤਾਂ ਰਖ ਲੈਂਦੇ ਹਨ ਪਰ ਉਨ੍ਹਾਂ ਨੂੰ ਸੰਭਾਲ ਕੇ ਨਹੀਂ ਬੱਧਾ ਜਾਂਦਾ...ਜਿਸ ਦਾ ਇਹ ਕੁੱਤਾ ਹੈ ਮੈਂ ਉਸ ਨੂੰ ਹਰਗਿਜ਼ ਹਰਗਿਜ਼ ਨਹੀਂ ਛੱਡਣਾ, ਉਸ ਦਾ ਚਲਾਨ ਕੀਤਾ ਜਾਵੇਗਾ, ਮੈਂ ਉਸ ਨੂੰ ਅਦਾਲਤ ਤੋਂ ਸਜ਼ਾ ਨਾ ਦੁਆਵਾਂ ਤਾਂ ਮੈਨੂੰ ਠਾਣੇਦਾਰ ਨਾ ਕਹਿਣਾ ਤੇ ਹਾਂ ਭਾਈ, ਤੇਰਾ ਜੋ ਨੁਕਸਾਨ ਇਸ ਨੇ ਕੀਤਾ ਹੈ, ਉਸ ਦਾ ਹਰਜਾਨਾ ਭੀ ਪੂਰਾ ਦੁਆਵਾਂਗੇ ਤੇ ਇਸ ਕੁੱਤੇ ਨੂੰ ਗੋਲੀ ਮਾਰ ਦਿਆਂਗੇ... ਕਿਉਂ ਬਈ ਲੋਕੋ! ਕਿਸੇ ਨੂੰ ਕੁਝ ਪਤਾ ਹੈ ਇਹ ਕੁੱਤਾ ਕੀਹਦਾ ਏ?"

ਸਾਡਾ ਦਿਲ ਬੜਾ ਖੁਸ਼ ਸੀ ਕਿ ਸ਼ੁਕਰ ਹੈ ਕੋਈ ਬਹਾਨਾ ਦੌਂਹ-ਚੌਂਹ ਭਲੇ-ਮਾਣਸਾਂ ਨੂੰ ਠਾਣੇ ਬੁਲਾ ਕੇ ਝਾੜ ਝਪਾੜ ਕਰਨ ਦਾ ਹਥ ਲੱਗਾ। ਉਸੇ ਵੇਲੇ ਕਿਸੇ ਨੇ ਭੀੜ ਵਿਚੋਂ ਕਿਹਾ ਕਿ "ਜੀ, ਮੇਰਾ ਖ਼ਿਆਲ ਹੈ ਕਿ ਇਹ ਕੁੱਤਾ ਡਿਪਟੀ ਕਮਿਸ਼ਨਰ ਸਾਹਿਬ ਦਾ ਹੈ..."

ਅਸੀਂ ਇਕਦਮ ਭੁੜਕ ਉੱਠੇ, 'ਓਇ ਫ਼ਜ਼ਲਦੀਨਾ, ਦੇਖੀਂ ਓਇ ਕਿਤੇ ਏਦ੍ਹਾ ਗਲ ਨਾ ਘੁੱਟ ਦਈਂ, ਹੈਂ ? ਇਹ ਕੁੱਤਾ ਡਿਪਟੀ ਕਮਿਸ਼ਨਰ ਸਾਹਿਬ ਦਾ ਹੈ ?... ਲੋਕ ਭੀ ਕਿੱਡੇ ਪਾਗ਼ਲ ਨੇ, ਹਾਕਮਾਂ ਦੇ ਕੁੱਤਿਆਂ ਨਾਲ ਛੇੜ ਛਾੜ ਕਰਦੇ ਰਹਿੰਦੇ ਨੇ (ਦੂਜੇ ਸਿਪਾਹੀ ਨੂੰ) ਓਇ ਜੈ ਚੰਦ, ਇਸ ਆਦਮੀ ਨੂੰ ਗ੍ਰਿਫ਼ਤਾਰ ਕਰ ਲੈ ਜੋ ਕਹਿੰਦਾ ਏ ਕਿ ਮੈਨੂੰ ਕੁੱਤੇ ਨੇ ਵੱਢਿਆ ਏ... ਇਸ ਬੇਈਮਾਨ ਨੇ ਜ਼ਰੂਰ ਕੁੱਤੇ ਨੂੰ ਸੋਟੀ ਮਾਰੀ ਹੋਣੀ ਏਂ, ਇਸ ਨੂੰ ਚਲ ਕੇ ਹਵਾਲਾਤ ਦੇ ਦੇਹ, ਇਸ ਦਾ ਚਲਾਨ ਮੁਰੱਤਬ ਕਰਕੇ ਅਦਾਲਤ ਵਿਚ ਪੇਸ਼ ਕਰਾਂਗੇ ਤੇ ਮਜ਼ਾ ਚਖਾਵਾਂਗੇ ਕਿ ਬੇਜ਼ਬਾਨ ਜਾਨਵਰਾਂ ਨੂੰ ਕਿੱਦਾਂ ਮਾਰੀਦਾ ਹੈ...।" ਉਹ ਆਦਮੀ ਵਿਚਾਰਾ ਕੰਬਣ ਲਗ ਪਿਆ।

ਪਾਸੋਂ ਇਕ ਆਦਮੀ ਬੋਲ ਉਠਿਆ, "ਹਜ਼ੂਰ ਮੈਂ ਤਾਂ ਸਮਝਦਾ ਹਾਂ ਕਿ ਇਹ ਕੁੱਤਾ ਡਿਪਟੀ ਕਮਿਸ਼ਨਰ ਸਾਹਿਬ ਦਾ ਨਹੀਂ......ਉਨ੍ਹਾਂ ਦੇ ਕੁੱਤੇ ਤਾਂ ਪਨੀਅਰ ਨੇ, ਇਹ ਕੁੱਤਾ ਤਾਂ ਕਿਸੇ ਸ਼ਹਿਰੀ ਵਪਾਰੀ ਦਾ ਹੈ।"

ਅਸੀਂ ਫੌਰਨ ਸੁਚੇਤ ਹੋ ਗਏ ਤੇ ਕਿਹਾ, "ਬੇਸ਼ੱਕ, ਇਹ ਕੁੱਤਾ ਡੀ.ਸੀ. ਸਾਹਿਬ ਦਾ ਨਹੀਂ ਹੋ ਸਕਦਾ, ਹਰਗਿਜ਼ ਨਹੀਂ, ਫ਼ਜ਼ਲਦੀਨਾ, ਵੇਖੀਂ ਕੁੱਤੇ ਨੂੰ ਨਾ ਛੱਡੀਂ, ਇਸ ਦੇ ਮਾਲਕ ਨੂੰ ਹੱਥਕੜੀ ਨਾ ਲਾਈ ਤਾ ਕਹਿਣਾ...ਤੇ ਓ ਭਾਊ ਕੁੱਤੇ ਵੱਢਿਆ, ਤੂੰ ਫ਼ਿਕਰ ਨਾ ਕਰ, ਤੇਰਾ ਹਰਜਾਨਾ ਪੂਰਾ ਮਿਲੂ।"

ਓਸੇ ਵੇਲੇ ਜੈ ਚੰਦ ਬੋਲ ਉਠਿਆ, "ਹਜ਼ੂਰ ਜੀ, ਮੈਂ ਤਾਂ ਇਹ ਕੁੱਤਾ ਇਕ ਵਾਰੀ ਕਪਤਾਨ ਸਾਹਿਬ ਦੇ ਨਾਲ ਜਾਂਦਾ ਦੇਖਿਆ ਸੀ...।"

ਅਸੀਂ ਇਕਦਮ ਘਬਰਾ ਗਏ, "ਹੈਂ ? ਕਪਤਾਨ ਸਾਹਿਬ ਦੇ ਨਾਲ ?...ਓਇ ਫ਼ਜ਼ਲਦੀਨਾ, ਲਿਆਈਂ ਔਹ ਸਾਮ੍ਹਣੀ ਹੱਟੀਓਂ ਇਕ ਵਧੀਆ ਜਿਹਾ ਪਟਾ, ਲਿਆ ਕੇ ਇਹਨੂੰ ਪਾ, ਤੇ ਜੈ ਚੰਦ ਤੂੰ ਇਹਦੇ ਵਾਸਤੇ ਨੱਥੂ ਹਲਵਾਈ ਪਾਸੋਂ ਬਾਟੀ ਦੁੱਧ ਦੀ ਭਰਾ ਲਿਆ...ਉਹ ਕਪਤਾਨ ਸਾਹਿਬ ਦੇ ਕੁੱਤੇ ਨੂੰ ਛੇੜਦੇ ਫਿਰਦੇ ਨੇ ਮਜ਼ਾ ਨਾ ਚਖਾ ਦਿਆਂ ਤਾਂ ਠਾਣੇਦਾਰ ਕਾਹਦਾ ਹੋਇਆ ?...ਓਇ, ਇਸ ਨੂੰ ਹੁਣੇ ਕਪਤਾਨ ਸਾਹਿਬ ਪਾਸ ਲੈ ਜਾਵਾਂਗਾ ਤੇ ਨਾਲੇ ਉਸ ਬੇਈਮਾਨ ਨੂੰ ਲਾ ਦੇ ਹੱਥਕੜੀ, ਲੁੱਚਾ

ਕਿਤੋਂ ਦਾ, ਕਹਿੰਦਾ ਏ ਮੈਨੂੰ ਕੁੱਤੇ ਨੇ ਵੱਢਿਆ ਏ ਚੋਰ ਨਾ ਹੋਵੇ ਤਾਂ...ਆਪ ਕਪਤਾਨ ਸਾਹਿਬ ਦਾ ਕੁੱਤਾ ਚੁਰਾ ਲਿਆਇਆ ਏ... ਬੱਚੂ ਦੋ ਸਾਲ ਕੈਦ ਨਾ ਕਰਾਵਾਂ ਤਾਂ ?"

ਦਿਲੋਂ ਅਸੀਂ ਬੜੇ ਖੁਸ਼ ਸਾਂ ਕਿ ਹੁਣ ਕਪਤਾਨ ਸਾਹਿਬ ਸਾਡਾ ਸ਼ੁਕਰੀਆ ਅਦਾ ਕਰਨਗੇ। ਮੁਮਕਿਨ ਹੈ ਉਨ੍ਹਾਂ ਦੀ ਮੇਮ ਸਾਹਿਬ ਦਾ ਇਹ ਬਹੁਤ ਪਿਆਰਾ ਕੁੱਤਾ ਹੋਵੇ।

ਉਸੇ ਵੇਲੇ ਕਪਤਾਨ ਸਾਹਿਬ ਦਾ ਖ਼ਾਨਸਾਮਾ ਓਧਰੋਂ ਦੀ ਲੰਘਿਆ। ਅਸੀਂ ਝੱਟ ਵਾਜ ਮਾਰੀ ਤੇ ਖ਼ੁਸ਼ਾਮਦ ਨਾਲ ਕਿਹਾ, "ਖ਼ਾਂ ਸਾਹਿਬ! ਜ਼ਰਾ ਦੇਖੋ ਤਾਂ ਸਹੀ, ਅਸੀਂ ਕਪਤਾਨ ਸਾਹਿਬ ਦੇ ਕੁੱਤੇ ਦੀ ਰਾਖੀ ਕਰਦੇ ਕਰਦੇ ਮਰ ਗਏ ਆਂ, ਤੁਹਾਨੂੰ ਖ਼ਬਰ ਈ ਨਹੀਂ !"

ਖ਼ਾਨਸਾਮੇ ਨੇ ਕੋਲ ਆ ਕੇ ਕੁੱਤੇ ਨੂੰ ਵੇਖ ਕੇ ਕਿਹਾ, "ਕੌਣ ਕਹਿੰਦਾ ਏ ਕਿ ਇਹ ਕੁੱਤਾ ਕਪਤਾਨ ਸਾਹਿਬ ਦਾ ਹੈ ?... ਕਪਤਾਨ ਸਾਹਿਬ ਦੇ ਕੁੱਤੇ ਏਦਾਂ ਅਵਾਰਾ ਨਹੀਂ ਫਿਰਦੇ...।"

ਸਾਡੀਆਂ ਆਸਾਂ ਉਤੇ ਮਾਨੋਂ ਪਾਣੀ ਪੈ ਗਿਆ ਤੇ ਦੰਦੀਆਂ ਕਚੀਚ ਕੇ ਕਿਹਾ, "ਓ ਫ਼ਜ਼ਲਦੀਨਾ! ਲੈ ਚੱਲ ਇਸ ਨੂੰ ਠਾਣੇ। ਮੈਂ ਪੂਰਾ ਇਨਸਾਫ਼ ਕਰਾਵਾਂਗਾ... ਇਸ ਕੁੱਤੇ ਦੇ ਮਾਲਕ ਨੂੰ ਮਜ਼ਾ ਨਾ ਚਖਾਇਆ, ਤਾਂ ਠਾਣੇਦਾਰੀ ਕਰਨੀ ਛੱਡ ਦਿਆਂਗਾ......ਲੈ ਭਾਈ, ਸਾਡਾ ਇਲਾਕਾ ਨਾ ਹੋਇਆ, ਮਖ਼ੌਲ ਹੋ ਗਿਆ,...... ਜਿਦ੍ਹਾ ਜੀਅ ਕਰਦਾ ਏ ਕੁੱਤੇ ਛੱਡ ਦਿੰਦਾ ਏ......ਇਸ ਵਿਚਾਰੇ ਗ਼ਰੀਬ ਦਾ ਕੋਟ ਪਾੜ ਸੁੱਟਿਆ ਸੂ।"

ਫ਼ਜ਼ਲਦੀਨ ਨੇ ਕੁੱਤੇ ਨੂੰ ਘਸੀਟਣਾ ਸ਼ੁਰੂ ਕਰ ਦਿੱਤਾ, ਤੇ ਅਸੀਂ ਵੀ ਉਸ ਮਜ਼ਲੂਮ ਆਦਮੀ ਦੀ ਪਿੱਠ ਤੇ ਥਾਪੀ ਮਾਰ ਕੇ ਆਪਣੇ ਇਨਸਾਫ਼ ਦੇ ਗੁਣ ਗਾਉਂਦੇ ਹੋਏ ਨਾਲ ਤੁਰ ਪਏ। ਲੋਕਾਂ ਦੀ ਚੋਖੀ ਭੀੜ ਸਾਡੇ ਮਗਰ ਸੀ......। ਪਲ ਮਗਰੋਂ ਸਾਹਮਣੇ ਪਾਸਿਓਂ ਇਕ ਮੋਟਰ ਹੌਲੀ ਹੌਲੀ ਆਈ। ਅਸੀਂ ਰਾਇ ਬਹਾਦਰ ਲਾਲਾ ਮੁਰਲੀ ਮਨੋਹਰ ਜੀ ਨੂੰ ਪਛਾਣ ਕੇ ਕਿਹਾ, "ਰਾਇ ਸਾਹਿਬ ਬੰਦਗੀ !" ਉਨ੍ਹਾਂ ਨੇ ਪੁਛਿਆ, "ਕਿਉਂ ਜੀ, ਕੋਈ ਨਵੀਂ ਵਾਰਦਾਤ ਹੋਈ ਏ ?" ਅਸੀਂ ਕਿਹਾ, "ਰਾਇ ਸਾਹਿਬ! ਕੀ ਦੱਸੀਏ ਅਹਿਮਕ ਲੋਕ ਆਪਣੇ ਕੁੱਤੇ ਆਵਾਰਾ ਛੱਡ ਦਿੰਦੇ ਨੇ ਤੇ ਉਹ ਲੋਕਾਂ ਨੂੰ ਵੱਢਦੇ ਫਿਰਦੇ ਨੇ...।"

ਉਸ ਵੇਲੇ ਰਾਇ ਸਾਹਿਬ ਦੇ ਪੁੱਤਰ ਦੀ ਨਜ਼ਰ ਕੁੱਤੇ ਤੇ ਪਈ ਤੇ ਉਹ ਚੀਕ ਉੱਠਿਆ, "ਓ, ਓ, ਇਹ ਤਾਂ ਸਾਡਾ ਡੱਬੂ ਏ...ਡੱਬੂ ਡੱਬੂ, ਪੁੱਚ ਪੁੱਚ ਪੁੱਚ।"

ਅਸੀਂ ਹੈਰਾਨ ਪਰੇਸ਼ਾਨ ਰਹਿ ਗਏ ਤੇ ਝਟਪਟ ਹੋਸ਼ ਸੰਭਾਲ ਕੇ ਕਿਹਾ, "ਹੱਲਾ! ਇਹ ਕੁੱਤਾ ਤੁਹਾਡਾ ਏ ? ਓਇ ਫਜ਼ਲਦੀਨਾ, ਕੁੱਤੇ ਨੂੰ ਮੋਟਰ ਵਿਚ ਬਿਠਾ ਦੇ......ਦੇਖੋ ਨਾ ਰਾਇ ਸਾਹਿਬ, ਅਸੀਂ ਹੋਏ ਤੁਹਾਡੇ ਦਾਸ, ਕਿਸੇ ਹੋਰ ਦੇ ਹੱਥ ਕੁੱਤਾ ਆ ਜਾਂਦਾ ਤਾਂ ਹੁਣ ਤਕ ਜ਼ਰੂਰ...ਹੁਣ ਤਕ ਜ਼ਰੂਰ...ਖੈਰ ਏਦਾਂ ਖੁਲ੍ਹਾ ਨਾ ਛੱਡਿਆ ਕਰੋ...ਤੇ ਭੱਜ ਜਾ ਓਇ ਭਾਗਿਆ ਨਾਜ਼ਕਾ, ਅਖੇ ਕੁੱਤੇ ਨੇ ਵੱਢਿਆ ਏ... ਇਹ ਸ਼ਰੀਫ਼ਾਂ ਦਾ ਸ਼ਰੀਫ਼ ਕੁੱਤਾ ਵਿਚਾਰਾ ਕਿਸੇ ਨੂੰ ਵੱਡਣ ਜੋਗਾ ਏ ? ਦੌੜ ਜਾ, ਨਹੀਂ ਤਾਂ...।" ਰਾਇ ਬਹਾਦਰ ਹੁਰਾਂ ਨੇ ਸਾਡਾ ਧੰਨਵਾਦ ਕੀਤਾ ਤੇ ਅਸੀਂ ਹੰਟਰ ਹਿਲਾਉਂਦੇ ਹੋਏ ਲੈਫ਼ਟ-ਰਾਈਟ, ਲੈਫ਼ਟ-ਰਾਈਟ, ਕੁਇਕ ਮਾਰਚ ਹੋ ਗਏ...।

ਗੁਰਬਖ਼ਸ਼ ਸਿੰਘ

ਚੰਡੀ ਦਾਸ

''ਟਨਨ—ਟਨਾਂ—ਨਨਾ—ਟਨ।''

ਇਕ ਸ਼ੋਭਨੀਕ ਮੰਦਰ ਵਿਚ ਸਵੇਰ ਦੀ ਪੂਜਾ ਹੋ ਰਹੀ ਹੈ। ਭੱਦਰ ਲੋਕ ਮੰਦਰ ਵਿਚ ਪ੍ਰੋਹਤ ਜੀ ਦੇ ਆਸ ਪਾਸ ਪੂਜਾ ਵਿਚ ਖੜੇ ਹਨ। ਪਰ ਮੰਦਰ ਦੇ ਬਾਹਰਵਾਰ ਪੌੜੀਆਂ ਹੇਠਾਂ ਵੀ ਕੁੱਝ ਤੀਵੀਆਂ ਮਰਦ ਮੰਦਰ ਦੀਆਂ ਕੰਧਾਂ ਵੱਲ ਹੱਥ ਜੋੜੀ ਸਨਿਮਰ ਸ਼ਰਧਾ ਵਿਚ ਖੜੋਤੇ ਹਨ। ਕਈ ਚਿਰਾਕੇ ਆਉਣ ਵਾਲੇ ਭੱਦਰ ਲੋਕ ਇਨ੍ਹਾਂ ਬਾਹਰ ਖੜੋਤਿਆਂ ਦੇ ਕੋਲੋਂ ਦੀ ਕੰਨੀਆਂ ਸਾਂਭ ਕੇ, ਹੱਥ ਛਿਣਕ ਕੇ, ਮੱਥੇ ਤਿਉੜੀ ਪਾ ਕੇ ਅੰਦਰ ਜਾ ਰਹੇ ਹਨ। ਇਹ ਆਪ ਵੀ ਆਉਣ ਵਾਲੇ ਲਈ ਦੂਰੋਂ ਹੀ ਪਰ੍ਹਾਂ ਹੋ ਕੇ ਰਾਹ ਛੱਡ ਦਿੰਦੇ ਹਨ। ਇਨ੍ਹਾਂ ਦੇ ਮੂੰਹਾਂ ਉਤੇ ਸਹਿਮ ਤੇ ਨੀਚਤਾ ਦੇ ਵਿਸ਼ਵਾਸ਼ ਦੀਆਂ ਲਕੀਰਾਂ ਹਨ।

ਪੂਜਾ ਸੰਪੂਰਣ ਹੋਈ। ਮੰਦਰ ਦੇ ਯੁਵਕ ਸ਼ਿਸ਼ ਠਾਕਰ ਚੰਡੀ ਦਾਸ ਦੇਵੀ ਮਾਤਾ ਦੇ ਫੁੱਲ ਝੋਲੀ ਵਿਚ ਪਾਈ ਬਾਹਰ ਆਉਂਦੇ ਹਨ, ਤੇ ਪੌੜੀ ਉੱਤੇ ਖਲੋ ਕੇ ਹੱਥ ਨੀਵਾਂ ਕਰ ਕੇ ਬਾਹਰ ਖੜੋਤੇ ਸ਼ਰਧਾਲੂਆਂ ਨੂੰ ਇਕ ਇਕ, ਦੋ ਦੋ ਫੁੱਲਾਂ ਦਾ ਪ੍ਰਸ਼ਾਦ ਦਿੰਦੇ ਹਨ। ਪਰੇਰੇ ਜਿਹੇ ਕਰਕੇ ਇਕ ਮੁਟਿਆਰ ਕੁੜੀ ਝਾੜੂ ਹੱਥ ਵਿਚ ਫੜੀ, ਚੌੜੀਆਂ ਸ਼ਰਧਾ ਭਰਪੂਰ ਅੱਖਾਂ ਵਿਚੋਂ ਠਾਕਰ ਚੰਡੀ ਦਾਸ ਵੱਲ ਵੇਖ ਰਹੀ ਹੈ। ਠਾਕਰ ਦੀ ਝੋਲੀ ਛੋਟੀ ਹੁੰਦੀ ਜਾਂਦੀ ਹੈ, ਪਰ ਕੁੜੀ ਦੇ ਅਗੇਰੇ ਅਜੇ ਹੋਰ ਮਰਦ ਹਨ। ਨਿਰਾਸ਼ ਜਿਹੀ ਆਵਾਜ਼ ਵਿਚ ਉਹ ਆਂਹਦੀ ਹੈ! ''ਠਾਕਰ ਜੀ, ਕੀ ਮੈਨੂੰ ਅੱਜ ਪ੍ਰਸ਼ਾਦ ਨਹੀਂ ਮਿਲੇਗਾ?''

ਸ਼ਿਸ਼ ਦਾ ਹੱਥ ਰੁਕ ਜਾਂਦਾ ਹੈ। ਉਸੇ ਵੇਲੇ ਅੰਦਰੋਂ ਭੱਦਰ ਲੋਕਾਂ ਦੀ ਬਾਹਰ ਆਵਾਜਾਈ ਸ਼ੁਰੂ ਹੋ ਜਾਂਦੀ ਹੈ। ਠਾਕਰ ਜੀ ਕਹਿੰਦੇ ਹਨ, ''ਮੈਂ ਤੈਨੂੰ ਰੋਜ਼ ਪ੍ਰਸ਼ਾਦ ਦਿੰਦਾ ਹਾਂ, ਕਦੇ ਭੁੱਲਿਆ ਨਹੀਂ, ਤੈਨੂੰ ਮੰਗਣ ਦੀ ਕੀ ਲੋੜ ਪਈ?''

ਕੁੜੀ ਬੋਲੀ: ''ਅੱਜ ਪਿਛੇ ਸਾਂ—ਤੁਹਾਡੀ ਝੋਲੀ ਅੱਜ ਮੋਟੀ ਨਹੀਂ—ਮੈਂ ਜਾਤਾ ਮੇਰੀ ਵਾਰੀ ਫੁੱਲ ਮੁੱਕ ਜਾਣਗੇ—ਤੇ ਇਸੇ ਪ੍ਰਸ਼ਾਦ ਦੇ ਆਸਰੇ ਹੀ ਮੈਂ ਦਿਨ ਰਾਤ ਗੁਜ਼ਾਰਦੀ ਹਾਂ।''

ਠਾਕਰ ਜੀ ਹੱਸ ਪਏ, ਲੋਕ ਵੀ ਹੱਸ ਪਏ, ਪਰ ਕਈਆਂ ਦਾ ਹਾਸਾ ਡੂੰਘੇਰੇ ਮਤਲਬ ਦਾ ਸੀ। ਇਕ ਲੰਘਦੀ ਜਾਂਦੀ ਬ੍ਰਿਧ ਇਸਤ੍ਰੀ ਮੱਥਾ ਵੱਟ ਕੇ ਕਿਸੇ ਦੇ ਕੰਨ ਵਿਚ ਆਖ ਗਈ: "ਕਲਜੁਗ ਏ ਨਾ, ਕਲਜੁਗ—ਮੰਦਰ ਦੇ ਠਾਕਰ ਨਾਲ ਰਾਮੀ ਧੋਬਣ ਅੱਖਾਂ ਮਟਕਾ ਰਹੀ ਏ।" ਇਕ ਹੋਰ ਪਾਸਿਉਂ ਕਿਸੇ ਆਖਿਆ: "ਕੇਡੀ ਸੁੰਦਰ ਸੂਰਤ ਹੈ—ਜੇ ਕਦੇ ਸੂਦਰ ਨਾ ਹੁੰਦੀ।" ਉਹਦੇ ਨਾਲ ਦੇ ਸਾਥੀ ਨੇ ਅੱਖ ਮੀਚ ਕੇ ਆਖਿਆ: "ਨਹੀਂ ਸ਼੍ਰੀਮਾਨ ਜੀ, ਸੁੰਦਰਤਾ ਦੀ ਕੋਈ ਜ਼ਾਤ ਨਹੀ ਹੁੰਦੀ।"

ਪਹਿਲਾ ਬੋਲਣ ਵਾਲਾ ਕਸਬੇ ਦਾ ਜ਼ੈਲਦਾਰ ਸੀ ਤੇ ਦੂਜਾ ਉਹਦੇ ਪਾਪ ਪੁੰਨ ਵਿਚ ਸਹਾਇਤਾ ਕਰਨ ਵਾਲਾ ਮਸੱਦੀ ਸੀ।

ਠਾਕਰ ਚੰਡੀ ਦਾਸ, ਮੰਦਰ ਦੇ ਪ੍ਰੋਹਤ ਤੇ ਪੁੱਤਰ ਵਰਗੇ ਸ਼ਿਸ਼ ਸਨ—ਜਵਾਨ, ਸੁੰਦਰ, ਮਿੱਠੇ ਤੇ ਚੰਗੇ। ਇਨ੍ਹਾਂ ਦੀ ਆਤਮਕ ਪਵਿੱਤਰਤਾ ਦੇ ਸਾਧੇ ਹੋਏ ਆਚਾਰ ਦਾ ਪ੍ਰੋਹਤ ਨੂੰ ਬੜਾ ਮਾਣ ਸੀ। ਉਹ ਜਾਨ ਨਾਲੋਂ ਵਧੀਕ ਇਸ ਸ਼ਿਸ਼ ਨੂੰ ਪਿਆਰ ਕਰਦੇ ਸਨ, ਤੇ ਸਦਾ ਸ਼ਿਸ਼ ਦੀ ਭਲਾਈ ਚਿਤਵਦੇ ਰਹਿੰਦੇ ਸਨ। ਠਾਕਰ ਚੰਡੀ ਦਾਸ ਮੂਰਤੀਆਂ ਨੂੰ ਇਸ਼ਨਾਨ ਕਰਾਂਦੇ, ਪ੍ਰਸ਼ਾਦ ਤਿਆਰ ਕਰਦੇ ਤੇ ਬਾਹਰੋਂ ਬਾਗਾਂ ਵਿਚੋਂ ਫੁੱਲ ਲਿਆਉਂਦੇ ਸਨ। ਅੱਜ ਇਸ ਬਾਗ ਵਿਚੋਂ, ਕੱਲ੍ਹ ਉਸ ਵਿਚੋਂ, ਪਰ ਕੁਝ ਦਿਨਾਂ ਤੋਂ ਉਹ ਇਕੋ ਹੀ ਬਾਗ਼ ਵਿਚ ਨਿਤਾਪ੍ਰਤੀ ਜਾਂਦੇ ਵੇਖੇ ਗਏ। ਕਈ ਗੱਲਾਂ ਕਰਨ ਵਾਲੇ ਇਸਦਾ ਕਾਰਣ ਇਹ ਦੱਸਦੇ ਸਨ ਕਿ ਉਸ ਬਾਗ਼ ਦੇ ਨੇੜੇ ਰਾਮੀ ਧੋਬਣ ਦੀ ਛੱਪਰੀ ਹੈ। ਪਰ ਠਾਕਰ ਜੀ ਫੁੱਲ ਤੋੜ ਕੇ ਰਵਾਂ ਰਵੀਂ ਗਾਉਂਦੇ ਮੰਦਰ ਵਿਚ ਆ ਜਾਂਦੇ ਸਨ। ਰਾਮੀ ਨੂੰ ਲੋਕਾਂ ਕਈ ਵਾਰੀ ਦੂਰੋਂ ਨੇੜਿਉਂ ਠਾਕਰ ਜੀ ਵੱਲ ਤਕਦਿਆਂ ਵੇਖਿਆ ਸੀ, ਕਈਆਂ ਤਾਹਨੇ ਮਿਹਣੇ ਵੀ ਦਿੱਤੇ ਸਨ। ਸ਼ਾਇਦ ਓਸੇ ਕਰਕੇ ਅੱਜ ਰਾਮੀ ਫੁੱਲ ਤੋੜਦੇ ਠਾਕਰ ਜੀ ਕੋਲ ਚਲੀ ਗਈ।

"ਰਾਮੀ, ਮੈਂ ਬਹੁਤ ਸਾਰੇ ਫੁੱਲ ਤੋੜਦਾ ਹਾਂ ਕਿ ਤੇਰੇ ਪ੍ਰਸਾਦ ਲਈ ਥੁੜ੍ਹ ਨਾ ਜਾਣ।" ਠਾਕਰ ਨੇ ਅਪਾਰ ਹਿੱਤ ਨਾਲ ਆਖਿਆ।

"ਪਰ ਅਗੇ ਤੁਸੀਂ ਵਾਰੋ-ਵਾਰੀ ਬਾਗ਼ਾਂ ਚੋਂ ਫੁੱਲ ਲਿਆਉਂਦੇ ਸਓ—ਤੇ ਹੁਣ ਕਈਆਂ ਦਿਨਾਂ ਤੋਂ ਇਸ ਬਾਗ਼ ਵਿਚ ਆਉਂਦੇ ਹੋ?" ਰਾਮੀ ਨੇ ਪੁੱਛਿਆ।

"ਇਸ ਬਾਗ਼ ਦੇ ਫੁੱਲਾਂ ਵਿਚ, ਮੈਂ ਵੇਖਿਆ ਹੈ, ਇਕ ਵਿਸ਼ੇਸ਼ ਸੁਗੰਧੀ ਹੈ।" ਠਾਕਰ ਨੇ ਉੱਤਰ ਦਿੱਤਾ।

"ਪਰ ਲੋਕੀਂ ਤੁਹਾਨੂੰ ਬਦਨਾਮ ਕਰਦੇ ਹਨ, ਕਿ ਤੁਸੀਂ ਰਾਮੀ ਧੋਬਣ ਦਾ ਸਦਕਾ ਇਥੇ ਆਉਂਦੇ ਹੋ।"

"ਕੀ ਜਾਣਾ—ਇਹ ਸੁਗੰਧੀ ਤਾਂ ਓਸੇ ਦੀ ਹੋਵੇ।"

"ਮੈਂ ਨਹੀਂ ਚਾਹੁੰਦੀ, ਮੇਰੇ ਠਾਕਰ ਜੀ ਨੂੰ ਕੋਈ ਮਾੜਾ ਆਖੇ—ਤੁਸੀਂ ਕੱਲ੍ਹ ਤੋਂ ਇਥੇ ਨਾ ਆਇਆ ਕਰੋ।" ਰਾਮੀ ਨੇ ਹੱਥ ਜੋੜਕੇ ਆਖਿਆ।

"ਚੰਗਾ ਰਾਮੀ, ਜੇ ਤੇਰੀ ਇੱਛਾ ਇਹੀ ਹੈ, ਤਾਂ ਮੈਂ ਨਹੀਂ ਆਵਾਂਗਾ।"

"ਮੇਰੀ ਇੱਛਾ ?.. " ਅੱਖਾਂ ਪਾਣੀ ਨਾਲ ਭਰ ਗਈਆਂ।

ਪਰ ਗੱਲ ਅਜੇ ਉਸਦੇ ਮੂੰਹ ਵਿਚ ਹੀ ਸੀ ਕੀ ਰਾਮੀ ਦੀ ਭਰਜਾਈ ਕਪੜਿਆਂ ਦੀ ਗੰਢ ਚੁੱਕੀ ਉੱਤੇ ਆ ਨਿਕਲੀ। ਰਾਮੀ ਉਹਨੂੰ ਵੇਖ ਕੇ ਉਹਦੇ ਵੱਲ ਤੁਰ ਪਈ, ਤੇ ਠਾਕਰ ਜੀ ਮੰਦਰ ਵਲ ਚਲੇ ਗਏ। ਭਾਬੀ ਵੇਖ ਕੇ ਬੜੇ ਕ੍ਰੋਧ ਵਿਚ ਆ ਗਈ ਤੇ ਭੁਆ ਕੇ ਕੁਚਕਾ ਰਾਮੀ ਦੇ ਸਿਰ ਉੱਤੇ ਦੇਹ ਪਟਕਾਇਆ, ਤੇ ਕੌੜੇ ਕੁਸੈਲੇ ਬਚਨਾਂ ਦਾ ਪੁਲ ਬੰਨ੍ਹ ਦਿੱਤਾ:

"ਤੂੰ ਸਾਨੂੰ ਗ਼ਰਕ ਕਰ ਦੇਏਂਗੀ—ਜਦ ਵੇਖੋ, ਇਸੇ ਗਭਰੂ ਵੱਲ ਤਕਦੀ ਏਂ। ਸਾਰੇ ਗਰਾਂ ਵਿਚ ਤੇਰੀ ਚਰਚਾ...!—ਜੈਲਦਾਰ ਨੂੰ ਪਤਾ ਲਗਾ ਤਾਂ ਉਹ ਸਾਨੂੰ ਪਿੰਡੋਂ ਕੱਢ ਦਏਗਾ।"

"ਭਾਬੀ", ਰਾਮੀ ਨੇ ਅਜਬ ਅੰਦਾਜ਼ ਨਾਲ ਉਸ ਦੀ ਬਾਂਹ ਫੜ ਕੇ ਆਖਿਆ, "ਕ੍ਰੋਧ ਨਾ ਕਰ, ਮੈਂ ਤੇ ਠਾਕਰ ਜੀ ਨੂੰ ਇਹੀ ਆਖ ਰਹੀ ਸਾਂ ਕਿ ਉਹ ਕੱਲ੍ਹ ਤੋਂ ਇਸ ਪਾਸੇ ਨਾ ਆਇਆ ਕਰਨ।"

"ਹਾਂ—ਤੂੰ ਇਹੋ ਆਖ ਰਹੀ ਸੈਂ ! ਮੈਂ ਤੇਰੀਆਂ ਅੱਖਾਂ ਨਹੀਂ ਵੇਖੀਆਂ ਕਿ ਤੇਰੇ ਠਾਕਰ ਦੀਆਂ ਨਹੀਂ ਵੇਖੀਆਂ ?"

ਰਾਮੀ ਦਾ ਭਰਾ ਭਰਜਾਈ ਨਾਲ ਬੜਾ ਪਿਆਰ ਸੀ। ਭਰਾ ਭਰਜਾਈ ਵੀ ਰਾਮੀ ਦੇ ਮਰਨੇ ਮਰਦੇ ਸਨ। ਰਾਮੀ ਦੀਆਂ ਅੱਖਾਂ ਵਿਚ ਕੋਈ ਐਸੀ ਨਿਰਛਲਤਾ ਸੀ, ਜਾਂ ਉਹਦੀ ਮੁਸਕਰਾਹਟ ਵਿਚ ਕੋਈ ਵਿਸ਼ਵਾਸ ਪਾਣ ਵਾਲੀ ਐਸੀ ਤਾਕਤ ਸੀ ਕਿ ਭਰਜਾਈ ਵਰਗੇ ਸਾਕ ਨੂੰ ਵੀ ਰਾਮੀ ਰੁਸਣ ਨਹੀਂ ਸੀ ਦਿੰਦੀ। ਨਨਾਣ ਭਰਜਾਈ ਝੱਟ ਇੱਕ-ਮਿੱਕ ਹੋ ਗਈਆਂ। ਰਾਮੀ ਘਰ ਜਾ ਕੇ ਕਪੜੇ ਧੋਣ ਲਗ ਪਈ। ਰਾਮੀ ਕੰਮ ਵਿਚ ਬੜੀ ਚੱਤਰ ਸੀ। ਦੋਂਹ ਜਣਿਆਂ ਦਾ ਕੰਮ ਇਕੱਲੀ ਕਰਦੀ ਸੀ। ਸਵੇਰੇ ਮੰਦਰ ਦੇ ਬਾਹਰ ਬੇ-ਨਾਗਾ ਝਾੜੂ ਦੇਣ ਜਾਂਦੀ ਸੀ, ਓਥੋਂ ਪ੍ਰਸ਼ਾਦ ਲਿਆ ਕੇ ਫਿਰ ਘਰ ਦਾ ਸਾਰਾ ਕੰਮ ਕਰਦੀ ਸੀ, ਕਦੇ ਕਿਤੇ ਨਹੀਂ ਸੀ ਜਾਂਦੀ, ਮਾਨੋਂ ਉਹਦੇ ਆਪਣੇ ਅੰਦਰ ਕੋਈ ਦੁਨੀਆਂ ਵਸਦੀ ਸੀ। ਉਹ ਹੱਸਦੀ ਗਾਉਂਦੀ ਪੂਰਾਂ ਦੇ ਪੂਰ ਕਪੜੇ

ਛੰਡੇ ਸੁੱਟਦੀ ਸੀ। ਭਰਾ ਭਰਜਾਂਈ ਖ਼ੁਸ਼ ਸਨ। ਸਿਰਫ਼ ਜਦੋਂ ਉਹ ਬਾਹਰੋਂ ਕੁਝ ਸੁਣ ਕੇ ਆਉਂਦੇ ਸਨ ਤਾਂ ਰਾਮੀ ਨੂੰ ਸਮਝਾਉਂਦੇ ਸਨ। ਪਰ ਉਹ ਹੱਸਣੀ ਰਾਮੀ ਗੌਣ ਗਾ ਕੇ, ਜੱਫੀਆਂ ਪਾ ਪੂ ਕੇ, ਸਭ ਸ਼ੰਕੇ ਕੱਢ ਛਡਦੀ ਸੀ।

ਇਕ ਦਿਨ ਰਾਮੀ ਮੰਦਰ ਜਾਣ ਲਗੀ ਸੀ ਕਿ ਜ਼ੈਲਦਾਰ ਦਾ ਚੋਬਦਾਰ ਸੁਨੇਹਾ ਲਿਆਇਆ ਕਿ ਜ਼ੈਲਦਾਰਨੀ ਦਾ ਚਿੱਤ ਰਾਜ਼ੀ ਨਹੀਂ ਤੇ ਉਹ ਮੰਦਰ ਨਹੀਂ ਜਾਣਗੇ, ਤੇ ਉਹ ਰਾਮੀ ਨੂੰ ਯਾਦ ਕਰਦੇ ਹਨ।

ਜ਼ੈਲਦਾਰਨੀ ਚੋੜੇ ਹਿਤ ਤੇ ਸਖੀ ਸੁਭਾ ਕਰ ਕੇ ਕਸਬੇ ਵਿਚ 'ਮਾਤਾ' ਆਖੀ ਜਾਂਦੀ ਸੀ। ਮਾਤਾ ਦੇ ਦਰਦ ਭਰੇ ਦਿਲ ਦਾ ਸਭ ਕੁੜੀਆਂ ਮੁਟਿਆਰਾਂ ਨੂੰ ਤਜਰਬਾ ਸੀ। ਉਹ ਕਈ ਵਾਰ ਮੰਦਰ ਵਿਚ ਸੂਦਰ ਕੁੜੀਆਂ ਨਾਲ ਉਚੇਚੀਆਂ ਗੱਲਾਂ ਕਰਦੀ ਸੀ, ਤੇ ਘਰ ਬੁਲਾ ਕੇ ਭੋਜਨ ਖੁਆਇਆ ਕਰਦੀ ਸੀ। ਉਹਦੀ ਯਾਦ ਸੁਣ ਕੇ ਰਾਮੀ ਨੇ ਮੰਦਰ ਜਾਣ ਦਾ ਖਿਆਲ ਛਡ ਦਿੱਤਾ ਤੇ ਭਰਜਾਈ ਨੂੰ ਆਖ ਕੇ ਚੋਬਦਾਰ ਦੇ ਨਾਲ ਤੁਰ ਪਈ। ਉਹ ਅਜੇ ਗਲੀ ਦੇ ਮੋੜ ਉੱਤੇ ਹੀ ਸੀ ਕਿ ਜ਼ੈਲਦਾਰਨੀ ਆਪਣੀਆਂ ਨੌਕਰਾਣੀਆਂ ਦੇ ਨਾਲ ਮੰਦਰ ਜਾ ਰਹੀ ਸੀ। ਪਰ ਰਾਮੀ ਨੇ ਗਲੀ ਦਾ ਮੋੜ ਹੋਣ ਕਰਕੇ ਉਸ ਨੂੰ ਵੇਖਿਆ ਨਾ। ਚੋਬਦਾਰ ਦੇ ਨਾਲ ਮਕਾਨ ਉੱਤੇ ਪਹੁੰਚੀ, ਉਹਨੂੰ ਮਾਤਾ ਦੇ ਕਮਰੇ ਵਿਚ ਸੋਫੇ ਉੱਤੇ ਬਿਠਾ ਦਿੱਤਾ ਗਿਆ। ਮਾਤਾ ਦੇ ਬੀਮਾਰ ਹੋਣ ਦੀ ਖ਼ਬਰ ਕਰਕੇ ਉਹਨੂੰ ਇਹ ਬਹੁਤਾ ਓਪਰਾ ਨਾ ਜਾਪਿਆ ਕਿ ਅੱਜ ਸੂਦਰ ਲੜਕੀ ਨੂੰ ਕਮਰੇ ਦੇ ਅੰਦਰ ਕਿਉਂ ਬੁਲਾਇਆ ਗਿਆ। ਮਾਤਾ ਨੂੰ ਕਮਰੇ ਵਿਚ ਨਾ ਵੇਖ ਕੇ ਚਿੱਤ ਵਿਚ ਕੁਝ ਆਇਆ ਹੀ ਹੋਵੇਗਾ ਕਿ ਅੰਦਰਲਾ ਬੂਹਾ ਖੁਲ੍ਹਿਆ। ਰਾਮੀ ਜਾਤਾ ਅਸ਼ਨਾਨ ਕਮਰੇ ਵਿਚੋਂ ਮਾਤਾ ਆ ਰਹੀ ਹੈ। ਪਰ ਮਾਤਾ ਦੀ ਥਾਂ ਪਿਤਾ ਨੂੰ ਵੇਖ ਕੇ ਚਕ੍ਰਿਤ ਰਹਿ ਗਈ। ਜ਼ੈਲਦਾਰ ਨੇ ਬਹੁਤੀ ਦੇਰ ਹੈਰਾਨੀ ਵਿਚ ਨਾ ਰਹਿਣ ਦਿੱਤਾ। ਕਿਉਂਕਿ ਉਹਦੇ ਵੇਗ ਨਾਲ ਕੰਬਦੇ ਹੱਥਾਂ ਦੀ ਛੁਹ ਨੇ ਸਾਰੀ ਕਹਾਣੀ ਇਕ ਪਲ ਵਿਚ ਸਪੱਸ਼ਟ ਕਰ ਦਿੱਤੀ।

ਰਾਮੀ ਨੇ ਬੜੇ ਤਰਲੇ ਕੀਤੇ, ਕੰਨਿਆ-ਧਰਮ ਦਾ ਵਾਸਤਾ ਪਾਇਆ, ਰੋ ਰੋ ਕੇ ਆਖਿਆ ਕਿ ਉਸ ਸੂਦਰ ਲੜਕੀ ਕੋਲ ਨਾ ਮਾਇਆ ਹੈ, ਨਾ ਇੱਜ਼ਤ ਹੈ। ਸਿਰਫ਼ ਉਹਦਾ ਕੰਨਿਆ-ਧਰਮ ਹੈ। ਜੇ ਉਹ ਵੀ ਭੰਗ ਕਰ ਦਿੱਤਾ ਗਿਆ ਤਾਂ ਉਹ ਜੀਉਣ ਜੋਗਾ ਮੂੰਹ ਨਹੀਂ ਰੱਖ ਸਕੇਗੀ, ਉਹ ਉਥੇ ਹੀ ਮਰ ਜਾਏਗੀ। ਰਾਮੀ ਨੇ ਉਹਨੂੰ ਆਪਣੇ ਗਿਰਾਂ ਦੀਆਂ ਧੀਆਂ ਦੇ ਧਰਮ ਦਾ ਰਾਖਾ ਆਖਿਆ ਮੰਦਰ ਦਾ ਮੋਢੀ, ਦਾਨੀ, ਧਰਮ

ਦਾ ਮੁੱਖੀ, ਗਰੀਬ ਵਿਧਵਾਵਾਂ ਦੀ ਸੇਵਾ, ਸ਼ੁਹਰਤ ਰਖਣ ਵਾਲਾ ਆਖਿਆ ਗਿਆ। ਪਰ ਅਸਲ ਵਿਚ ਇਨ੍ਹਾਂ ਲਕਬਾਂ ਵਿਚੋਂ ਇਕ ਵੀ ਉਸ ਦਾ ਨਹੀਂ ਸੀ, ਇਹ ਸਾਰੇ ਉਸ ਦੀ ਅਸਲੀਅਤ ਦੇ ਪਰਦੇ ਸਨ ਜਿਹੜਾ ਦਾਨੀ ਨਹੀਂ, ਕਾਮੀ ਸੀ।

ਚੌਲਦਾਰ ਨੇ ਪਹਿਲੋਂ ਲਾਲਚ ਦਿੱਤਾ, ਗਹਿਣੇ ਕਪੜਿਆਂ ਦਾ ਪਰਚਾਵਾ ਸੁਟਿਆ, ਫਿਰ ਚੰਡੀ ਦਾਸ ਨਾਲ ਭੰਡਣ ਦਾ ਡਰਾਵਾ ਦਿੱਤਾ, ਕਸ਼ਟਾਂ ਦਾ ਸਹਿਮ ਦਿੱਤਾ, ਅਮੀਰ ਆਦਮੀ ਦੀ ਕ੍ਰੋਧੀ ਦਾ ਨਕਸ਼ਾ ਖਿੱਚ ਕੇ ਦਸਿਆ। ਪਰ ਜਦ ਉਹ ਕੁੜੀ ਫਿਰ ਵੀ ਪਰਬਤ ਵਾਂਗ ਸਥਿਰ ਰਹੀ ਤਾਂ ਜਬਰ ਕਰਨਾ ਚਾਹਿਆ, ਵੀਣੀਆਂ ਫੜ ਲਈਆਂ, ਅੱਖਾਂ ਗ਼ਜ਼ਬ ਨਾਲ ਭਰ ਲਈਆਂ। ਪਰ ਕੁੜੀ ਵਿਚ ਪਵਿੱਤਰਤਾ ਤੇ ਭਰੋਸੇ ਦਾ ਬਲ ਸੀ, ਜੋਬਨ ਦਾ ਜ਼ੋਰ ਸੀ, ਕਿਸੇ ਪ੍ਰੀਤ ਦੀ ਟੇਕ ਸੀ, ਭਗਵਾਨ ਦੇ ਇਨਸਾਫ਼ ਉਤੇ ਸ਼ਰਧਾ ਸੀ। ਪੰਦ੍ਰਾਂ ਕੁ ਮਿੰਟ ਇਹ ਬਰਾਬਰ ਘੁਲਦੀ ਰਹੀ—ਉਹ ਧੱਪੇ ਮਾਰਦਾ, ਬਾਹਵਾਂ ਮਰੂੰਡਦਾ, ਇਹ ਛੁਡਾਂਦੀ, ਉਹ ਦੂਜੀ ਫੜਦਾ, ਨਾ ਛੁਟਦੀ ਤਾਂ ਰਾਮੀ ਭਗਵਾਨ ਨੂੰ ਪੁਕਾਰਦੀ।

ਮਾਤਾ ਅੱਜ ਮੰਦਰ ਵਿਚ ਕੁਝ ਅਵੇਰੇ ਗਈ ਸੀ, ਪੂਜਾ ਭੋਗ ਪਹੁੰਚਦਿਆਂ ਹੀ ਪੈ ਗਿਆ। ਪ੍ਰੋਹਤ ਜੀ ਵੀ ਅੱਜ ਕੁਝ ਚਿੱਤਾਤੁਰ ਸਨ। ਉਨ੍ਹਾਂ ਨਾਲ ਵੀ ਅਗੇ ਵਾਂਗ ਬਹੁਤੀਆਂ ਗੱਲਾਂ ਨਾ ਕਰ ਸਕੀ। ਪ੍ਰੋਹਤ ਜੀ ਨੇ ਦਸਿਆ ਕਿ ਉਹ ਚੰਡੀ ਦਾਸ ਵਜੋਂ ਤਪੱਸਿਆ ਕਰ ਰਹੇ ਸਨ, ਸੁਖਾਂ ਸੁਖ ਰਹੇ ਸਨ ਕਿ ਜੋ ਊਜ ਉਸ ਦੇ ਆਚਾਰ ਨੂੰ ਲਾਈ ਜਾਂਦੀ ਹੈ, ਭਗਵਾਨ ਗਲਤ ਸਾਬਤ ਕਰੇ ਤੇ ਸਾਰੇ ਦਿਲਾਂ ਵਿਚ ਸਫ਼ਾਈ ਦਾ ਪ੍ਰਕਾਸ਼ ਕਰੇ।

ਮਾਤਾ ਇਸ ਲਈ ਮੰਦਰੋਂ ਛੇਤੀ ਮੁੜ ਆਈ, ਘਰ ਵਿਚ ਅਜੇ ਉਹਦੀ ਉਡੀਕ ਨਹੀਂ ਸੀ। ਉਹ ਸਿੱਧੀ ਆਪਣੇ ਕਮਰੇ ਵੱਲ ਗਈ ਅੰਦਰੋਂ, 'ਭਗਵਾਨ', 'ਭਗਵਾਨ' ਦੀ ਸਦਾ ਆ ਰਹੀ ਸੀ ਚੁਪੱਟ ਬੂਹਾ ਖੋਲ੍ਹ ਕੇ ਅੰਦਰ ਵੜੀ। ਝਾਕੀ ਵੇਖ ਸ਼ਰਮਿੰਦੀ ਹੋ ਗਈ, ਉਂਗਲ ਮੂੰਹ ਵਿਚ ਪਾ ਲਈ।

"ਮੇਰਾ ਪਤੀ ਮੇਰੇ ਕਮਰੇ ਵਿਚ—ਇਕ ਕੰਜਕ ਦਾ ਧਰਮ—ਉਹ ਭਗਵਾਨ! ਉਹ ਭਗਵਾਨ !!"

ਚੌਲਦਾਰ ਲਈ ਮਾਨੋਂ ਅਸਮਾਨ ਪਾਟ ਪਿਆ—ਕੋਈ ਬਿਜਲੀ ਆ ਢੱਠੀ, ਜੋੜਿਆ ਖ਼ਜ਼ਾਨਾ ਬਿਖਰ ਗਿਆ।

"ਇਸ ਬਦਚਲਣ ਲੜਕੀ ਨੂੰ ਬੁਲਾ ਕੇ ਸਮਝਾਣ ਲਗਾਂ ਸਾਂ, ਪਰ ਇਸ ਮੇਰਾ

ਬੜਾ ਅਪਮਾਨ ਕੀਤਾ ਹੈ—ਇਹਨੂੰ ਸਜ਼ਾ ਦੇ ਰਿਹਾ ਸਾਂ।" ਜ਼ੈਲਦਾਰ ਨੇ ਸ਼ਰਮਿੰਦਗੀ ਵਿਚੋਂ ਆਖਿਆ।

ਮਾਤਾ ਨੇ ਰਾਮੀ ਨੂੰ ਆਪਣੇ ਨਾਲ ਲਾ ਲਿਆ ਤੇ ਪਤੀ ਨੂੰ ਉੱਤਰ ਦਿੱਤਾ: "ਮੈਂ ਸਭ ਕੁਝ ਵੇਖ ਸਕਦੀ ਹਾਂ—ਭਗਵਾਨ ਨੇ ਇਸ ਦੀ ਪੁਕਾਰ ਸੁਣ ਕੇ ਮੈਨੂੰ ਮੰਦਰੋਂ ਛੇਤੀ ਮੋੜ ਦਿੱਤਾ ਹੈ।"

ਜ਼ੈਲਦਾਰ ਕਮਰੇ ਵਿਚੋਂ ਨਿਕਲ ਗਿਆ। ਰਾਮੀ ਨੇ ਮਾਤਾ ਦੇ ਸੁਨੇਹੇ ਦਾ ਹਾਲ ਸੁਣਾਇਆ। ਮਾਤਾ ਨੇ ਬੜਾ ਦਿਲਾਸਾ ਦਿੱਤਾ, ਖਿਮਾ ਮੰਗੀ ਤੇ ਆਪ ਉਹਦੇ ਨਾਲ ਜਾ ਕੇ ਛੱਡ ਆਉਣ ਲਈ ਤਿਆਰ ਹੋਈ। ਰਾਹ ਵਿਚ ਨਿਵੇਕਲੇ ਥਾਂ ਰਾਮੀ ਨੂੰ ਬੜਾ ਪਿਆਰ ਕਰ ਕੇ ਆਖਣ ਲੱਗੀ:

"ਰਾਮੀ ਤੂੰ ਬੜੀ ਧਰਮੀ ਕੁੜੀ ਹੈਂ।"

"ਮਾਤਾ, ਤੁਸਾਂ ਮੇਰਾ ਧਰਮ ਬਚਾਇਆ ਹੈ।"

"ਉਹਦੇ ਬਦਲੇ ਵਿਚ ਤੈਥੋਂ ਕੁਝ ਮੰਗਦੀ ਹਾਂ।"

"ਮੇਰੇ ਪ੍ਰਾਣ ਹਾਜ਼ਰ ਹਨ।"

"ਰਾਮੀ ਮੈਂ ਮੰਗਦੀ ਹਾਂ ਕਿ ਇਸ ਦੁਰਘਟਨਾ ਦਾ ਕਥਨ ਤੂੰ ਕਿਧਰੇ ਨਹੀਂ ਕਰੇਂਗੀ।"

"ਕੌਲ ਦਿੰਦੀ ਹਾਂ, ਨਹੀਂ ਕਰਾਂਗੀ।"

"ਇਕ ਹੋਰ ਮੰਗ—ਰਾਮੀ।"

"ਆਗਿਆ ਕਰੋ—ਮਾਤਾ"

"ਰਾਮੀ ਮੇਰੇ ਪਤੀ ਨੂੰ ਖਿਮਾ ਕਰ ਦੇਹ—ਪਾਪ ਉਨ੍ਹਾਂ ਦਾ ਵੱਡਾ ਹੈ, ਪਰ ਤੂੰ ਮੇਰੇ ਸਦਕਾ ਉਨ੍ਹਾਂ ਨੂੰ ਖਿਮਾ ਕਰ ਦੇਹ।"

ਰਾਮੀ ਸੋਚੀਂ ਪੈ ਗਈ, ਸ਼ਾਇਦ ਇਹ ਕਠਨ ਜਾਪਿਆ। ਮਾਤਾ ਨੇ ਹੱਥ ਜੋੜੇ, ਮਿੰਨਤ ਕੀਤੀ, ਰਾਮੀ ਨੇ ਹਿੱਕ ਉਤੇ ਹੱਥ ਧਰ ਕੇ ਉੱਤਰ ਦਿੱਤਾ, "ਮੈਂ ਖਿਮਾ ਕੀਤਾ।"

ਮਾਤਾ ਨੇ ਰਾਮੀ ਨੂੰ ਗਲ ਨਾਲ ਲਾਇਆ ਤੇ ਬੜੇ ਪਿਆਰ ਵਿਚ ਇਕ ਸਿੱਖਿਆ ਦੇਣ ਦੀ ਆਗਿਆ ਮੰਗੀ। ਰਾਮੀ ਨੇ ਪ੍ਰਵਾਨ ਕੀਤਾ।

"ਰਾਮੀ, ਮੈਨੂੰ ਤੇਰੀ ਪਵਿੱਤਰਤਾ ਦਾ ਯਕੀਨ ਹੈ—ਮੈਨੂੰ ਠਾਕਰ ਚੰਡੀ ਦਾਸ ਦੀ ਪਵਿੱਤਰਤਾ ਦਾ ਵੀ ਭਰੋਸਾ ਹੈ, ਉਹ ਬੜੇ ਹੋਣਹਾਰ ਭਗਤ ਹਨ—ਪਰ ਤੂੰ ਸੁਣਿਆ ਹੋਵੇਗਾ, ਉਨ੍ਹਾਂ ਦੇ ਆਚਾਰ ਉੱਤੇ ਧੱਬੇ ਲਾਏ ਜਾ ਰਹੇ ਹਨ?"

ਰਾਮੀ ਦਾ ਮੂੰਹ ਉਦਾਸ ਹੋ ਗਿਆ ਤੇ ਉਹ ਅਵਾਕ ਖੜੋਤੀ ਰਹੀ।

"ਮੈਂ ਚਾਹੁੰਦੀ ਹਾਂ", ਮਾਤਾ ਨੇ ਰਾਮੀ ਦੇ ਮੋਢੇ ਉੱਤੇ ਹੱਥ ਧਰ ਕੇ ਆਖਿਆ, "ਕਿ ਇਨ੍ਹਾਂ ਵਿਸ਼ ਭਰੀਆਂ ਜੀਭਾਂ ਨੂੰ ਉਨ੍ਹਾਂ ਉਤੇ ਵਿਸ਼ ਉਗਲਣੋ ਹਟਾਇਆ ਜਾਏ।

"ਜੋ ਮੈਨੂੰ ਆਗਿਆ ਦੇਵੋ, ਮੈਂ ਪਾਲਣ ਕਰਾਂਗੀ।" ਰਾਮੀ ਨੇ ਹੌਲੀ ਜਿਹੀ ਆਖਿਆ।

"ਤੂੰ ਕਰੇਂਗੀ— ਰਾਮੀ ?" ਮਾਤਾ ਨੇ ਬੜੇ ਹਿਤ ਨਾਲ ਉਹਦੀਆਂ ਅੱਖਾਂ ਵਿਚ ਤੱਕਿਆ ।

"ਹਾਂ—ਮਾਤਾ—ਕਰਾਂਗੀ ।"

"ਤਾਂ ਜਿਥੋਂ ਤਕ ਹੋ ਸਕੇ ਤੂੰ ਠਾਕਰ ਚੰਡੀ ਦਾਸ ਦੇ ਨੇੜੇ ਨਾ ਜਾਇਆ ਕਰ – ਨਾ ਸਾਹਮਣੇ ਹੋਇਆ ਕਰ ।"

ਇਹ ਮੰਗ ਰਾਮੀ ਨੂੰ ਵੱਡੀ ਜਾਪੀ।ਸਿਰ ਤੋਂ ਲੈ ਕੇ ਪੈਰਾਂ ਤਕ ਇਕ ਕੰਬਣੀ ਆਈ। ਮਾਤਾ ਨੇ ਦਿਲਬਰੀ ਦਿੱਤੀ, "ਮੈਂ ਤੇਰੀ ਸ਼ਰਧਾ ਤੋਂ ਜਾਣੂ ਹਾਂ—ਪਰ ਐਸੇ ਸੁੰਦਰ ਠਾਕਰ ਨੂੰ ਮੈਲੀਆਂ ਜੀਭਾਂ ਤੋਂ ਬਚਾਣਾ ਜ਼ਰੂਰੀ ਹੈ—ਮੈਨੂੰ ਪ੍ਰਣ ਦੇਹ, ਰਾਮੀ।"

ਰਾਮੀ ਦੇ ਆਪਣੇ ਚਿੱਤ ਵਿਚ ਵੀ ਇਹ ਪ੍ਰਣ ਕਦੇ ਕਦੇ ਆਇਆ ਸੀ। ਉਹ ਦੁੱਖੀ ਸੀ ਕਿ ਲੋਕ ਉਹਦੇ ਠਾਕਰ ਨੂੰ ਹੁਣ ਉਹ ਸਤਿਕਾਰ ਨਹੀਂ ਸਨ ਦਿੰਦੇ। ਪਰ ਕੋਈ ਬਾਹਲਾ ਦਬਾ ਨਾ ਹੋਣ ਕਰਕੇ ਉਹਦਾ ਪ੍ਰਣ ਕੋਈ ਨਿਗਰ ਸੂਰਤ ਨਹੀਂ ਸੀ ਧਾਰ ਸਕਿਆ। ਹੁਣ ਮਾਤਾ ਦੀ ਨਿਸ਼ਕਾਮ ਰੀਝ, ਉਸ ਦਾ ਉਪਕਾਰ, ਉਸ ਦਾ ਦੇਵੀ ਦਿਲ— ਸਾਰਿਆਂ ਨੇ ਮਿਲ ਕੇ ਕੰਨਿਆ ਦੇ ਅੰਦਰ ਪ੍ਰੇਮ-ਚਿਣਗ ਨੂੰ ਘੁਟ ਲਿਆ। ਰਾਮੀ ਦੇ ਦਿਲ ਦੀ ਨਿੰਮ੍ਹੀ ਆਵਾਜ਼ ਮਾਤਾ ਦੀਆਂ ਉੱਚੀਆਂ ਮੰਗਾਂ ਵਿਚ ਸੁਣੀ ਜਾਣੋਂ ਉਸ ਘੜੀ ਹਟ ਗਈ। ਅੱਖਾਂ ਵਿਚ ਹੰਝੂ ਆ ਗਏ ਤੇ ਰਾਮੀ ਰੁਕ ਰੁਕ ਕੇ ਬੋਲੀ।

"ਹੱਛਾ—ਮਾਤਾ ਮੈਂ ਪ੍ਰਣ ਕਰਦੀ ਹਾਂ, "ਕਿ ਠਾਕਰ ਚੰਡੀ ਦਾਸ ਦਾ ਪਿਆਰ ਆਪਣੇ ਦਿਲ ਵਿਚੋਂ..." ਹੰਝੂਆਂ ਨੇ ਰੋਕ ਦਿੱਤਾ—ਮੈਂ ਯਤਨ ਕਰਾਂਗੀ ਕਿ ਠਾਕਰ ਜੀ ਦੇ ਨੇੜੇ ਨਾ ਜਾਇਆ ਕਰਾਂ।"

ਕਈ ਦਿਨ ਬੀਤ ਗਏ। ਰਾਮੀ ਮੰਦਰ ਵਿਚ ਝਾੜੂ ਦੇ ਕੇ ਚਲੀ ਆਉਂਦੀ; ਕਦੇ ਪ੍ਰਸ਼ਾਦ ਲਈ ਨਾ ਉਡੀਕਦੀ, ਪਰ ਮੰਦਰੋਂ ਹੋ ਆਉਣਾ ਉਹਦੇ ਦਿਲ ਨੂੰ ਟਿਕਾਣੇ ਰਖਣ ਲਈ ਕਾਫ਼ੀ ਸੀ। ਜਦ ਉਹ ਝਾੜੂ ਦਿੰਦੀ ਹੁੰਦੀ ਸੀ, ਉਹ ਜਾਣਦੀ ਹੁੰਦੀ ਸੀ ਕਿ ਠਾਕਰ ਚੰਡੀ ਦਾਸ ਅੰਦਰ ਹਨ—ਹੁਣ ਮੂਰਤੀ ਨੂੰ ਅਸ਼ਨਾਨ ਕਰਾ ਰਹੇ ਹਨ,

ਹੁਣ ਸਾਮੱਗਰੀ ਇਕੱਠੀ ਕਰ ਰਹੇ ਹਨ, ਹੁਣ ਜੋਤ ਜਗਾਂਦੇ ਹੋਣਗੇ—ਘੰਟੇ ਖੜਕੇ ਹਨ, ਉਹ ਵੀ ਸ਼ਬਦ ਗਾਉਂਦੇ ਹੋਣਗੇ—ਉਨ੍ਹਾਂ ਦੀ ਮਧੁਰ ਸੁਰ ਉਹਦੇ ਕੰਨਾਂ ਵਿਚ ਪੈਂਦੀ—। ਪਰ ਪੂਜਾ ਸੰਪੂਰਣ ਹੋਣ ਤੋਂ ਪਹਿਲਾਂ ਹੀ ਉਹ ਘਰ ਮੁੜ ਜਾਂਦੀ ਸੀ। ਕਈ ਲੋਕ ਇਹ ਆਖਦੇ ਸਨ ਕਿ ਜਦੋਂ ਠਾਕਰ ਚੰਡੀ ਦਾਸ ਪ੍ਰਸ਼ਾਦ ਵੰਡਣ ਆਉਂਦੇ ਹਨ, ਤਾਂ ਲੋਕਾਂ ਦੇ ਮੂੰਹ ਵੱਲ ਨਹੀਂ ਤਕਦੇ, ਕਿਸੇ ਹੋਰ ਪਾਸੇ ਤਕਦੇ ਰਹਿੰਦੇ ਹਨ। ਕੋਈ ਕੋਈ ਇਹ ਵੀ ਕਹਿ ਦਿੰਦਾ ਸੀ ਕਿ ਰਾਮੀ ਹਮੇਸ਼ਾਂ ਉਥੇ ਹੀ ਖੜੋ ਕੇ ਪ੍ਰਸ਼ਾਦ ਲਿਆ ਕਰਦੀ ਸੀ।

ਇਸ ਤਰ੍ਹਾਂ ਰੋਜ਼ਾਨਾ ਮੰਦਰ ਜਾਣਾ ਆਉਣਾ ਬਣਿਆ ਰਹਿੰਦਾ ਤਾਂ ਰਾਮੀ ਨੂੰ ਆਪਣਾ ਪ੍ਰਣ ਪਾਲਣ ਵਿਚ ਅਸਹਿ ਕਠਨਤਾਈ ਨਾ ਹੁੰਦੀ। ਠਾਕਰ ਚੰਡੀ ਦਾਸ ਦੇ ਮੰਦਰੋਂ ਹੋ ਆਉਣਾ ਜੀਵਨ-ਜੋਤ ਨੂੰ ਜਗਦਿਆਂ ਰਖਣ ਲਈ ਕਾਫ਼ੀ ਸੀ, ਕਿਉਂਕਿ ਉਸ ਮੰਦਰ ਦੇ ਹਰ ਪੱਥਰ ਵਿਚੋਂ ਰਾਮੀ ਨੂੰ ਚੰਡੀ ਦਾਸ ਦੀ ਸ਼ਖਸੀਅਤ ਲੱਭਦੀ ਸੀ, ਉਹਦੇ ਆਲੇ ਦੁਆਲੇ ਦੀ ਪੌਣ ਵਿਚ ਚੰਡੀ ਦਾਸ ਦੇ ਸੰਗੀਤ ਦੀਆਂ ਸੁਰਾਂ ਕੰਬਦੀਆਂ ਸਨ, ਉਹਦੇ ਸਾਰੇ ਹਾਤੇ ਵਿਚ ਚੰਡੀ ਦਾਸ ਦੇ ਚਰਨਾਂ ਦੇ ਚਿੰਨ੍ਹ ਸਨ। ਇਨ੍ਹਾਂ ਚਿੰਨ੍ਹਾਂ ਰਾਹੀਂ ਮਿਲਣੀ ਕਈ ਪ੍ਰੇਮੀ ਆਤਮਾਵਾਂ ਦੀ ਪ੍ਰੀਤ-ਭੁੱਖ ਨੂੰ ਫਾਕੇ ਦੀ ਖੁਸਣੀ ਤਕ ਨਹੀਂ ਪਹੁੰਚਣ ਦਿੰਦੀ ਤੇ ਪ੍ਰੇਮ-ਸ਼ਮਾ ਬਲਦੀ ਰਹਿੰਦੀ ਹੈ।

ਪਰ ਜ਼ੈਲਦਾਰ ਹੁਣ ਰਾਮੀ ਦਾ ਦੁਸ਼ਮਨ ਹੋ ਗਿਆ ਸੀ। ਉਹ ਆਪਣੀ ਹਾਰ ਦਾ ਬਦਲਾ ਲੈਣਾ ਚਾਹੁੰਦਾ ਸੀ। ਉਹ ਚੰਡੀ ਦਾਸ ਨੂੰ ਵੀ ਬਦਨਾਮ ਕਰਨਾ ਚਾਹੁੰਦਾ ਸੀ। ਉਸ ਨੇ ਪ੍ਰੋਹਤ ਨੂੰ ਕਈ ਝੂਠੀਆਂ ਗੱਲਾਂ ਦੱਸੀਆਂ। ਮੰਦਰ ਦਾ ਮਾਲਕ ਵੀ ਉਹ ਆਪ ਸੀ। ਉਸ ਨੇ ਹੁਕਮ ਦੇ ਦਿਤਾ ਕਿ ਕੋਈ ਸੂਦਰ ਅੰਦਰਲੇ ਹਾਤੇ ਵਿਚ ਨਹੀਂ ਆਵੇਗਾ। ਬਾਹਰਲੇ ਹਾਤੇ ਵਿਚ ਪ੍ਰਸ਼ਾਦ ਭੇਜ ਦਿੱਤਾ ਜਾਏਗਾ। ਠਾਕਰ ਚੰਡੀ ਦਾਸ ਨੇ ਆਪਣੇ ਗੁਰੂਦੇਵ ਨੂੰ ਬਹੁਤ ਕੁਝ ਆਖਿਆ ਕਿ ਸੂਦਰਾਂ ਨੂੰ ਦੇਵੀ ਮਾਤਾ ਦੇ ਦਰਸ਼ਨਾਂ ਤੋਂ ਏਡੀ ਦੂਰ ਰੱਖਣਾ ਕਰਤੇ ਦਾ ਨਿਰਾਦਰ ਹੈ, ਮਨੁੱਖਤਾ ਦੀ ਹੱਤਕ ਹੈ। ਪਰ ਗੁਰੂਦੇਵ ਆਪਣੇ ਵਿਸ਼ਵਾਸ ਤੇ ਜ਼ੈਲਦਾਰ ਦੇ ਹੱਠ ਤੋਂ ਮਜ਼ਬੂਰ ਸੀ। ਚੰਡੀ ਦਾਸ ਦੀ ਆਤਮਾ ਇਕ ਰਣ-ਭੂਮੀ ਬਣ ਗਈ। ਗੁਰੂਦੇਵ ਦਾ ਪਿਆਰ ਇਕ ਪਾਸੇ, ਮਨੁੱਖਤਾ ਦੀ ਪੁਕਾਰ ਦੂਜੇ ਪਾਸੇ। ਪਰ ਗੁਰੂਦੇਵ ਦਾ ਪਾਸਾ ਅਜੇ ਭਾਰਾ ਸੀ।

ਓਧਰ ਰਾਮੀ ਦੇ ਮਨ ਵਿਚ ਕੋਈ ਚਾਨਣ ਨਾ ਰਿਹਾ। ਪ੍ਰੇਮ-ਸ਼ਮਾ ਦੀਆਂ ਕਿਰਨਾਂ ਪੱਥਰ ਦੀਆਂ ਕੰਧਾਂ ਪਾੜ ਕੇ ਝਾੜੂ ਫੇਰਦੀ ਰਾਮੀ ਦੇ ਦਿਲ ਨੂੰ ਰੌਸ਼ਨ ਕਰ ਜਾਂਦੀਆਂ ਸਨ, ਤੇ ਸਾਰਾ ਜੱਗ ਚਾਨਣਾ ਦਿਸਦਾ ਸੀ। ਹੁਣ ਕੁਝ ਨਹੀਂ ਸੀ ਦਿਸਦਾ।

ਅੰਨ੍ਹਾ ਦਿਲ ਲੁਛਦੀ ਮੱਛੀ ਵਾਂਗ ਵਰਜਿਤ ਪਾਸੀਂ ਧਾ ਧਾ ਉਡਦਾ ਸੀ। ਰਾਮੀ ਆਪਣੇ ਪ੍ਰਣ ਦਾ ਚੇਤਾ ਕਰ ਕੇ ਭਗਵਾਨ ਦਾ ਚਿੰਤਨ ਕਰਦੀ ਹੈ। ਪਰ ਦਿਲ ਟਿਕਾਣੇ ਨਹੀਂ ਆਉਂਦਾ, ਕੋਈ ਕੰਮ ਭਾਉਂਦਾ ਨਹੀਂ, ਚਿਤ ਵਿਚ ਬੇਕਲੀ ਹੈ, ਕਿ ਖੁਲ੍ਹੀ ਵਗਦੀ ਪੌਣ ਵਿਚ ਸਾਹ ਘੁੱਟਿਆ ਜਾ ਰਿਹਾ ਹੈ।

ਰਾਮੀ ਘਰੋਂ ਨਿਕਲ ਪਈ। ਵੇਲਾ ਸੰਝ ਦਾ ਸੀ, ਨਾ ਬਾਹਰ ਚਾਨਣ, ਨਾ ਅੰਦਰ ਚਾਨਣ। ਪਤਾ ਨਹੀਂ ਕਿਧਰ ਜਾ ਰਹੀ ਸੀ। ਪਰ ਭੌਂਦੇ ਭਟਕਦੇ ਪੈਰ ਉਹਨੂੰ ਮੰਦਰ ਦੇ ਹਾਤੇ ਵਿਚ ਲੈ ਗਏ, ਬਿਨਾਂ ਦਲੀਲੋਂ, ਦੇਵੀ ਮਾਤਾ ਦਾ ਖ਼ਿਆਲ ਆਇਆ। ਉਸ ਵੇਲੇ ਪੂਜ ਮੂਰਤੀ ਇਕੱਲੀ ਹੋਵੇਗੀ, ਲੋਕ ਤਾਂ ਦੀਵੇ ਬਲੇ ਆਉਂਦੇ ਹਨ। ਪ੍ਰੋਹਤ ਜੀ ਸੰਧਿਆ ਵਿਚ ਮਗਨ ਹੋਣਗੇ, ਠਾਕਰ ਚੰਡੀ ਦਾਸ ਆਪਣੇ ਅਸਥਾਨ ਉਤੇ ਕੁਝ ਗੌਂ ਰਹੇ ਸਨ, ਮਧੁਰ ਸੁਰ ਪੌਣ ਵਿਚ ਸੀ।

ਰਾਮੀ ਨਿਧੜਕ ਹੋ ਕੇ ਦੇਵੀ ਦੀ ਮੂਰਤੀ ਕੋਲ ਪਹੁੰਚ ਗਈ। ਸਾਹਮਣੇ ਲੇਟ ਗਈ। ਫਿਰ ਉਠ ਕੇ ਆਪਣੇ ਹੰਝੂਆਂ ਨਾਲ ਪੱਥਰ ਨੂੰ ਧੋ ਦਿੱਤਾ। ਗਲ ਵਿਚ ਪੱਲਾ ਪਾ ਕੇ ਪ੍ਰਾਰਥਨਾ ਕਰਨ ਲੱਗੀ :

"ਮੇਰੀ ਮਾਤਾ, ਮੈਨੂੰ ਆਪਣਾ ਪ੍ਰਣ ਪਾਲਣ ਵਿਚ ਸਹਾਇਤਾ ਦੇਹ—ਮੈਂ ਆਪਣੇ ਪ੍ਰੀਅ ਠਾਕਰ ਦੀ ਖੁਨਾਮੀ ਦਾ ਕਾਰਣ ਨਾ ਬਣਾਂ। ਮੈਨੂੰ ਤਾਕਤ ਦੇਹ ਕਿ ਘਰ ਬੈਠੀ ਉਹਦਾ ਸਿਮਰਣ ਕਰ ਸਕਾਂ—।"

ਕੀ ਜਾਣੀਏ ਜ਼ੈਲਦਾਰ ਰਾਮੀ ਦੇ ਪਿਛੇ ਪਿਛੇ ਆ ਰਿਹਾ ਸੀ; ਜਾਂ ਇਤਫਾਕ ਨਾਲ ਮੰਦਰ ਵਿਚ ਸੀ ਉਹ ਇਕ ਥੰਮ ਦੇ ਉਹਲਿਓਂ ਰਾਮੀ ਨੂੰ ਵੇਖ ਰਿਹਾ ਸੀ। ਸਾਹਮਣੇ ਆ ਖਲੋਤਾ। ਪਹਿਲੋਂ ਨਰਮੀ ਨਾਲ ਬੋਲਿਆ ਤੇ ਜੋ ਲਾਲਚ ਪਹਿਲੋਂ ਦਿੱਤੇ ਸਨ ਉਹੀ ਫਿਰ ਤਰਲਾ ਕਰ ਸੁਣਾਏ, ਪਰ ਜਦ ਰਾਮੀ ਨੇ ਸਭੋ ਠੁਕਰਾ ਦਿੱਤੇ ਤਾਂ ਉਸ ਨੇ ਕੜਕ ਕੇ ਰਾਮੀ ਨੂੰ ਬਾਹੋਂ ਫੜ ਲਿਆ ਤੇ ਰੌਲਾ ਪਾ ਦਿੱਤਾ। ਇੰਨੇ ਨੂੰ ਚੰਡੀ ਦਾਸ ਵੀ ਆ ਪਹੁੰਚੇ। ਪ੍ਰੋਹਤ ਨੇ ਦਇਆ ਕਰਨ ਲਈ ਆਖਿਆ। ਪਰ ਜ਼ੈਲਦਾਰ ਹਵਾ ਦੇ ਘੋੜੇ ਚੜ੍ਹਿਆ ਦੁਰਬਚਨ ਬੋਲੀ ਜਾ ਰਿਹਾ ਸੀ, ਤੇ ਕੁੜੀ ਦੀ ਬਾਂਹ ਨੂੰ ਮਰੋੜੀ ਜਾਂਦਾ ਸੀ। ਉਹਦਾ ਅਭਿਮਾਨ ਉਬਲ ਰਿਹਾ ਸੀ। ਚੰਡੀ ਦਾਸ ਗੁਰੂ ਦੇ ਰੂਬਰੂ ਇਹ ਜ਼ੁਲਮ ਵੇਖ ਕੇ ਮਾਨੋਂ ਲਹੂ ਦੇ ਹੰਝੂ ਪੀ ਰਹੇ ਸਨ, ਪਰ ਗੁਰੂਦੇਵ ਦੀ ਹੋਂਦ ਵਿਚ ਸ਼ਾਇਦ ਕੁਝ ਬੋਲਣਾ ਉਨ੍ਹਾਂ ਦਾ ਨਿਰਾਦਰ ਸਮਝਦੇ ਸਨ। ਚੁੱਪ ਖੜੇ ਰਹੇ। ਓੜਕ ਗੁਰੂਦੇਵ ਨੇ ਤਰਲੇ ਮਿੰਨਤਾਂ ਕਰ ਕੇ ਕੁੜੀ ਨੂੰ ਛਡਾਇਆ।

ਉਸੇ ਵੇਲੇ ਰਾਮੀ ਨੇ ਠਾਕਰ ਚੰਡੀ ਦਾਸ ਨੂੰ ਵੇਖਿਆ। ਬੜਾ ਖੇਦ ਹੋਇਆ। ਦਿਲ ਟੁੱਟਦਾ ਜਾਂਦਾ ਮਾਲੂਮ ਹੋਇਆ, ਬਾਹਵਾਂ ਦੀ ਪੀੜ ਭੁਲ ਗਈ। ਆਤਮਾ ਢਹਿ ਢਹਿ ਪੈਂਦੀ ਜਾਪੀ। ਰਾਮੀ ਤੁਰ ਪਈ, ਪਰ ਪੂਰਨ ਨਿਰਾਸ਼ਤਾ ਦੀ ਨਿਡਰਤਾ ਨਾਲ ਫਿਰ ਮੁੜ ਆਈ ਤੇ ਦਲੇਰੀ ਨਾਲ ਚੰਡੀ ਦਾਸ ਦੇ ਕੋਲ ਚਲੀ ਗਈ। ਪੁੱਛਣ ਲਗੀ :

"ਕੀ ਠਾਕਰ ਚੰਡੀ ਦਾਸ—ਤੁਸੀਂ ਇਥੇ ਖੜੇ ਸਓ ? ਇਹ ਕੀਕਰ ਤੁਸੀਂ ਅਖੀਂ ਵੇਖਦੇ ਰਹੇ ਹੋ ?—ਤੁਸੀਂ... ।"

ਚੰਡੀ ਦਾਸ ਫਿਰ ਵੀ ਚੁੱਪ ਖੜੇ ਰਹੇ, ਜਿਵੇਂ ਇਸ ਦੁਨੀਆਂ ਦੀ ਵਸੋਂ ਹੀ ਨਹੀਂ ਹੁੰਦੇ। ਪਰ ਜ਼ੈਲਦਾਰ ਨੇ ਪ੍ਰੋਹਤ ਵੱਲ ਇਸ਼ਾਰਾ ਕਰਕੇ ਆਖਿਆ :

"ਹੁਣ ਤੇ ਮੰਨੋਗੇ, ਪ੍ਰੋਹਤ ਜੀ, ਕਿ ਠਾਕਰ ਚੰਡੀ ਦਾਸ ਉਹ ਦੇਵਤਾ ਨਹੀਂ ਜਿਹੜਾ ਤੁਸੀਂ ਸਮਝਦੇ ਹੋ ?"

"ਹਾਂ ਸੱਚ ਇਹ ਉਹ ਦੇਵਤਾ ਨਹੀਂ ਹਨ", ਰਾਮੀ ਬੋਲੀ, ਜਿਹੜਾ ਮੈਂ ਸਮਝ ਕੇ ਪੂਜਦੀ ਰਹੀ ਹਾਂ—ਕਿਉਂ ਠਾਕਰ ਚੰਡੀ ਦਾਸ—ਕੀ ਉਹ ਮੇਰਾ ਭੁਲੇਖਾ ਸੀ—ਸੁਪਨਾ ਸੀ ? ਤੁਸੀਂ ਖੜੋਤੇ ਰਹੇ ਤੁਸੀਂ ਵੇਖਦੇ ਰਹੇ—ਤੁਹਾਡੀਆਂ ਅੱਖਾਂ ਦੇ ਸਾਹਮਣੇ ਰਾਮੀ— ।"

ਇਹ ਕਹਿੰਦੀ ਸ਼ੁਦਾਈਆਂ ਵਾਂਗ ਰੋਂਦੀ ਰਾਮੀ ਮੰਦਰੋਂ ਨਿਕਲ ਗਈ। ਮੰਦਰ ਦੀਆਂ ਕੰਧਾਂ ਗੂੰਜ ਰਹੀਆਂ ਸਨ : "ਠਾਕਰ ਚੰਡੀ ਦਾਸ ਅੱਖੀਂ ਵੇਖਦੇ ਰਹੇ, ਚੁਪ ਖੜੋਤੇ ਰਹੇ—ਉਹ ਮੇਰਾ ਭੁਲੇਖਾ ਸੀ—ਸੁਪਨਾ ਸੀ।"

ਏਦੂ ਪੂਰਨ ਬਦਲਾ ਹੋਰ ਕੀ ਹੋ ਸਕਦਾ ਸੀ । ਆਦਰਸ਼ ਤੋੜ ਦਿੱਤਾ, ਸੁਪਨਾ ਖਿਲਾਰ ਦਿੱਤਾ। ਰਾਮੀ ਦੇ ਦਿਲ ਦੇ ਦੋ ਟੋਟੇ ਕਰ ਦਿੱਤੇ, ਉਹਦੀ ਦੁਨੀਆਂ ਦਾ ਸੂਰਜ ਬੁਝਾ ਦਿੱਤਾ। ਪਰ ਬਦਲਾ ਇਕ ਅਜਿਹੀ ਭੁੱਖ ਹੈ ਜਿਹੜੀ ਮਿਟਾਇਆਂ ਸਗੋਂ ਚਮਕਦੀ ਹੈ। ਜ਼ੈਲਦਾਰ ਰਾਮੀ ਨੂੰ ਰੋਲਣਾ ਚਾਹੁੰਦਾ ਸੀ, ਭੁਜਦਿਆਂ ਵੇਖਣਾ ਚਾਹੁੰਦਾ ਸੀ। ਉਹ ਦੋ ਭਰਾ ਨੂੰ ਭੁੱਖਿਆਂ ਮਰਦਿਆਂ ਵੇਖਣ ਦੀ ਤਸੱਲੀ ਚਾਹੁੰਦਾ ਸੀ, ਉਨ੍ਹਾਂ ਦੀਆਂ ਅੱਖਾਂ ਵਿਚ ਪਸ਼ਚਾਤਾਪ ਨੂੰ ਵੇਖ ਕੇ ਖੁਸ਼ ਹੋਣਾ ਚਾਹੁੰਦਾ ਸੀ।

ਰਾਮੀ ਦੇ ਭਰਾ ਦਾ ਰੁਜ਼ਗਾਰ ਅੱਧਾ ਵੀ ਨਾ ਰਿਹਾ। ਉਹਦੇ ਕਪੜੇ ਚੋਰੀ ਹੋਣ ਲੱਗ ਪਏ। ਉਹਦੀ ਮਜ਼ੂਰੀ 'ਚੋਂ ਗੁਆਚੇ ਕਪੜਿਆਂ ਦੀ ਕਾਟ ਉਹਦੇ ਪੱਲੇ ਕੁਝ ਰਹਿਣ ਨਹੀਂ ਸੀ ਦਿੰਦੀ। ਉਹਦੇ ਨਾਲ ਲੜਾਈਆਂ ਹੋਣ ਲਗ ਪਈਆਂ।

ਇਕ ਦਿਨ ਉਹਨੂੰ ਕਿਸੇ ਨਿਗੂਣੇ ਬਹਾਨੇ ਕਿਸੇ ਨੇ ਕੁੱਟ ਕੱਢਿਆ—ਉਹਦੀ ਵਹੁਟੀ ਬਚਾਣ ਲੱਗੀ, ਉਹਨੂੰ ਵੀ ਮਲ ਕੱਢਿਆ।

ਭਰਾ ਭਰਜਾਈ ਰਾਮੀ ਨਾਲ ਗੁੱਸੇ ਹੋ ਗਏ, ਕਿ ਸਭ ਮੁਸੀਬਤ ਉਸ ਦੇ ਕਰਕੇ ਉਨ੍ਹਾਂ ਉੱਤੇ ਆ ਰਹੀ ਸੀ। ਪਰ ਰਾਮੀ ਦੀਆਂ ਅੱਖਾਂ ਵਿਚ ਅੱਜ ਕੱਲ੍ਹ ਉਹ ਨਰਮੀ ਸੀ, ਉਹ ਨਿਰਾਸ਼ਤਾ ਸੀ. ਉਹ ਤਰਲਾ ਸੀ ਕਿ ਦੋਵੇਂ ਜਦ ਗਿੱਲੇ ਨੇਤਰਾਂ ਵਿਚ ਅੱਖਾਂ ਭਰ ਕੇ ਤਕਦੇ ਤਾਂ ਸਾਰਾ ਗੁੱਸਾ ਭੁੱਲ ਜਾਂਦੇ। ਯਤੀਮ ਬੇ-ਨਸੀਬ ਭੈਣ ਨੂੰ ਗਲ ਨਾਲ ਲਾ ਲੈਂਦੇ ਤੇ ਹੱਸ ਹੱਸ ਕੇ ਇਸ ਭਾਈਚਾਰਕ ਬੇ-ਨਿਆਈਂ ਨੂੰ ਝੱਲਣ ਲਈ ਤਿਆਰ ਹੋ ਜਾਂਦੇ।

ਇਕ ਰਾਤ ਸੁਤਿਆਂ ਉਨ੍ਹਾਂ ਦੇ ਘਰੋਂ ਲਾਟਾਂ ਉਠਣ ਲਗ ਪਈਆਂ। ਬੂਹੇ ਬੰਦ ਸਨ। ਰਾਮੀ ਵੱਖ ਕਮਰੇ ਵਿਚ ਸੀ! ਧੂੰਏ ਨਾਲ ਸਾਹ ਘੁੱਟਿਆ। ਰਾਮੀ ਉੱਠੀ, ਵੇਖਿਆ ਚੁਪਾਸੀਂ ਅੱਗ ਸੀ, ਇਕਦਮ ਹੱਸਣ ਲਗ ਪਈ। ਆਪਣੀਆਂ ਸਭ ਧੋਤੀਆਂ ਗੰਢ 'ਚੋਂ ਕੱਢ ਲਿਅਈ। ਇਕ ਇਕ ਨੂੰ ਵੇਖਕੇ ਧਰਦੀ ਜਾਏ। ਓੜਕ ਇਕ ਸੁੰਦਰ ਛਾਪੇ ਵਾਲੀ ਨੂੰ ਤਨ ਦਵਾਲੇ ਬੰਨ੍ਹਣ ਲਗੀ। ਲਾਟਾਂ ਹੋਰ ਉੱਚੀਆਂ ਹੋ ਗਈਆਂ, ਧੂੰਆਂ ਵੱਧ ਗਿਆ, ਪਰ ਰਾਮੀ ਗੌਂਦੀ ਤੇ ਆਂਹਦੀ ਸੀ :

"ਠਾਕਰ ਚੰਡੀ ਦਾਸ ਮੈਂ ਆਪਣੇ ਸਪਨੇ ਉਤੋਂ ਸਤੀ ਹੋਵਾਂਗੀ। ਤੁਸੀਂ ਇਹ ਸਾੜ੍ਹੀ ਪਸੰਦ ਕਰਦੇ ਸੋ—ਇਹਦੇ ਫੱਲਾਂ 'ਚੋ ਤੁਹਾਨੂੰ ਸੁਗੰਧ ਆਉਂਦੀ ਸੀ। ਇਹੀ ਬੰਨ੍ਹ ਕੇ ਸਤੀ ਹੋਵਾਂਗੀ।

ਛੱਪਰਾਂ ਦੇ ਬਾਹਰ ਲੋਕ ਇਕੱਠੇ ਹੋ ਰਹੇ ਸਨ। ਭਾਂਤ-ਸਭਾਂਤੀ ਬੋਲ ਰਹੇ ਸਨ। ਕੋਈ ਚੰਗਾ ਆਂਹਦਾ ਸੀ ਕੋਈ ਮੰਦਾਂ। ਕੋਈ ਅੰਦਰ ਜੀਉਂਦੇ ਸੜਦਿਆਂ ਲਈ ਹਉਕੇ ਭੈਂਦਾ ਸੀ, ਪਰ ਕੱਢ ਲਿਆਉਣ ਦਾ ਹੀਆ ਕਿਸੇ ਨੂੰ ਨਹੀਂ ਸੀ ਪੈਂਦਾ। ਬੂਹੇ ਤੋੜ ਦਿੱਤੇ ਗਏ—ਫਿਰ ਵੀ ਅੰਦਰੋਂ ਕੋਈ ਨਾ ਨਿਕਲਿਆ—ਸ਼ਾਇਦ ਅੰਦਰਲੇ ਧੂੰਏਂ ਨਾਲ ਬੇ-ਸੁੱਧ ਹੋ ਗਏ ਸਨ। ਅੰਦਰ ਜਾਏ ਕੋਈ ਨਾ—ਦੂਰ ਤਕ ਸੇਕ ਆ ਰਿਹਾ ਸੀ।

ਗਲੀ-ਗਲੀ ਵਿਚ ਧੁੰਮ ਪੈ ਗਈ ਕਿ ਰਾਮੀ ਦੇ ਭਰਾ ਦਾ ਘਰ ਬਲ ਰਿਹਾ ਹੈ, ਮੰਦਰ ਵਿਚ ਵੀ ਖ਼ਬਰ ਜਾ ਪੁੱਜੀ।

ਲੋਕ ਮੂੰਹ ਜੋੜ ਜੋੜ ਕੇ ਗੱਲਾਂ ਕਰ ਰਹੇ ਸਨ। ਕਿਸੇ ਨਾ ਵੇਖਿਆ ਕਿ ਕੋਲੋਂ ਦੀ ਕਾਹਲੀ-ਕਾਹਲੀ ਦੋੜਦਾ ਕੌਣ ਲੰਘ ਗਿਆ ਹੈ। ਭਾਂਬੜ ਮੱਚ ਰਹੇ ਸਨ, ਲੋਕ ਪਿਛਾਂਹ ਪਿਛਾਂਹ ਹਟ ਰਹੇ ਸਨ। ਤਦੇ ਅੰਦਰੋਂ ਕੋਈ ਕਿਸੇ ਨੂੰ ਕੰਧਾੜੇ ਚੁਕੀ

ਨਿਕਲਿਆ। ਇਕ ਨੂੰ ਸੁਟ ਕੇ ਫਿਰ ਅੰਦਰ ਨੱਸ ਗਿਆ। ਦੂਏ ਨੂੰ ਵੀ ਕੱਢ ਲਿਆਇਆ। ਰਾਮੀ ਦੇ ਭਰਾ ਭਰਜਾਈ ਨੂੰ ਲੋਕਾਂ ਸਾਂਭ ਲਿਆ।

"ਕੌਣ—ਕੌਣ ?" ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ "ਬੜਾ ਬਹਾਦਰ, ਜ਼ੈਲਦਾਰ ਇਸ ਨੂੰ ਇਨਾਮ ਦੇਵੇਗਾ।" ਇੰਨੇ ਨੂੰ ਉਹ ਰਾਮੀ ਨੂੰ ਵੀ ਚੁੱਕ ਲਿਆ-ਇਆ। ਲਿਟਾ ਦਿੱਤਾ। ਭੀੜ ਨੂੰ ਹਵਾ ਛੱਡਣ ਲਈ ਆਖਿਆ।

"ਕੌਣ—ਠਾਕਰ ਚੰਡੀ ਦਾਸ ?" ਕਈ ਮੂੰਹਾਂ ਤੋਂ ਇਕਦਮ ਆਵਾਜ਼ ਨਿਕਲੀ। ਕਿਸੇ ਆਖਿਆ, ਠਾਕਰ ਜੀ, ਕੀਕਰ ਏਡੀ ਛੇਤੀ ਮੰਦਰੋਂ ਪਹੁੰਚ ਪਏ। ਕਿਸੇ ਹੋਰ ਨੇ ਮੂੰਹ ਭੁਆ ਕੇ ਹੌਲੀ ਦਿੱਤੀ ਆਖਿਆ : "ਆਉਣਾ ਕਿਥੋਂ ਸਾਨੇ, ਕਈ ਰਾਤਾਂ ਤੋਂ ਠਾਕਰ ਇਸ ਘਰ ਹੀ ਸੌਂਦੇ ਹਨ।"

ਮੂੰਹੋਂ ਮੂੰਹ ਫਿਰਦੀ ਇਹ ਗੱਲ ਸਾਰੇ ਗਿਰਾਂ ਵਿਚ ਘੁੰਮ ਗਈ, ਸਵੇਰੇ ਹਰ ਘਰ ਵਿਚ ਇਸੇ ਕਹਾਣੀ ਦਾ ਚਰਚਾ ਸੀ। ਪੂਜਾ ਸਮੇਂ ਮੰਦਰ ਵਿਚ ਵੀ ਇਸੇ ਦੀ ਘੁਸਰ-ਮੁਸਰ ਹੋ ਰਹੀ ਸੀ। ਪਰ ਪ੍ਰੋਹਤ ਜੀ ਨੂੰ ਆਖਣ ਦੀ ਦਲੇਰੀ ਕਿਸੇ ਨੂੰ ਨਾ ਪਈ। ਠਾਕਰ ਚੰਡੀ ਦਾਸ ਨੇ ਰੋਜ਼ ਵਾਂਗ ਪੂਜਾ ਕਰਾਈ ਤੇ ਪ੍ਰਸ਼ਾਦ ਵੰਡਿਆ।

ਦੁਪਹਿਰ ਵੇਲੇ ਜ਼ੈਲਦਾਰ ਕੁਝ ਮੁੱਖੀਆਂ ਨੂੰ ਨਾਲ ਲੈ ਕੇ ਪ੍ਰੋਹਤ ਕੋਲ ਆਇਆ ਤੇ ਸਾਰੀ ਵਾਰਤਾ ਆਪਣੀ ਮਰਜ਼ੀ ਅਨੁਸਾਰ ਸੁਣਾ ਕੇ ਮੰਗ ਕੀਤੀ ਕਿ ਜਦੋਂ ਤੱਕ ਠਾਕਰ ਚੰਡੀ ਦਾਸ ਇਸ ਅਪਰਾਧ ਦਾ ਖੁਲ੍ਹਾ ਪ੍ਰਾਸ਼ਚਿਤ ਨਾ ਕਰ ਲੈਣ, ਉਹ ਪੂਜਾ ਕਰਾਣ ਦੇ ਅਧਿਕਾਰੀ ਨਹੀਂ ਸਮਝੇ ਜਾਣੇ ਚਾਹੀਦੇ।

ਗੁਰੂਦੇਵ ਨੂੰ ਸੁਣ ਕੇ ਬੜਾ ਦੁੱਖ ਹੋਇਆ, ਜਾਣੋਂ ਜ਼ਿੰਮੀਂ ਪੈਰਾਂ ਹੇਠੋਂ ਨਿਕਲ ਗਈ। ਉਨ੍ਹਾਂ ਦਾ ਸ਼ਿਸ਼ ਪੁੱਤਰ ਤੋਂ ਪਿਆਰਾ ਚੰਡੀ ਦਾਸ ਬ੍ਰਿਧ ਆਸਾਂ ਦਾ ਤਾਰਾ ਚੰਡੀ ਦਾਸ, ਏਡਾ ਹਲਕਾ ਹੋ ਜਾਵੇ ਕਿ ਮੰਦਰ ਦੀ ਪੂਜਾ ਕਰਾਣ ਦੇ ਯੋਗ ਨਾ ਸਮਝਿਆ ਜਾਵੇ ਤੇ ਬੱਚਾ ਬੱਚਾ ਉਹਦੀਆਂ ਗੱਲਾਂ ਕਰੇ। ਵੱਡਾ ਦੁੱਖ ਉਨ੍ਹਾਂ ਨੂੰ ਇਸ ਦਾ ਸੀ, ਕਿ ਪ੍ਰਾਸ਼ਚਿਤ ਦੀ ਜਿਹੜੀ ਸ਼ਰਤ ਲਾਈ ਗਈ ਹੈ, ਉਹ ਚੰਡੀ ਦਾਸ ਨੇ ਪੂਰੀ ਨਹੀਂ ਕਰਨੀ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਚੰਡੀ ਦਾਸ ਨਿਰ-ਅਪਰਾਧ ਹੈ।

ਗੁਰੂਦੇਵ ਨੇ ਚੰਡੀ ਦਾਸ ਨੂੰ ਆਪਣਾ ਦੁੱਖ ਪ੍ਰਗਟ ਕੀਤਾ ਤੇ ਸ਼ਰਤ ਸੁਣਾਈ। ਚੰਡੀ ਦਾਸ ਚੁੱਪ ਰਹੇ। ਗੁਰੂਦੇਵ ਨੇ ਬੋਲਣ ਲਈ ਆਖਿਆ।

"ਜੇ ਆਪ ਮੇਰੇ ਅਪਰਾਧ ਦਾ ਯਕੀਨ ਕਰਦੇ ਹੋ, ਤਾਂ ਜੋ ਆਗਿਆ ਕਰੋਗੇ ਪਾਲਣ ਕਰਾਂਗਾ।" ਚੰਡੀ ਦਾਸ ਨੇ ਉੱਤਰ ਦਿੱਤਾ।

"ਮੈਨੂੰ ਰਾਈ ਜਿੰਨਾ ਯਕੀਨ ਨਹੀਂ—ਪਰ ਮੇਰਾ ਦੁੱਖ ਤਦੇ ਨਵਿਰਤ ਹੋ ਸਕਦਾ ਹੈ, ਜੇ ਤੁਸੀਂ ਪ੍ਰਾਸ਼ਚਿਤ ਕਰਨ ਲਈ ਤਿਆਰ ਹੋ ਜਾਓ।"

"ਪਰ ਮੈਨੂੰ ਪ੍ਰਾਸ਼ਚਿਤ ਨਾਲ ਅਤਿਅੰਤ ਦੁੱਖ ਹੋਵੇਗਾ।"

"ਮੈਂ ਜਾਣਦਾ ਹਾਂ—ਮੇਰੇ ਚੰਡੀ ਦਾਸ—ਪਰ ਮੈਂ ਵ੍ਰਿਧ ਹਾਂ—ਮੇਰਾ ਅੰਤ ਅਸ਼ਾਂਤ ਹੋ ਰਿਹਾ ਹੈ—ਦਿਨ ਰਾਤ ਮੈਂ ਇਸ ਦੁੱਖ ਦੀ ਨਿਵਿਰਤੀ ਲਈ ਪ੍ਰਾਰਥਨਾ ਕਰਦਾ ਰਹਿੰਦਾ ਹਾਂ—ਮੇਰੇ ਕੋਲੋਂ ਇਹ ਨਿੰਦਿਆ ਨਮੋਸ਼ੀਆਂ ਸਹਾਰੀਆਂ ਨਹੀਂ ਜਾਂਦੀਆਂ—ਤੁਸੀਂ ਆਪਣੇ ਗੁਰੂਦੇਵ ਲਈ, ਜਿਸ ਨੇ ਆਤਮਾ ਜੋ ਭਗਵਾਨ ਨੂੰ ਅਰਪਨ ਕੀਤੀ ਹੈ, ਤਾਂ ਤਨ ਮਨ ਤੁਹਾਡੀ ਪ੍ਰੀਤ ਵਿੱਚ ਖਪਤ ਰਖੇ ਹਨ—ਉਸ ਬੁੱਢੇ ਗੁਰੂਦੇਵ ਲਈ ਇਹ ਕੁਰਬਾਨੀ ਸਵੀਕਾਰ ਕਰੋ, ਨਿਰ-ਅਪਰਾਧ ਦੀ ਪ੍ਰਾਸ਼ਚਿਤ ਕਬੂਲ ਕਰੋ, ਇਹ ਲੀਲ੍ਹਾ ਕਿਸੇ ਤਰ੍ਹਾਂ ਮੁਕ ਜਾਏ, ਇਹ ਕਾਂਵਾਂ-ਰੌਲੀ ਚੁੱਪ ਹੋ ਜਾਏ, ਤਾਂ ਮੇਰਾ ਤਪਦਾ ਹਿਰਦਾ ਤੁਹਾਨੂੰ ਅਸ਼ੀਰਵਾਦ ਦੇਵੇਗਾ।"

ਚੰਡੀ ਦਾਸ ਦੀਆਂ ਅੱਖਾਂ ਵਿੱਚ ਜਲ ਸੀ। ਉਸਦੇ ਬੁਲ੍ਹ ਹਿਲਦੇ ਸਨ, ਪਰ ਸ਼ਬਦ ਕੋਈ ਨਹੀਂ ਸੀ ਨਿਕਲਦਾ। ਗੁਰੂ ਦੇਵ ਨੇ ਉਸਨੂੰ ਗਲ ਨਾਲ ਲਾ ਕੇ ਆਖਿਆ :

"ਪੁੱਤਰ ਚੰਡੀ ਦਾਸ—ਆਪਣੇ ਬ੍ਰਿਧ ਪਿਤਾ ਨੂੰ ਠੰਡ ਪਾ ਦਿਓ—ਬੋਲੋ ਬੇਟਾ—ਮੈਨੂੰ ਨਿਰਾਸ਼ ਨਾ ਕਰੋ।"

"ਆਗਿਆ ਪ੍ਰਵਾਨ ਕਰਦਾ ਹਾਂ", ਚੰਡੀ ਦਾਸ ਨੇ ਸਿਰ ਹਿਲਾ ਕੇ ਉਤਾਂਹ ਤੱਕ ਕੇ ਆਖਿਆ।

ਗੁਰੂਦੇਵ ਫੁੱਲੇ ਨਹੀਂ ਸਮਾਂਦੇ ਸਨ। ਔਕੜ ਹੱਲ ਹੋ ਗਈ। ਪ੍ਰਾਸ਼ਚਿਤ ਹੋ ਜਾਏਗਾ, ਲੋਕ ਚੁੱਪ ਕਰ ਜਾਣਗੇ, ਉਪਾਧੀ ਟਲ ਜਾਵੇਗੀ।

ਜ਼ੈਲਦਾਰ ਖ਼ੁਸ਼ ਸੀ ਕਿ ਰਾਮੀ ਜਿਸ ਨੇ ਉਸ ਦਿਨ ਚੁੱਪ ਖੜੋਤੇ ਰਹਿਣ ਦਾ ਇੰਨਾ ਗੁੱਸਾ ਕੀਤਾ ਸੀ, ਜਦ ਉਹ ਆਪਣੀ ਖ਼ਾਤਰ ਚੰਡੀ ਦਾਸ ਨੂੰ ਖੁਲ੍ਹਾ ਪ੍ਰਾਸ਼ਚਿਤ ਕਰਦਿਆਂ ਸੁਣੇਗੀ ਤਾਂ ਕਦੇ ਮਾਫ਼ ਨਹੀਂ ਕਰੇਗੀ। ਇਸ ਤਰ੍ਹਾਂ ਵਿਚੋਂ ਚੰਡੀ ਦਾਸ ਬਿਲਕੁਲ ਨਿਕਲ ਜਾਏਗਾ ਅਤੇ ਪੂਰਾ ਅਖਾੜਾ ਉਹਦੇ ਹਥ ਆ ਜਾਏਗਾ।

ਜਿਸ ਦਿਨ ਪ੍ਰਾਸ਼ਚਿਤ ਸੀ, ਜ਼ੈਲਦਾਰ ਨੇ ਥਾਂ ਥਾਂ ਉਤੇ ਪਹਿਰੇ ਲਾ ਦਿੱਤੇ ਕਿ ਰਾਮੀ ਮੰਦਰ ਵਿਚ ਨਾ ਜਾ ਸਕੇ। ਪਰ ਹੋਣੀ ਨੂੰ ਕੌਣ ਰੋਕ ਸਕਦਾ ਹੈ। ਰਾਮੀ ਪਾਣੀ ਦਾ ਘੜਾ ਸਿਰ ਉੱਤੇ ਚੁੱਕੀ ਆ ਰਹੀ ਸੀ, ਕਿ ਰਾਹ ਵਿਚ ਕਿਸੇ ਨੇ

ਦਸਿਆ ਕਿ ਅੱਜ ਮੰਦਰ ਵਿਚ ਚੰਡੀ ਦਾਸ ਠਾਕਰ ਦੇ ਪ੍ਰਾਸ਼ਚਿਤ ਦਾ ਯੱਗ ਹੈ। ਰਾਮੀ ਖੜ੍ਹੋ ਗਈ। ਦੂਹਰਾ ਕੇ ਪੁੱਛਿਆ। ਦਸਣ ਵਾਲੀ ਆਪ ਮੰਦਰ ਵਿਚੋਂ ਸੁਣ ਕੇ ਆਈ ਸੀ।

"ਕਦੇ ਨਹੀਂ—ਚੰਡੀ ਦਾਸ ਕਦੇ ਪ੍ਰਾਸ਼ਚਿਤ ਨਹੀਂ ਕਰਨਗੇ।" ਰਾਮੀ ਨੇ ਦਾਅਵੇ ਨਾਲ ਆਖਿਆ।

"ਤੂੰ ਆਪ ਚਲ ਕੇ ਵੇਖ ਲੈ, ਮੰਦਰ ਵਿਚ ਗਹਿਮਾ-ਗਹਿਮੀ ਹੈ।" ਇਕ ਹੋਰ ਰਾਹ ਲੰਘਦੀ ਨੇ ਪਕਿਆਈ ਕਰ ਦਿੱਤੀ। ਫਿਰ ਕੀ ਸੀ, ਰਾਮੀ ਸੁਦੈਣ ਹੋ ਗਈ, ਘੜਾ ਪੈਰਾਂ ਵਿਚ ਸੁਟ ਪਾਇਆ, ਕੂਕਣ ਲੱਗ ਪਈ :

"ਸੱਚੀਂ ਦੱਸੋ—ਇਕ ਗੱਲ—ਕੀ ਤੁਸੀਂ ਠੀਕ ਪ੍ਰਾਸ਼ਚਿਤ ਕਰਨ ਲਗੇ ਹੋ ?

ਇਹ ਕੂਕਦੀ ਉਹ ਮੰਦਰ ਵੱਲ ਤੁਰ ਪਈ। ਅਗੋਂ ਪਹਿਰੇ ਵਾਲੇ ਨੇ ਮੋੜ ਦਿੱਤਾ। ਦੂਜੇ ਰਾਹ ਹੋ ਗਈ, ਉਧਰੋਂ ਵੀ ਮੋੜ ਦਿੱਤਾ। ਗਿਰਾਂ ਤੋਂ ਬਾਹਰ ਨਿਕਲ ਗਈ। ਪੈਲੀਆਂ ਬੰਨਿਆਂ ਉਤੇ ਬਾਓਰੀ ਹੋਈ ਪੁਕਾਰਦੀ ਦੌੜਦੀ ਗਈ। ਰਾਹ ਵਿਚ ਠੇਡੇ ਲਗੇ—ਸੱਟਾਂ ਲਈਆਂ— ਮੱਥਾ ਬ੍ਰਿਛ ਨਾਲ ਟਕਰਾ ਕੇ ਪਾਟ ਗਿਆ— ਪਰ ਚੰਡੀ ਠਾਕਰ ਨੂੰ ਸੱਚ ਆਖਣ ਲਈ ਪੁਕਾਰਦੀ ਗਈ। ਦੋਹਾਂ ਮੀਲਾਂ ਦਾ ਵਲਾਂ ਪਾ ਕੇ ਪਿੰਡ ਦੇ ਦੂਜੇ ਸਿਰੇ ਪਹੁੰਚ ਗਈ। ਉਥੋਂ ਮੰਦਰ ਨੇੜੇ ਸੀ।

ਮੰਦਰ ਵਿਚ ਸੱਚ-ਮੁੱਚ ਗਹਿਮੀ-ਗਹਿਮੀ ਸੀ। ਯੱਗ ਤਿਆਰ ਸੀ। ਭੁੱਖੇ ਨੰਗਿਆਂ ਦੀ ਭੀੜ ਸੀ। ਅੰਦਰ ਪ੍ਰੋਹਤ ਜੀ ਚਾਈਂ ਚਾਈਂ ਹਵਨ-ਕੁੰਡ ਉੱਤੇ ਬੈਠੇ ਚੰਡੀ ਦਾਸ ਕੋਲੋਂ ਆਹੂਤੀਆਂ ਪੁਆ ਰਹੇ ਸਨ।

ਹਵਨ ਖ਼ਤਮ ਹੋਇਆ। ਪ੍ਰੋਹਤ ਜੀ ਨੇ ਪ੍ਰਸ਼ਾਦ ਦਾ ਥਾਲ ਚੰਡੀ ਦਾਸ ਦੇ ਹੱਥ ਫੜਾਇਆ, ਤੇ ਅੰਤਮ ਰਸਮ ਲਈ ਮਾਤਾ ਦੀ ਭੇਟ ਵਾਸਤੇ ਜਾਣ ਲਈ ਤਿਆਰ ਹੋਏ ਅਗੇ ਪ੍ਰੋਹਤ ਜੀ ਤੇ ਉਨ੍ਹਾਂ ਦੇ ਨਾਲ ਚੰਡੀ ਦਾਸ, ਪਿਛੇ ਜ਼ੈਲਦਾਰ ਤੇ ਹੋਰ ਮੁੱਖੀਏ।

ਚੰਡੀ ਦਾਸ ਤੁਰਦੇ ਤੁਰਦੇ ਖਲੋ ਜਾਂਦੇ ਸਨ। ਪ੍ਰੋਹਤ ਜੀ ਮੋਢਾ ਹਿਲਾ ਕੇ ਤੁਰਨ ਲਈ ਆਖਦੇ ਸਨ। ਉਹ ਦੋ ਕਦਮ ਹੋਰ ਤੁਰ ਕੇ ਫਿਰ ਖੜੋ ਜਾਂਦੇ ਸਨ, ਮਾਨੋਂ ਕੋਈ ਆਵਾਜ਼ ਉਨ੍ਹਾਂ ਦੇ ਕੰਨਾਂ ਵਿਚ ਪੈਂਦੀ ਹੈ।

"ਕਿਉਂ ਚੰਡੀ ਦਾਸ—ਕੀ ਸੁਣਦੇ ਹੋ ? ਬੇਟਾ, ਬੇਟਾ ਛੇਤੀ ਚਲੋ, ਮਾਤਾ ਨੂੰ ਪ੍ਰਸ਼ਾਦ ਭੇਟ ਕਰ ਆਓ ਫਿਰ ਜੋ ਸੋਚਦੇ ਹੋ, ਸੋਚ ਲੈਣਾ।"

"ਕੁਝ ਨਹੀਂ ਗੁਰੂਦੇਵ.. ਮੈਂ ਚਲਦਾ ਹਾਂ।"

ਪਰ ਦੋ ਕਦਮ ਅੱਗੇ ਵਧੇ ਸਨ ਕਿ ਸਾਹਮਣਿਉਂ ਆਵਾਜ਼ ਆਈ: "ਠਹਿਰ ਜਾਓ, ਚੰਡੀ ਠਾਕਰ ..ਇਕ ਗੱਲ ਮੈਨੂੰ ਦਸ ਜਾਓ.. ਕੀ ਇਹ ਪ੍ਰਾਸ਼ਚਿਤ ਰਾਮੀ ਧੋਬਣ ਲਈ ਹੈ ?"

ਚੰਡੀ ਦਾਸ ਦੇ ਪੈਰ ਸਮਝੋ ਗੱਡ ਘੱਤੇ। ਪ੍ਰੋਹਤ ਚਕ੍ਰਿਤ ਹੋ ਗਿਆ, ਸਾਹਮਣੇ ਦੇਖਦੇ ਹਨ ਕਿ ਵਲਗਣ ਟੱਪ ਕੇ...ਸੁਦੈਣ ਹੋਈ, ਕਪੜੇ ਖੁੰਗੀਓ ਖੁੰਗੀ ਮੱਥਿਓਂ ਲਹੂ ਵਗਦਾ... ਰਾਮੀ ਮੰਦਰ ਦੇ ਹਾਤੇ ਵਿਚ ਆ ਕੁੱਦੀ। ਤੇ ਸਿੱਧੀ ਚੰਡੀ ਦਾਸ ਕੋਲ ਆ ਖੜੋਤੀ। ਉਹਨੂੰ ਹੋਰ ਕੋਈ ਦਿਸਦਾ ਹੀ ਨਹੀਂ ਸੀ ਮਾਲੂਮ ਹੁੰਦਾ।

"ਇਕ ਗੱਲ ਚੰਡੀ ਠਾਕਰ, ਕੀ ਇਹ ਪ੍ਰਾਸ਼ਚਿਤ ਮੇਰੇ ਲਈ ਕਰ ਰਹੇ ਹੋ ?" ਚੰਡੀ ਦਾਸ ਦੇ ਹੱਥੋਂ ਪ੍ਰਸ਼ਾਦ ਦਾ ਥਾਲ ਡਿਗ ਪਿਆ, ਪ੍ਰੋਹਤ ਜੀ ਸ਼ਿਸ਼ ਦੇ ਮੂੰਹ ਵੱਲ ਦੇਖਦੇ ਰਹਿ ਗਏ। ਸਾਰੇ ਸੱਨਾਟਾ ਛਾ ਗਿਆ, ਪਰ ਫਿਰ ਰਾਮੀ ਨੇ ਪੁਛਿਆ, "ਬੋਲੋ, ਠਾਕਰ...ਬੋਲੋ ...ਕੀ ਇਹ ਪ੍ਰਾਸ਼ਚਿਤ ਮੇਰੇ ਲਈ ਹੈ ?"

"ਨਹੀ...ਰਾਮੀ ਇਹ ਇਸ ਲਈ ਹੈ ਕਿ ਮੈਂ ਅੱਜ ਤਕ ਅਸੱਤ ਨੂੰ ਸੱਤ ਬਣਾ ਕੇ ਪੂਜਦਾ ਰਿਹਾ ਹਾਂ।"

"ਚੰਡੀ ਦਾਸ...ਹੋਸ਼ ਕਰੋ...ਮੇਰੇ ਬੇਟੇ...ਆਪਣੇ ਗੁਰੂਦੇਵ ਦਾ ਖ਼ਿਆਲ ਕਰੋ।

"ਨਹੀਂ ਗੁਰੂਦੇਵ ਜੀ...ਹੁਣ ਨਹੀਂ ਹੋ ਸਕਦਾ...ਬੜਾ ਚਿਰ ਕੰਨਾਂ ਵਿਚ ਉਂਗਲਾਂ ਦੇ ਕੇ ਮਨੁੱਖਤਾ ਦੀ ਪੁਕਾਰ ਨੂੰ ਅਣਸੁਣੀ ਕਰ ਕੇ ਬੁੱਤਾਂ ਦੀ ਪੂਜਾ ਕਰਦਾ ਰਿਹਾਂ। ਪਰ ਅੱਜ ਮਨੁੱਖਤਾ ਆਪ ਰਾਮੀ ਧੋਬਣ ਦੇ ਸਰੂਪ ਵਿਚ ਮੇਰੀ ਪੂਜਾ ਮੰਗਣ ਆਈ ਹੈ, ਮੈਂ ਰੁਕ ਨਹੀਂ ਸਕਦਾ।" ਤੇ ਅਗਾਂਹ ਵੱਧ ਕੇ ਚੰਡੀ ਦਾਸ ਨੇ ਰਾਮੀ ਧੋਬਣ ਨੂੰ ਆਪਣੀਆਂ ਬਾਹਵਾਂ ਵਿਚ ਲੈ ਲਿਆ।

"ਚੰਡੀ ਦਾਸ...ਮੇਰੇ ਚੰਡੀ ਦਾਸ।" ਪ੍ਰੋਹਤ ਜੀ ਪੁਕਾਰੇ।

"ਗੁਰੂਦੇਵ...ਮੇਰੇ ਪੂਜ ਗੁਰੂਦੇਵ...। ਮੈਨੂੰ ਕੁਝ ਸੁਣਾਈ ਨਹੀਂ ਦਿੰਦਾ, ਮੇਰੇ ਕੰਨਾਂ ਵਿਚ ਮਨੁੱਖਤਾ ਦੀ ਪੁਕਾਰ ਹੈ।"

"ਚੰਡੀ ਦਾਸ...ਬੇਟਾ ਚੰਡੀ ਦਾਸ...ਮੇਰੇ ਚੰਡੀ ਦਾਸ...।"

ਇੰਨੇ ਨੂੰ ਚੋਲਦਾਰ ਕੜਕ ਕੇ ਬੋਲਿਆ : "ਮੇਰਾ ਹੁਕਮ ਹੈ ਕਿ ਚੰਡੀ ਦਾਸ ਤੇ ਰਾਮੀ ਧੋਬਣ ਨੂੰ ਮੇਰੇ ਨਗਰ ਵਿਚੋਂ ਕੱਢ ਦਿੱਤਾ ਜਾਏ।"

"ਨਹੀਂ ਮੇਰੇ ਭਗਤ...ਚੰਡੀ ਦਾਸ ਨੂੰ ਮੇਰੇ ਕੋਲੋਂ ਨਾ ਨਿਖੇੜੋ।"

"ਨਹੀਂ ਪ੍ਰੋਹਤ ਜੀ...ਮੇਰੀ ਧਰਮ ਨਗਰੀ ਵਿਚ ਐਸੇ ਦੁਰਾਚਾਰੀ ਠਾਕਰ ਤੇ ਵਿਭਚਾਰਨ ਰਾਮੀ ਲਈ ਕੋਈ ਥਾਂ ਨਹੀਂ।"

ਪ੍ਰੋਹਤ ਬੇ-ਸੁਰਤ ਹੋ ਕੇ ਡਿਗ ਪੈਂਦਾ ਹੈ। ਚੋਬਦਾਰ ਚੰਡੀ ਦਾਸ ਤੇ ਰਾਮੀ ਦੇ ਨਾਲ ਹੋ ਜਾਂਦੇ ਹਨ। ਕਈ ਆਦਮੀ ਇਸਤ੍ਰੀਆਂ ਵੀ ਤਮਾਸ਼ਾ ਵੇਖਣ ਲਈ ਤੁਰ ਪੈਂਦੇ ਹਨ। ਰਾਮੀ ਧੋਬਣ ਤੇ ਠਾਕਰ ਨਗਰੋਂ, ਘਰੋਂ ਕੱਢੇ ਜਾ ਰਹੇ ਹਨ। ਰਾਹ ਵਿਚ ਰਾਮੀ ਦੇ ਭਰਾ ਭਰਜਾਈ ਵੀ ਸੁਣ ਕੇ ਨਾਲ ਹੋ ਗਏ। ਪਿੰਡ ਦੀ ਹੱਦ ਟੱਪੀ ਗਈ, ਸੰਝ ਹੋ ਗਈ ਸੀ। ਲੋਕ ਮੁੜ ਆਏ, ਪਰ ਦੋਹਾਂ ਜਲਾਵਤਨੀਆਂ ਨੇ ਮੁੜ ਕੇ ਪਿਛਾਂਹ ਨਹੀਂ ਤਕਿਆ। ਉਹ ਇਕ ਸੱਚੇ ਅਮਲ ਦੀ ਤੇ ਭਗਵਾਨ ਦੇ ਇਨਸਾਫ਼ ਦੀ ਤਸੱਲੀ ਵਿਚ ਹਸਦੇ, ਗੌਂਦੇ, ਬੇ ਸਮਾਨ, ਤੁਰਦੇ ਚਲੇ ਗਏ।

ਨਾਨਕ ਸਿੰਘ

ਵੱਡਾ ਡਾਕਟਰ

1

ਦਫ਼ਤਰੋਂ ਛੁੱਟੀ ਹੋਈ। ਬਾਬੂ ਦੀਨਾ ਨਾਥ ਸੋਟੀ ਹਿਲਾਉਂਦਾ ਹੋਇਆ ਘਰ ਵੱਲ ਜਾ ਰਿਹਾ ਸੀ। ਜਦ ਉਹ ਮੁਨਿਆਰਾਂ ਦੇ ਬਾਜ਼ਾਰ ਵਿਚੋਂ ਲੰਘਿਆ ਤਾਂ ਉਸ ਨੂੰ ਆਪਣੇ ਕਾਕੇ ਜਗਦੀਸ਼ ਦਾ ਖ਼ਿਆਲ ਆਇਆ ਜਿਹੜਾ ਖਿਡੌਣਿਆਂ ਦਾ ਬੜਾ ਲੋਭੀ ਸੀ।

ਉਹ ਇਕ ਮੁਨਿਆਰ ਦੀ ਹੱਟੀ ਅੱਗੇ ਜਾ ਖੜੋਤਾ ਤੇ ਬਹੁਤ ਸਾਰੇ ਖਿਡੌਣਿਆਂ ਵਿਚੋਂ ਉਸ ਨੇ ਇਕ ਜੱਤ ਵਾਲਾ ਕੁੱਤਾ ਪਸੰਦ ਕੀਤਾ। ਪੈਸੇ ਦੁਕਾਨਦਾਰ ਨੂੰ ਦੇ, ਕੁੱਤਾ ਖੀਸੇ ਵਿਚ ਪਾ, ਉਹ ਘਰ ਵੱਲ ਟੁਰ ਪਿਆ। ਸਾਰੇ ਖਿਡੌਣਿਆਂ ਵਿਚੋਂ ਉਸ ਨੇ ਜੱਤ ਵਾਲਾ ਕੁੱਤਾ ਹੀ ਕਿਉਂ ਪਸੰਦ ਕੀਤਾ, ਇਸ ਦਾ ਵੀ ਇਕ ਖ਼ਾਸ ਕਾਰਣ ਸੀ। ਜਗਦੀਸ਼ ਨੂੰ ਸ਼ੌਕ ਸੀ ਜਾਨਦਾਰ ਖਿਡੌਣਿਆਂ ਨਾਲ ਖੇਡਣ ਦਾ, ਪਰ ਦੀਨਾ ਨਾਥ ਨੂੰ ਮੁੰਡੇ ਦੀ ਇਹ ਆਦਤ ਪਸੰਦ ਨਹੀਂ ਸੀ।

ਜਦ ਉਹ ਘਰ ਪੁੱਜਾ ਤਾਂ ਥੜੇ ਉਤੇ ਉਸ ਨੇ ਜਗਦੀਸ਼ ਨੂੰ ਅੱਜ ਵੀ ਇਕ ਜਾਨਦਾਰ ਖਿਡੌਣੇ ਨਾਲ ਖੇਡਦਿਆਂ ਵੇਖਿਆ। ਡਾਢਾ ਕੂਲਾ, ਗਿਸ਼ਟ ਪੁਸ਼ਟ ਤੇ ਗੁਦ-ਗੁਦਾ ਖਿਡੌਣਾ, ਇਕ ਬਿੱਲੀ ਦਾ ਬੱਚਾ ਸੀ।

ਬਾਬੂ ਦੀਨਾ ਨਾਥ ਵੱਲ ਜਗਦੀਸ਼ ਦੀ ਪਿੱਠ ਸੀ, ਜਿਸ ਕਰ ਕੇ ਉਹ ਮੂੰਹ-ਧਿਆਨੇ ਆਪਣੀ ਖੇਡੇ ਰੁਝਾ ਰਿਹਾ। ਬਲੂੰਗੜੇ ਦੀਆਂ ਅਗਲੀਆਂ ਲੱਤਾਂ ਨੂੰ ਫੜ ਕੇ ਉਹ ਉਸ ਨੂੰ ਸਿੱਧਾ ਖੜਾ ਕਰਨਾ ਚਾਹੁੰਦਾ ਸੀ, ਪਰ ਉਹ ਮੁੜ ਚਹੁੰ-ਲੱਤਾਂ ਪਰਨੇ ਹੋ ਜਾਂਦਾ।

ਬਲੂੰਗੜਾ ਘੜੀ-ਮੁੜੀ ਉਸ ਦਾ ਮੂੰਹ ਚੁੰਮਣ ਲਈ ਬੂਥੀ ਚੁਕਦਾ ਪਰ ਜਗਦੀਸ਼ ਉਸ ਨੂੰ ਧੱਕ ਕੇ ਪਰ੍ਹੇ ਕਰ ਦਿੰਦਾ ਸੀ। ਅਖੀਰ ਇਕ ਵਾਰੀ ਉਸ ਨੇ ਮੁੰਡੇ ਦਾ ਮੂੰਹ ਚੁੰਮ ਲਿਆ।

ਆਪਣੀ ਖੇਡ ਵਿਚ ਜਗਦੀਸ਼ ਇੰਨਾ ਮਸਤ ਸੀ ਕਿ ਉਸ ਨੂੰ ਆਪਣੀ ਨਿੱਕਰ

ਤੇ ਝੱਗੇ ਦਾ ਵੀ ਖ਼ਿਆਲ ਨਾ ਰਿਹਾ, ਜਿਹੜੇ ਬਲੂੰਗੜੇ ਦੇ ਚਿੱਕੜ ਭਰੇ ਪੰਜਿਆਂ ਨਾਲ ਨਾਸ ਹੋ ਰਹੇ ਸਨ।

ਪਿਛੇ ਖਲੋਤੇ ਬਾਬੂ ਦੀਨਾ ਨਾਥ ਨੇ ਇਹ ਸਭ ਕੁਝ ਵੇਖਿਆ ਤੇ ਗੁੱਸੇ ਨਾਲ ਉਸ ਦਾ ਚਿਹਰਾ ਤਮਤਮਾ ਉਠਿਆ। ਉਸ ਨੇ ਪੌਂਦਿਆਂ ਹੀ ਇਕ ਖਰ੍ਹਵੇ ਹੱਥ ਨਾਲ ਬਲੂੰਗੜਾ ਉਸ ਪਾਸੋਂ ਖੋਹ ਕੇ ਇਕ ਪਾਸੇ ਸੁੱਟ ਦਿੱਤਾ ਤੇ ਕਹਿਣ ਲੱਗਾ "ਛੱਡ ਨਲੈਕਾ ਇਸ ਬਲਾ ਨੂੰ। ਵੇਖ ਤੇ ਸਹੀ, ਕੀ ਹਾਲ ਕੀਤਾ ਈ ਨਵੇਂ ਕਪੜਿਆਂ ਦਾ।"

ਪਿਉ ਦੇ ਆਉਣ ਤੋਂ ਪਹਿਲਾਂ ਜਗਦੀਸ਼ ਕੁਝ ਹੋਰ ਹੀ ਸੋਚ ਰਿਹਾ ਸੀ। ਉਹ ਇਸ ਖ਼ਿਆਲ ਵਿਚ ਸੀ ਕਿ ਆਪਣੇ ਬਾਊ ਜੀ ਦੇ ਆਉਣ ਤੇ ਉਹ ਆਪਣੇ ਇਸ ਨਵੇਂ ਦੋਸਤ ਦੀ ਜਾਣ ਪਛਾਣ ਉਸ ਨਾਲ ਕਰਾਵੇਗਾ ਤੇ ਬਾਊ ਇਸ ਨੂੰ ਵੇਖ ਕੇ ਬੇਹੱਦ ਖ਼ੁਸ਼ ਹੋਵੇਗਾ। ਪਰ ਪਿਉ ਦੇ ਇਸ ਵਰਤਾਉ ਨੇ ਉਸ ਦੇ ਉਤਸ਼ਾਹ ਨੂੰ ਸਲ੍ਹਾਬਾ ਚੜ੍ਹਾ ਦਿੱਤਾ।

ਉਸ ਨੇ ਇਕ ਸਹਿਮੀ ਨਜ਼ਰ ਨਾਲ ਆਪਣੇ ਪਿਉ ਵੱਲ ਤੱਕਿਆ ਤੇ ਫਿਰ ਪਿਆਰ; ਤਰਸ ਕੇ ਬੇਵਸੀ ਨਾਲ ਵੇਖਿਆ—ਕਈਆਂ ਕਦਮਾਂ ਤੇ ਡਿੱਗੇ ਪਏ ਆਪਣੇ ਬਲੂੰਗੜੇ ਨੂੰ।

ਪਤੀ ਦੀ ਕੜਕਵੀਂ ਆਵਾਜ਼ ਸੁਣ ਕੇ ਅੰਦਰੋਂ ਉਮਾਂ ਦੇਵੀ ਨਿਕਲ ਆਈ। ਉਸਨੂੰ ਦੇਖਦਿਆਂ ਹੀ ਬਾਬੂ ਦੀਨਾ ਨਾਥ ਦਾ ਕ੍ਰੋਧ ਉਸ ਉਤੇ ਵਰ੍ਹਨ ਲੱਗਾ। ਉਹ ਉਸ ਵੱਲ ਤਕ ਕੇ ਬੋਲਿਆ, "ਤੂੰ ਕਿਤਨੀ ਬੇ-ਸਮਝ ਏਂ! ਤੈਨੂੰ ਪਤਾ ਨਹੀਂ, ਬਿੱਲਿਆਂ ਕੁੱਤਿਆਂ ਦੇ ਮੂੰਹ ਦੀ ਹਵਾੜ ਤੇ ਇਨ੍ਹਾਂ ਦੇ ਵਾਲ ਕਿੰਨੇ ਖਤਰਨਾਕ ਹੁੰਦੇ ਨੇ? ਵੇਖਦੀ ਨਹੀਂ ਕਿਹੜੇ ਵੇਲੇ ਦਾ ਬਲੂੰਗੜੇ ਨੂੰ ਚੁੰਮਣ ਡਿਹਾ ਹੋਇਆ ਏ ਤੇ ਕਪੜਿਆਂ ਦਾ ਸਤਿਆਨਾਸ ਵੱਖਰਾ ਕਰ ਛਡਿਆ ਸੂ! ਨਾਲੇ ਠੰਡ ਵਿਚ ਇਸ ਵੇਲੇ ਤਕ ਬਾਹਰ ਬੜ੍ਹੇ ਤੇ ਬੈਠਾ ਹੋਇਆ ਏ!"

ਤਿੰਨਾਂ ਵਰ੍ਹਿਆਂ ਦੇ ਬਾਲ ਨੂੰ ਬਾਬੂ ਦੀਨਾ ਨਾਥ ਆਪਣੀ ਅਕਲ ਦੇ ਗਜ਼ਾਂ ਨਾਲ ਮਿਣਨਾ ਚਾਹੁੰਦਾ ਸੀ, ਪਰ ਉਮਾਂ ਦੇਵੀ ਦੇ ਸੀਨੇ ਵਿਚ ਮਾਂ ਦਾ ਦਿਲ ਸੀ। ਉਹ ਬਾਲਾਂ ਦੇ ਸੁਭਾ ਤੋਂ ਵਧੇਰੇ ਜਾਣੂ ਸੀ।

ਉਮਾਂ ਦੇਵੀ ਪਤੀ ਨੂੰ ਕਹਿਣ ਲੱਗੀ—"ਹੱਛਾ ਫਿਰ ਕੀ ਹੋਇਆ, ਅੰਞਾਣਾ, ਜੁ ਹੋਇਆ, ਸਾਰੇ ਬਾਲ ਇਸੇ ਤਰ੍ਹਾਂ ਹੁੰਦੇ ਨੇ ਕਿ!"

ਦੀਨਾ ਨਾਥ ਹੋਰ ਤੇਜ਼ ਹੋ ਕੇ ਬੋਲਿਆ "ਸਾਰੇ ਬਾਲ ਤੇ ਹੋਏ ਜੰਗਲੀਆਂ ਅਨਪੜ੍ਹਾਂ ਦੇ। ਇਹੋ ਜਿਹੇ ਗਵਾਰਾਂ ਦੀ ਸੁਹਬਤ ਵਿਚ ਮੈਂ ਨਹੀਂ ਪੈਣ ਦੇਣਾ ਚਾਹੁੰਦਾ ਮੁੰਡੇ ਨੂੰ।"

ਪਿਉ ਦਾ ਹੁਕਮ ਪਾ ਕੇ ਜਗਦੀਸ਼ ਮੁਜਰਮ ਵਾਂਗ ਉਸ ਦੇ ਅੱਗੇ ਅੱਗੇ ਟੁਰ ਪਿਆ। ਅੰਦਰ ਪਹੁੰਚਦਿਆਂ ਤਾਈਂ ਉਸ ਨੇ ਪਿਉ ਦੀ ਅੱਖ ਬਚਾ ਕੇ ਕਈ ਵਾਰ ਪਿਛਾਂਹ ਤਕਿਆ, ਪਰ ਬਲੂੰਗੜਾ ਹੁਣ ਉਥੇ ਨਹੀਂ ਸੀ।

2

ਸਭ ਤੋਂ ਪਹਿਲਾਂ ਉਸ ਦੇ ਕਪੜੇ ਬਦਲਾਏ ਗਏ ਤੇ ਇਸ ਤੋਂ ਬਾਅਦ ਦੀਨਾ ਨਾਥ ਨੇ ਉਸ ਨੂੰ ਪਿਆਰ ਨਾਲ ਕੁਛੜ ਲਿਆ। ਉਸ ਦਾ ਮੂੰਹ ਚੁੰਮਦਾ ਹੋਇਆ ਉਹ ਦਿਲ ਹੀ ਦਿਲ ਵਿਚ ਆਪਣੀ ਸਖ਼ਤੀ ਤੇ ਪਛਤਾਉਣ ਲਗਾ। ਪਰ ਬੱਚੇ ਦੀ ਅਰੋਗਤਾ ਲਈ ਉਸ ਨੂੰ ਇਹ ਕੁਝ ਕਰਨਾ ਹੀ ਪੈਣਾ ਸੀ।

ਜਗਦੀਸ਼ ਉਸ ਦੀ ਗੋਦ ਵਿਚ ਬੈਠਾ ਸੀ, ਪਰ ਅਗੇ ਵਾਂਗ ਖੁਸ਼ੀ ਖੁਸ਼ੀ ਨਹੀਂ, ਸਗੋਂ ਡਾਢਾ ਬੇਕਲ ਜਿਹਾ ਹੋ ਕੇ।

ਬਾਬੂ ਦੀਨਾ ਨਾਥ ਨੂੰ ਖਿਡੌਣੇ ਦਾ ਚੇਤਾ ਆ ਗਿਆ। ਉਸ ਨੇ ਝੱਟ ਟੰਗੇ ਹੋਏ ਕੋਟ ਦੀ ਜੇਬ ਵਿਚੋਂ ਜੌਤ ਵਾਲਾ ਕੁੱਤਾ ਕਢ ਕੇ ਜਗਦੀਸ਼ ਨੂੰ ਫੜਾ ਦਿੱਤਾ।

ਕੁੱਤਾ ਬੜਾ ਸੋਹਣਾ ਸੀ, ਪਰ ਜਗਦੀਸ਼ ਨੂੰ ਉਸ ਪਾਸੋਂ ਕੋਈ ਖੁਸ਼ੀ ਨਾ ਮਿਲ ਸਕੀ। ਉਹ ਇਸ ਨੂੰ ਵੇਖ ਕੇ ਖੁਸ਼ ਹੋਣਾ ਚਾਹੁੰਦਾ ਸੀ, ਪਰ ਬਲੂੰਗੜੇ ਦਾ ਧਿਆਨ ਸਗੋਂ ਉਸ ਨੂੰ ਵਧੇਰੇ ਬੇਚੈਨ ਕਰੀ ਜਾਂਦਾ ਸੀ।

ਰਾਤੀ ਸੌਣ ਲਗਿਆਂ ਉਸ ਨੇ ਕੁੱਤੇ ਨੂੰ ਆਪਣੇ ਨਾਲ ਹੀ ਪੰਘੂੜੇ ਤੇ ਸੁਆਇਆ।

ਇਸ ਵੇਲੇ ਸਾਰੇ ਸੁੱਤੇ ਹੋਏ ਸਨ। ਕੇਵਲ ਜਗਦੀਸ਼ ਹੀ ਆਪਣੀ ਵਿਛਾਈ ਤੇ ਲੇਟਿਆ ਕਿਸੇ ਦੀ ਯਾਦ ਵਿਚ ਮਗਨ ਸੀ। ਥੋੜ੍ਹੀ ਦੇਰ ਬਾਅਦ ਉਹ ਉਠ ਕੇ ਬੈਠ ਗਿਆ ਤੇ ਸਰ੍ਹਾਂਦੀ ਪਏ ਕੁੱਤੇ ਨੂੰ ਚੁੱਕ ਕੇ ਤੇ ਉਸ ਨੂੰ ਅਗਲੀਆਂ ਲੱਤਾਂ ਤੋਂ ਫੜ ਕੇ ਖੜਾ ਕਰਨ ਲੱਗਾ। ਪਰ ਇਹ ਬਲੂੰਗੜੇ ਵਾਂਗ ਸ਼ਰਾਰਤਾਂ ਨਹੀਂ ਸੀ ਕਰਦਾ, ਨਾ ਹੀ ਉਸ ਦਾ ਮੂੰਹ ਚੁੰਮਣ ਨੂੰ ਹੰਭਲੇ ਮਾਰਦਾ ਸੀ। ਅਰਥਾਤ ਬਲੂੰਗੜੇ ਦੀਆਂ ਜਿਨ੍ਹਾਂ ਹਰਕਤਾਂ ਕਰ ਕੇ ਜਗਦੀਸ਼ ਨੂੰ ਗੁੱਸਾ ਆਉਂਦਾ ਸੀ, ਉਹ ਇਸ ਕੁੱਤੇ ਵਿਚ ਨਹੀਂ ਸਨ। ਪਰ ਫਿਰ ਵੀ ਜਗਦੀਸ਼ ਨੂੰ ਇਹ ਚੰਗਾ ਨਹੀਂ ਸੀ ਲਗਦਾ। ਉਹ ਚਾਹੁੰਦਾ

ਸੀ ਇਹ ਵੀ ਬਲੂੰਗੜੇ ਵਾਂਗ ਸ਼ਰਾਰਤਾਂ ਕਰੇ ਤੇ ਇਸ ਦੇ ਬਦਲੇ ਉਸ ਨੂੰ ਉਹੋ ਜਿਹਾ ਗੁੱਸਾ ਆਵੇ। ਪਰ ਇਹ ਨਾ ਹੋ ਸਕਿਆ।

ਹੌਲੀ ਹੌਲੀ ਉਸ ਨੂੰ ਇਸ ਕੁੱਤੇ ਪਾਸੋਂ ਨਫ਼ਰਤ ਹੋਣ ਲਗੀ ਤੇ ਥੋੜ੍ਹੇ ਚਿਰ ਬਾਅਦ ਉਸ ਨੇ ਕੁੱਤੇ ਨੂੰ ਚੁੱਕ ਕੇ ਹੇਠਾਂ ਸੁੱਟ ਦਿੱਤਾ।

ਉਹ ਲੰਮਾ ਪੈ ਗਿਆ ਤੇ ਪਿਆ ਪਿਆ ਸੋਚਣ ਲੱਗਾ, "ਕਿ ਹੁਣ ਉਹ ਨਹੀਂ ਆਵੇਗਾ ? ਕੀ ਬਾਊ ਜੀ ਦੇ ਵਰਤਾਉ ਤੋਂ ਉਹ ਮੇਰੇ ਨਾਲ ਵੀ ਗੁੱਸੇ ਹੋ ਜਾਵੇਗਾ ? ਇਸ ਵੇਲੇ ਉਹ ਕਿਥੇ ਹੋਵੇਗਾ—ਕੀ ਕਰਦਾ ਹੋਵੇਗਾ, ਸ਼ਾਇਦ ਕਿਤੋਂ ਹੁਣੇ ਹੀ ਆ ਨਿਕਲੇ—ਸ਼ਾਇਦ ਹੁਣੇ ਹੀ ਉਸ ਦੀ ਮਿੱਠੀ ਮਿੱਠੀ ਮਿਆਉਂ ਮੇਰੇ ਕੰਨੀਂ ਆ ਪਏ।"

ਇਸ ਦੇ ਨਾਲ ਹੀ ਉਸ ਨੂੰ ਇਕ ਹੋਰ ਖ਼ਿਆਲ ਆਇਆ ਉਸ ਨੂੰ ਖ਼ਿਆਲ ਆ ਗਿਆ ਆਪਣੇ ਗੁਆਂਢੀਆਂ ਦੇ ਕੁੱਤੇ ਜੈਕ ਦਾ ਜਿਹੜਾ ਬਿੱਲੀਆਂ ਨੂੰ ਵੇਖ ਕੇ ਖਾਣ ਨੂੰ ਪੈਂਦਾ ਸੀ।

ਉਹ ਸੋਚਣ ਲੱਗਾ—ਸਾਡੇ ਘਰ ਵੀ ਤਾਂ ਇਸ ਵੇਲੇ ਕੁੱਤਾ ਮੌਜੂਦ ਹੈ। ਇਸ ਦੇ ਹੁੰਦਿਆਂ ਬਲੂੰਗੜਾ ਸਾਡੇ ਘਰ ਨਹੀਂ ਆ ਸਕੇਗਾ।

ਉਸ ਨੇ ਕਮਰੇ ਵਿਚ ਵੇਖਿਆ। ਬਿਜਲੀ ਦੇ ਚਾਨਣ ਵਿਚ ਉਹੀ ਜੱਤ ਵਾਲਾ ਕੁੱਤਾ ਇਕ ਨੁਕਰੇ ਪਿਆ ਦਿਸਿਆ।

ਉਹ ਅਡੋਪਲਾ ਪੰਘੂੜੇ 'ਚੋਂ ਉਤਰਿਆ ਤੇ ਜਾ ਕੇ ਕੁੱਤੇ ਨੂੰ ਚੁੱਕ ਲਿਆਇਆ। ਇਕ ਪਾਸੇ ਪੁਰਾਣੇ ਕਪੜੇ ਕੱਠੇ ਹੋਏ ਪਏ ਸਨ। ਉਸ ਨੇ ਕੁੱਤੇ ਨੂੰ ਉਨ੍ਹਾਂ ਕਪੜਿਆਂ ਥੱਲੇ ਨੱਪ ਦਿੱਤਾ ਤੇ ਫਿਰ ਆਪਣੇ ਬਿਸਤਰੇ ਤੇ ਆ ਲੇਟਿਆ।

ਹੁਣ ਉਹ ਬੜੀ ਬੇਸਬਰੀ ਨਾਲ ਬੈਠਾ ਬੈਠਾ ਬਲੂੰਗੜੇ ਦੀ ਉਡੀਕ ਕਰਨ ਲੱਗਾ। ਇਸ ਉਡੀਕ ਦੇ ਸਮੇਂ ਉਸ ਨੂੰ ਇਉਂ ਲੱਗਿਆ ਕਿ ਬਲੂੰਗੜਾ ਤਾਂ ਆਉਣਾ ਚਾਹੁੰਦਾ ਹੈ, ਪਰ ਜੱਤ ਵਾਲਾ ਕੁੱਤਾ ਘੜੀ ਮੁੜੀ ਕਪੜਿਆਂ ਹੇਠੋਂ ਨਿਕਲ ਕੇ ਉਸ ਨੂੰ ਨਸਾ ਦਿੰਦਾ ਹੈ।

ਉਹ ਫਿਰ ਉਠਿਆ ਤੇ ਕੁੱਤੇ ਨੂੰ ਕਪੜਿਆਂ ਥਲਿਉਂ ਕੱਢ ਲਿਆਇਆ। ਫਿਰ ਸਹਿਜ ਨਾਲ ਉਸ ਨੇ ਬਾਰੀ ਦਾ ਕੁੰਡਾ ਖੋਲ੍ਹਿਆ ਤੇ ਕੁੱਤੇ ਨੂੰ ਸੀਖਾਂ ਵਿਚੋਂ ਧਕ ਕੇ ਬਾਹਰ ਸੁੱਟ ਦਿੱਤਾ।

ਸੁੱਟ ਤਾਂ ਉਸ ਨੇ ਦਿੱਤਾ, ਪਰ ਇਸ ਨਾਲ ਵੀ ਉਸ ਦੀ ਤਸੱਲੀ ਨਾ ਹੋ ਸੱਕ। ਸਗੋਂ ਉਸ ਦਾ ਤੌਖਲਾ ਹੋਰ ਵੱਧ ਗਿਆ। ਕਾਰਣ ? ਕੁੱਤਾ ਹੁਣ ਬਿਲਕੁਲ

ਬੂਹੇ ਦੇ ਲਾਗੇ ਗਲੀ ਵਿਚ ਬੈਠਾ ਹੋਵੇਗਾ ਤੇ ਇਸ ਜ਼ਾਲਮ ਨੇ ਕਦੋਂ ਬਲੂੰਗੜੇ ਨੂੰ ਅੰਦਰ ਆਉਣ ਦੇਣਾ ਹੈ।

ਇਸ ਬੇਚੈਨੀ ਵਿਚ ਉਹ ਪਤਾ ਨਹੀਂ ਕਿੰਨਾ ਚਿਰ ਛਟਪਟਾਂਦਾ ਰਿਹਾ ਤੇ ਅਖ਼ੀਰ ਉਸ ਨੂੰ ਨੀਂਦ ਆ ਗਈ।

3

"ਹੈਂ ਜੀ ਤੁਸੀਂ ਬਾਰੀ ਨਹੀਂ ਸੀ ਬੰਦ ਕੀਤੀ ?" ਪਰਭਾਤ ਵੇਲੇ ਨਾਲ ਉਮਾਂ ਦੇਵੀ ਨੇ ਪਾਸਾ ਪਰਤਦਿਆਂ ਹੋਇਆਂ ਪਤੀ ਨੂੰ ਕਿਹਾ—"ਕਿਡੀ ਠੰਡੀ ਹਵਾ ਆਉਣ ਡਹੀ ਹੋਈ ਏ !"

ਬਾਬੂ ਦੀਨਾ ਨਾਥ ਨੇ ਰਜ਼ਾਈ 'ਚੋਂ ਉਠ ਕੇ ਵੇਖਿਆ—ਬਾਰੀ ਖੁਲ੍ਹੀ ਹੋਈ ਸੀ, ਪਰ ਉਹ ਹੈਰਾਨੀ ਨਾਲ ਸੋਚਣ ਲਗਾ, ਇਸ ਨੂੰ ਤਾਂ ਮੈਂ ਆਪ ਬੰਦ ਕਰ ਕੇ ਸੁੱਤਾ ਸਾਂ ?

ਇਸ ਤੋਂ ਬਾਅਦ ਦੋਵੇਂ ਉਠ ਬੈਠੇ। ਉਨ੍ਹਾਂ ਨੂੰ ਬੜਾ ਫ਼ਿਕਰ ਲਗਾ ਜੁ ਬਾਰੀ ਕਿਸ ਤਰ੍ਹਾਂ ਖੁਲ੍ਹ ਗਈ। ਝਟਪਟ ਉਨ੍ਹਾਂ ਨੇ ਉਠ ਕੇ ਸੰਦੂਕਾਂ ਟਰੰਕਾਂ ਦੇ ਜੰਦਰੇ ਟੋਹਣੇ ਸ਼ੁਰੂ ਕਰ ਦਿੱਤੇ। ਸਭ ਕੁਝ ਜਿਉਂ ਦਾ ਤਿਉਂ ਸੀ। ਕੋਈ ਅੰਦਰ ਆਉਂਦਾ ਤਾਂ ਖ਼ਾਲੀ ਕਿਸ ਤਰ੍ਹਾਂ ਚਲਾ ਜਾਂਦਾ ! ਤੇ ਨਾਲੇ ਬਾਬੂ ਦੀਨਾ ਨਾਥ ਆਪਣੇ ਹੱਥੀਂ ਬਾਰੀ ਦਾ ਕੁੰਡਾ ਅੜਾ ਕੇ ਸੁੱਤਾ ਸੀ। ਬਾਹਰਲਾ ਬੂਹਾ ਵੇਖਿਆ, ਉਹ ਵੀ ਜਿਉਂ ਦਾ ਤਿਉਂ ਬੰਦ ਸੀ—ਕੁੰਡਾ ਅੰਦਰੋਂ ਵੱਜਾ ਹੋਇਆ ਸੀ।

ਉਸ ਨੂੰ ਸਮਝਣ ਵਿਚ ਚਿਰ ਨਾ ਲੱਗਾ ਕਿ ਇਹ ਜਗਦੀਸ਼ ਦੀ ਹੀ ਕਾਰਸਤਾਨੀ ਹੈ। ਮੁੰਡੇ ਦੀ ਬੇਸਮਝੀ ਉਤੇ ਉਸ ਨੂੰ ਖਿਝ ਆਈ, ਪਰ ਜਗਦੀਸ਼ ਸੁੱਤਾ ਪਿਆ ਸੀ, ਇਸ ਲਈ ਬਾਬੂ ਦੀਨਾ ਨਾਥ ਗੁੱਸਾ ਪੀ ਗਿਆ। ਹਾਂ, ਜੇ ਕਦੇ ਜਾਗਦਾ ਹੁੰਦਾ ਤਾਂ ਜ਼ਰੂਰ ਦੋ ਚਾਰ ਝਿੜਕਾਂ ਤੇ ਇਕ ਅੱਧ ਚਪੇੜ ਉਹ ਖਾਂਦਾ।

ਪਰ ਉਮਾਂ ਦੇਵੀ ਨੇ ਜਦ ਪਤੀ ਦੀ ਜ਼ਬਾਨੀ ਇਹ ਗੱਲ ਸੁਣੀ ਤਾਂ ਉਸ ਦੇ ਬੁਲ੍ਹਾਂ 'ਚੋਂ ਹਾਸਾ ਨਿਕਲ ਗਿਆ।

ਬੂਹੇ ਬਾਰੀਆਂ ਬੰਦ ਕਰ ਕੇ ਜਦ ਦੀਨਾ ਨਾਥ ਲੰਮਾ ਪੈਣ ਲਗਾ ਤਾਂ ਉਸ ਦੀ ਨਜ਼ਰ ਜਗਦੀਸ਼ ਦੇ ਪੰਘੂੜੇ ਤੇ ਪਈ। ਬਲੂੰਗੜਾ ਜਗਦੀਸ਼ ਦੀ ਬਾਂਹ ਵਿਚ ਸਿਰ ਦੇਈ ਘੁਰ ਘੁਰ ਕਰ ਰਿਹਾ ਸੀ ਤੇ ਸੁੱਤੇ ਹੋਏ ਜਗਦੀਸ਼ ਦਾ ਹੱਥ ਸਹਿਜੇ ਸਹਿਜੇ ਉਸ ਦੀ ਪਿੱਠ ਤੇ ਫਿਰ ਰਿਹਾ ਸੀ। ਜਗਦੀਸ਼ ਦੇ ਚੇਹਰੇ ਉਤੇ ਇਸ ਵੇਲੇ ਮੁਸਕਾਹਟ ਖੇਡ ਰਹੀ ਸੀ।

"ਹੈਂ ! ਬਦਜ਼ਾਤ ਫਿਰ ਆ ਵੜਿਆ !" ਕਹਿੰਦਿਆਂ ਕਹਿੰਦਿਆਂ ਦੀਨਾ ਨਾਥ ਨੇ ਜਗਦੀਸ਼ ਦੀ ਬਾਂਹ ਵਿਚੋਂ ਬਲੂੰਗੜਾ ਖਿੱਚ ਲਿਆ। ਇਸ ਦੇ ਨਾਲ ਹੀ ਜਗਦੀਸ਼ ਜਾਗ ਪਿਆ। ਉਸ ਨੇ ਆਪਣੇ ਬੂੰਗੇ ਨੂੰ ਵੇਖਿਆ ਪਰ ਵਿਛੋੜੇ ਦੇ ਵੇਲੇ। ਮਿਲਾਪ ਦੀਆਂ ਸੁਨਹਿਰੀ ਘੜੀਆਂ ਕਿਵੇਂ ਬੀਤ ਗਈਆਂ, ਇਸ ਦਾ ਉਸ ਨੂੰ ਕੋਈ ਪਤਾ ਨਹੀਂ। ਉਸ ਨੇ ਅਰਮਾਨ ਭਰੀ ਨਜ਼ਰ ਨਾਲ ਆਪਣੀ ਨਿੱਘੀ ਬਾਂਹ ਵਿਚੋਂ ਬਲੂੰਗੜੇ ਨੂੰ ਖਿਚੀਂਦਾ ਵੇਖਿਆ—ਮਾਨੋਂ ਉਸ ਨੇ ਸੀਨੇ ਵਿਚੋਂ ਦਿਲ ਨੂੰ ਖਿਚੀਂਦਾ ਵੇਖਿਆ।

ਉਸ ਨੇ ਚਾਹਿਆ ਕਿ ਝਟਪਟ ਉਠ ਕੇ ਪਿਉ ਪਾਸੋਂ ਆਪਣੇ ਬੂੰਗੇ ਨੂੰ ਖੋਹ ਲਵੇ, ਪਰ ਪਿਉ ਦੀਆਂ ਲਾਲ ਅੱਖਾਂ ਤੇ ਗੁੱਸੇ ਭਰਿਆ ਚੇਹਰਾ ਵੇਖ ਕੇ ਉਸ ਦੇ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ।

ਬਲੂੰਗੜੇ ਨੇ ਤਾ ਨਹੁੰਦਰਾਂ ਦੀ ਮਦਦ ਨਾਲ ਆਪਣੇ ਗੁੱਸੇ ਨੂੰ ਕਿਸੇ ਹੱਦ ਤੀਕ ਪ੍ਰਗਟ ਕੀਤਾ, ਪਰ ਜਗਦੀਸ਼ ਵਿਚਾਰਾ ਆਪਣੇ ਪ੍ਰੀਤਮ-ਵਿਛੋੜੇ ਨੂੰ ਕਿਸੇ ਤਰ੍ਹਾਂ ਵੀ ਜ਼ਾਹਰ ਨਾ ਕਰ ਸਕਿਆ।

ਉਮਾਂ ਦੇਵੀ ਨੇ ਬਥੇਰਾ ਰੋਕਿਆ, ਵਾਸਤੇ ਪਾਏ, ਪਰ ਦੀਨਾ ਨਾਥ ਨ ਇਕ ਨਾ ਮੰਨੀ। ਉਸ ਨੇ ਝਟਪਟ ਨਾਲ ਦੀ ਕੋਠੜੀ ਵਿਚੋਂ ਨੌਕਰ ਮੁੰਡੇ ਨੂੰ ਵਾਜ ਦਿੱਤੀ।

ਨੌਕਰ ਆਇਆ ਤੇ ਦੀਨਾ ਨਾਥ ਨੇ ਬਲੂੰਗੜਾ ਉਸਨੂੰ ਫੜਾਂਦਿਆਂ ਹੋਇਆਂ ਕਿਹਾ—"ਜਾਹ ਇਸ ਨੂੰ ਸ਼ਹਿਰੋਂ ਬਾਹਰ ਗੰਦੇ ਨਾਲੇ ਤੋਂ ਪਾਰ ਛਡ ਕੇ ਆ।"

"ਬਾਊ ਜੀ ਮੇਰਾ ਬੂੰਗਾ।" ਬੜੀ ਦਰਦ-ਭਰੀ ਆਵਾਜ਼ ਵਿਚ ਜਗਦੀਸ਼ ਦੇ ਮੂੰਹੋਂ ਨਿਕਲਿਆ।

ਬਾਬੂ ਦੀਨਾ ਨਾਥ ਨੂੰ ਉਸ ਉਤੇ ਇਕ ਤਾ ਅਠਾਂ ਆਨਿਆਂ ਦੇ ਪਿਡੋਣੇ ਦਾ ਗੁੱਸਾ ਸੀ, ਉਤੋਂ ਉਸ ਦਾ ਇਹ ਪਾਗਲਪੁਣਾ ਕਿ ਬਲੂੰਗੜੇ ਦੇ ਮੂੰਹ ਨਾਲ ਮੂੰਹ ਜੋੜ ਕੇ ਪਤਾ ਨਹੀਂ ਕਿੰਨੇ ਚਿਰ ਤੋਂ ਸੁੱਤਾ ਰਿਹਾ। ਉਸ ਨੇ ਇਕ ਹੌਲਾ ਜਿਹਾ ਧੱਪਾ ਜਗਦੀਸ਼ ਦੇ ਸਿਰ ਤੇ ਮਾਰ ਕੇ ਕਿਹਾ—"ਚੁੱਪ ਕਰਨਾ ਏ ਕਿ ਨਹੀਂ ? ਬੂੰਗੇ ਦਾ ਬੱਚਾ ! ਖ਼ਬਰਦਾਰ ਜੇ ਮੁੜ ਕੇ ਇਹਦਾ ਨਾਂ ਲਿਆ ਤੇ।"

ਉਮਾਂ ਦੇਵੀ ਪਾਸੋਂ ਮੁੰਡੇ ਦੀ ਹਾਲਤ ਵੇਖੀ ਨਾ ਗਈ। ਉਹ ਗਿੜਗਿੜਾ ਕੇ ਬੋਲੀ: "ਰਹਿਣ ਦਿਓ ਸੂ ਝਟ ਪਲ, ਕਿਉਂ ਮੁੰਡੇ ਦਾ ਦਿਲ ਤੋੜਦੇ ਓ।

ਪਰ ਦੀਨਾ ਨਾਥ ਦੇ ਦਿਲ ਤੇ ਇਸ ਦਾ ਕੁਝ ਵੀ ਅਸਰ ਨਾ ਹੋਇਆ ਉਹ ਬੱਚੇ ਦੀ ਸਿਹਤ ਬਦਲ ਸਭ ਕੁਝ ਸਹਿਣ ਨੂੰ ਤਿਆਰ ਸੀ, ਘੂਰਕੇ ਉਸ ਨੂੰ ਕਹਿਣ

ਲਗਾ—ਤੁਹੀਓਂ ਤੇ ਬਹੁਤਾ ਇਸ ਨੂੰ ਸਿਰ ਚੜ੍ਹਾ ਛੱਡਿਆ ਏ! ਤੈਨੂੰ ਇਕ ਵਾਰੀ ਜੁ ਸਮਝਾਇਆ ਏ, ਬਿੱਲੀਆਂ, ਕੁੱਤੇ ਨਿਰਾ ਬਿਮਾਰੀ ਦਾ ਘਰ ਹੁੰਦੇ ਨੇ।" ਫਿਰ ਨੌਕਰ ਵੱਲ ਤਕ ਕੇ ਕਹਿਣ ਲੱਗਾ—"ਲੈ ਜਾ ਓਏ ਮੁੰਡਿਆ, ਛਡ ਆ ਇਸ ਨੂੰ ਛੇਤੀ ਜਾਹ।"

ਜਗਦੀਸ਼ ਨੂੰ ਜੇ ਹੋਰ ਕਿਸੇ ਕਾਰਣ ਧੱਪਾ ਪੈਂਦਾ ਤਾਂ ਉਹ ਛੱਤ ਸਿਰ ਤੇ ਚੁੱਕ ਲੈਂਦਾ ਪਰ ਇਸ ਵੇਲੇ ਉਹ ਕੁਸਕਿਆ ਤਕ ਨਹੀਂ। ਉਸ ਨੇ ਆਪਣੇ ਪਿਆਰੇ ਬੂੰਗੇ ਲਈ ਸ਼ਹਿਰ ਨਿਕਾਲੇ ਦਾ ਹੁਕਮ ਸੁਣਿਆ ਤੇ ਕਲੇਜਾ ਮਸੋਸ ਕੇ ਰਹਿ ਗਿਆ। ਜਾਂਦੇ ਬੂੰਗੇ ਨੂੰ ਉਸ ਨੇ ਇਕ ਵਾਰੀ ਨਜ਼ਰ ਭਰ ਕੇ ਵੇਖਣਾ ਚਾਹਿਆ, ਪਰ ਸਿਰ ਤੇ ਪਿਉ ਨੂੰ ਖੜਾ ਵੇਖ ਕੇ ਅੱਖਾਂ ਨਾ ਚੁੱਕ ਸਕਿਆ। ਅਖ਼ੀਰ ਜਦ ਸਾਰਾ ਤਾਣ ਲਾ ਕੇ ਉਸ ਨੇ ਨਜ਼ਰ ਫੇਰੀ ਵੀ ਤਾਂ ਉਸ ਦਾ ਬੂੰਗਾ ਉਥੇ ਨਹੀਂ ਸੀ—ਉਸ ਦੇ ਪੂੰਨ੍ਹੂੰ ਨੂੰ ਹੋਤਾਂ ਨੇ ਦੂਰ ਪਹੁੰਚਾ ਦਿੱਤਾ ਸੀ।

ਸਾਰਾ ਦਿਨ ਜਗਦੀਸ਼ ਉਦਾਸ ਰਿਹਾ। ਉਹ ਘੜੀ-ਮੁੜੀ ਕਿਸੇ ਬਹਾਨੇ ਗਲੀ ਦਾ ਮੋੜ ਭਉਂ ਕੇ ਬਾਜ਼ਾਰ ਦੇ ਸਿਰੇ ਤੀਕ ਜਾਂਦਾ ਤੇ ਜਿਥੋਂ ਤਕ ਉਸ ਦੀ ਨਜ਼ਰ ਜਾ ਸਕਦੀ ਸੀ, ਬਾਜ਼ਾਰ ਦੇ ਦੂਹਾਂ ਸਿਰਿਆਂ ਨੂੰ ਵੇਖਦਾ। ਪਰ ਹਰ ਵਾਰੀ ਉਸ ਨੂੰ ਨਿਰਾਸ਼ ਹੀਮੁੜਨਾ ਪੈਂਦਾ।

ਜਗਦੀਸ਼ ਨੂੰ ਪੱਕਾ ਵਿਸ਼ਵਾਸ ਸੀ ਕਿ ਰਾਤ ਨੂੰ ਉਸ ਦਾ ਬੂੰਗਾ ਕਲ ਵਾਂਗ ਆ ਨਿਕਲੇਗਾ। ਕਲ ਦੀ ਬਾਬਤ ਉਸ ਨੂੰ ਘੜੀ ਮੁੜੀ ਅਫ਼ਸੋਸ ਹੁੰਦਾ ਕਿ ਉਹ ਕਿਉਂ ਨਾ ਜਾਗਦਾ ਰਿਹਾ, ਤਾਂ ਜੁ ਜਿੰਨਾ ਚਿਰ ਬੂੰਗਾ ਉਸ ਦੇ ਨਾਲ ਸੁੱਤਾ ਰਿਹਾ ਸੀ, ਉਹ ਰੱਜ ਕੇ ਉਸ ਨੂੰ ਪਿਆਰ ਤਾਂ ਕਰ ਲੈਂਦਾ।

ਅਖ਼ੀਰ ਉਸ ਨੇ ਫ਼ੈਸਲਾ ਕਰ ਲਿਆ ਕਿ ਅੱਜ ਸਾਰੀ ਰਾਤ ਨਹੀਂ ਸੌਵਾਂਗਾ।

ਉਹ ਚੋਖੀ ਰਾਤ ਗਈ ਤਕ ਜਾਗਦਾ ਰਿਹਾ, ਪਰ ਵਿਅਰਥ।

ਜ਼ਰਾ ਕੁ ਉਸ ਦੀ ਅੱਖ ਲੱਗਣ ਲੱਗਦੀ ਕਿ ਉਹ ਝਟਪਟ ਸੁਚੇਤ ਹੋ ਜਾਂਦਾ ਤੇ ਮੁੜ ਮੁੜ ਬਿਸਤਰੇ ਦੇ ਸੱਜੇ-ਖੱਬੇ ਹੱਥ ਮਾਰਦਾ ਤੇ ਕਦੇ ਕਦੇ ਕਮਰੇ ਵਿਚ ਨਜ਼ਰ ਦੁੜਾਂਦਾ। ਸੁੱਤਿਆਂ ਸੁੱਤਿਆਂ ਕਿਸੇ ਵੇਲੇ ਉਸ ਦੇ ਕੰਨਾਂ ਨੂੰ "ਮਿਆਉਂ" ਦਾ ਭਰਮ ਜਿਹਾ ਪੈਂਦਾ ਤੇ ਉਹ ਝਟ ਉੱਠ ਕੇ ਬੈਠ ਜਾਂਦਾ ਪਰ ਉਸ ਦਾ ਇਹ ਭਰਮ ਦੂਰ ਹੋ ਜਾਂਦਾ। ਜਦੋਂ ਉਸ ਨੂੰ ਸਮਝ ਆਉਂਦੀ ਕਿ ਇਹ ਤਾਂ ਕੋਈ ਟਿੱਡੀ ਟੀਂ ਟੀਂ ਕਰ ਰਹੀ ਹੈ, ਅਥਵਾ ਉਸ ਦੇ ਸੁੱਤੇ ਹੋਏ ਬਾਬੂ ਜੀ ਦੇ ਸਾਹ ਲੈਣ ਦੀ ਆਵਾਜ਼ ਹੈ।

ਇਸੇ ਤਰ੍ਹਾਂ ਕਦੇ ਉਸ ਨੂੰ ਅਧ-ਨੀਂਦੇ ਵਿਚ ਸਾਹਮਣੀ ਕੰਧ ਵੱਲ ਵੇਖ ਕੇ ਬਲੂੰਗੜੇ ਦਾ ਭਾਉਲਾ ਪੈਂਦਾ ਪਰ ਗਹੁ ਨਾਲ ਵੇਖਦਾ ਤਾ ਉਸ ਨੂੰ ਪਤਾ ਲਗਦਾ ਕਿ ਇਹ ਤਾਂ ਉਸ ਦੀ ਕਲ੍ਹ ਵਾਲੀ ਨਿਕਰ ਧੋ ਕੇ ਉਸ ਦੀ ਬੀਬੀ ਨੇ ਕਿਲੀ ਨਾਲ ਟੰਗੀ ਹੋਈ ਹੈ।

ਉਸ ਦੀ ਇਹ ਰਾਤ ਲਗਪਗ ਸਾਰੀ ਹੀ ਬੜੀ ਬੇਅਰਾਮੀ ਨਾਲ ਬੀਤੀ।

4

ਵਡੇ ਵੇਲੇ ਜਗਦੀਸ਼ ਆਪਣੇ ਨਿਯਤ ਸਮੇਂ ਜਾਗਿਆ। ਉਮਾਂ ਦੇਵੀ ਨੇ ਜਦ ਉਸ ਨੂੰ ਜਗਾਇਆ ਤਾਂ ਉਸ ਨੂੰ ਪਤਾ ਲਗਾ ਕਿ ਜਗਦੀਸ਼ ਨੂੰ ਪੰਜ ਭੱਠ ਬੁਖਾਰ ਚੜ੍ਹਿਆ ਹੋਇਆ ਹੈ।

ਬਾਬੂ ਦੀਨਾ ਨਾਥ ਅੱਜ ਸਾਰੀ ਦਿਹਾੜੀ ਦਫ਼ਤਰ ਵਿਚ ਬੇਚੈਨ ਰਿਹਾ। ਉਸ ਨੂੰ ਮੁੜ ਮੁੜ ਕੇ ਇਹੋ ਖ਼ਿਆਲ ਆਉਂਦਾ ਕਿ ਮੁੰਡੇ ਨੂੰ ਭਾਵੇਂ ਬਲੂੰਗੜੇ ਨੇ ਹੀ ਬੀਮਾਰ ਕਰ ਦਿਤਾ ਹੋਵੇ। ਉਮਾਂ ਦੇਵੀ ਉੱਤੇ ਉਸ ਨੂੰ ਘੜੀ ਮੁੜੀ ਗੁੱਸਾ ਆਉਂਦਾ। ਉਹ ਦਿਲ ਵਿਚ ਕਹਿੰਦਾ—ਇਸ ਨੂੰ ਹਜ਼ਾਰ ਵੇਰਾਂ ਸਮਝਾ ਚੁੱਕਾ ਸਾਂ ਕਿ ਬਿੱਲੀਆਂ ਦੇ ਨੱਕ ਮੂੰਹ ਦੀ ਗੰਦੀ ਹਵਾ ਬੜੀ ਖ਼ਤਰਨਾਕ ਹੁੰਦੀ ਹੈ—ਮੁੰਡੇ ਨੂੰ ਇਨ੍ਹਾਂ ਨਾਲ ਨਾ ਖੇਡਣ ਦਿਆ ਕਰੇ, ਪਰ ਇਸ ਬੇਸਮਝ ਤੀਵੀਂ ਨੇ ਇਕ ਨਾ ਸੁਣੀ। ਨਾ ਜਾਣੀਏਂ ਬਲੂੰਗੜੇ ਦਾ ਕੋਈ ਵਾਲ ਮੁੰਡੇ ਦੇ ਅੰਦਰ ਚਲਾ ਗਿਆ ਹੋਵੇ।—ਮੂੰਹ ਨਾਲ ਮੂੰਹ ਲਾਈ ਤਾਂ ਮੈਂ ਉਸ ਨੂੰ ਆਪ ਵੇਖਿਆ ਸੀ।

ਬਾਬੂ ਦੀਨਾ ਨਾਥ ਅੱਜ ਵਕਤ ਤੋਂ ਪਹਿਲਾਂ ਹੀ ਦਫ਼ਤਰੋਂ ਆ ਗਿਆ। ਜਗਦੀਸ਼ ਬੁਖਾਰ ਨਾਲ ਬੇ-ਸੁਰਤ ਪਿਆ ਸੀ। ਦੀਨਾ ਨਾਥ ਘੜੀ ਮੁੜੀ ਉਮਾਂ ਦੇਵੀ ਨੂੰ ਛਿੱਥਾ ਪੈਂਦਾ ਤੇ ਉਹ ਵਿਚਾਰੀ ਸਿਰ ਨੀਵਾਂ ਪਾ ਲੈਂਦੀ।

ਬੁਖਾਰ ਦਿਨੋਂ-ਦਿਨ ਭਿਆਨਕ ਸ਼ਕਲ ਫੜਦਾ ਗਿਆ। ਅਖ਼ੀਰ ਦੀਨਾ ਨਾਥ ਨੂੰ ਦਫ਼ਤਰੋਂ ਕੁਝ ਦਿਨਾਂ ਦੀ ਛੁਟੀ ਲੈਣੀ ਪਈ।

5

ਸਿਆਲ ਦੀਆਂ ਲੰਮੀਆਂ ਰਾਤਾਂ ਅੱਖਾ ਵਿਚ ਤੇ ਦਿਨ ਨੱਠੋ-ਭੱਜੀ ਵਿਚ ਬਿਤਾਇਆਂ ਪੂਰੇ ਤਿੰਨ ਹਫ਼ਤੇ ਹੋ ਗਏ, ਪਰ ਜਗਦੀਸ਼ ਨੇ ਮੰਜੇ ਦੀ ਸਾਂਝ ਨਾ ਛੱਡੀ। ਉਮਾਂ ਦੇਵੀ ਜਦ ਉਸ ਨੂੰ ਦੇਖਦੀ ਤਾਂ ਉਸ ਦਾ ਦਿਲ ਰੋ ਉਠਦਾ। ਜਗਦੀਸ਼ ਵਿਚ ਹੁਣ ਬੋਲਣ ਚਾਲਣ ਦੀ ਸਮਰੱਥਾ ਵੀ ਨਹੀਂ ਸੀ। ਉਸ ਦੇ ਮਘਦੇ ਬੁਲ੍ਹਾਂ ਨਾਲ ਬੁਲ੍ਹ

ਜੰੜੀ ਉਮਾਂ ਦੇਵੀ ਕਿੰਨਾ ਚਿਰ ਅੱਥਰੂਆਂ ਨਾਲ ਉਸ ਦਾ ਮੂੰਹ ਧੋਂਦੀ ਰਹਿੰਦੀ ਤੇ ਇਹ ਅੱਥਰੂ ਜਗਦੀਸ਼ ਦੇ ਬੁੱਲ੍ਹਾਂ 'ਚੋਂ ਆ ਰਹੇ ਸੇਕ ਨਾਲ ਗਰਮ ਹੋ ਜਾਂਦੇ।

ਦੀਨਾ ਨਾਥ ਤਾਂ ਮਾਨੋਂ ਪਾਗਲ ਹੀ ਹੋਇਆ ਫਿਰਦਾ ਸੀ। ਉਸ ਨੂੰ ਕੁਝ ਪਤਾ ਨਹੀਂ ਸੀ ਲਗਦਾ ਕਿ ਇੰਨੀ ਛੇਤੀ ਇਹ ਕੀ ਭਾਣਾ ਵਰਤ ਗਿਆ ਹੈ। ਉਸ ਨੂੰ ਸਹੇ ਦੀ ਛੱਡ ਪਹੇ ਦੀ ਪੈ ਗਈ ਸੀ। ਜਗਦੀਸ਼ ਦੇ ਨਾਲ ਹੀ ਉਮਾਂ ਦੇਵੀ ਦੀ ਜਾਨ ਵੀ, ਉਸ ਨੂੰ ਖਤਰੇ ਵਿਚ ਦਿਸ ਰਹੀ ਸੀ, ਜਿਸ ਨੇ ਅੱਜ ਕਈਆਂ ਦਿਨਾ ਤੋਂ ਅੰਨ ਦਾ ਭੋਰਾ ਨਹੀਂ ਸੀ ਛੋਹਿਆ। ਦੀਨਾ ਨਾਥ ਦੀ ਫੁਲਵਾੜੀ ਫੁੱਲਾਂ ਸਣੇ ਮੁਰਝਾ ਰਹੀ ਸੀ।

6

ਦੋਹਾਂ ਪਤੀ ਪਤਨੀ ਲਈ ਅੱਜ ਰਾਤ ਖ਼ਾਸ ਤੌਰ ਤੇ ਡਾਢੀ ਹੀ ਮੁਸੀਬਤ ਦੀ ਸੀ, ਜਦ ਕਿ ਸ਼ਾਮ ਨੂੰ ਡਾਕਟਰ ਜਾਂਦਾ ਹੋਇਆ ਉਨ੍ਹਾਂ ਨੂੰ ਕਹਿ ਗਿਆ ਸੀ ਕਿ ਅੱਜ ਮੁੰਡੇ ਦਾ ਖ਼ਾਸ ਖਿਆਲ ਰਖਣਾ--ਜੇ ਰਾਤ ਸੁਖ ਸਾਂਦ ਦੀ ਲੰਘ ਗਈ ਤਾਂ ਵੱਡੇ ਵੇਲੇ ਸਵੇਰੇ ਹੀ ਮੈਨੂੰ ਖ਼ਬਰ ਕਰਨੀ।

ਦੋਹਾਂ ਵਹੁਟੀ ਗਭਰੂ ਨੇ ਤਿੰਨ ਪਹਿਰ ਬੈਠਿਆਂ ਬਿਤਾ ਦਿੱਤੇ। ਦੀਨਾ ਨਾਥ ਬਥੇਰੀ ਕੋਸ਼ਿਸ਼ ਕਰਦਾ ਕਿ ਜਗਦੀਸ਼ ਨੂੰ ਲੈ ਲਵੇ, ਪਰ ਉਮਾਂ ਦੇਵੀ ਇਕ ਮਿੰਟ ਲਈ ਵੀ ਉਸ ਨੂੰ ਆਪਣੀ ਗੋਦ ਚੋਂ ਵੱਖ ਨਹੀਂ ਸੀ ਕਰਨਾ ਚਾਹੁੰਦੀ। ਉਹ ਬਰਾਬਰ ਉਸ ਦੇ ਚੇਹਰੇ ਤੇ ਨਜ਼ਰ ਟਿਕਾਈ ਬੈਠਾ ਰਿਹਾ ਤੇ ਇਸੇ ਬੈਠਕ ਵਿਚ ਉਸ ਨੇ ਰਾਤ ਤੋਂ ਪਰਭਾਤ ਕਰ ਦਿੱਤੀ। ਜਗਦੀਸ਼ ਨੂੰ ਅੱਖ ਪੁਟਿਆਂ ਚੋਵੀ ਘੰਟੇ ਹੋ ਗਏ ਸਨ।

ਜਦ ਇਸੇ ਤਰ੍ਹਾਂ ਬੈਠਿਆਂ ਉਸ ਦਾ ਲੱਕ ਆਕੜ ਗਿਆ ਤੇ ਲੱਤਾਂ ਸੌਂ ਗਈਆਂ, ਤਾਂ ਉਮਾਂ ਦੇਵੀ ਨੇ ਪਤੀ ਵੱਲ ਤਾਕਿਆ, ਪਰ ਉਹ ਸੁੱਤਾ ਹੋਇਆ ਸੀ।

ਉਸ ਨੇ ਜਗਦੀਸ਼ ਨੂੰ ਮੰਜੇ ਤੇ ਪਾ ਦਿੱਤਾ ਤੇ ਆਪ ਉਠ ਕੇ ਖੜੀ ਹੋ ਗਈ। ਇਸ ਵੇਲੇ ਉਸ ਦੇ ਕੰਨਾਂ ਵਿਚ ਖਟ-ਖਟ ਦੀ ਆਵਾਜ਼ ਪਈ, ਪਰ ਉਸ ਦਾ ਸਾਰਾ ਧਿਆਨ ਤਾਂ ਜਗਦੀਸ਼ ਵੱਲ ਸੀ। ਜਗਦੀਸ਼ ਦੀਆਂ ਅੱਖਾਂ ਉਂਜ ਹੀ ਡਰਾਉਣੀਆਂ ਜਿਹੀਆਂ ਜਾਪਦੀਆਂ ਸਨ। ਇਸ ਕਰਕੇ ਉਹ ਬਰਾਬਰ ਇਨ੍ਹਾਂ ਵੱਲ ਤਕ ਰਹੀ ਸੀ ਤੇ ਇਸ ਦੇ ਨਾਲ ਹੀ ਕਈ ਤਰ੍ਹਾਂ ਦੇ ਭੈੜੇ ਖਿਆਲ ਆ ਆ ਕੇ ਉਸ ਦੇ ਦਿਲ ਨੂੰ ਤੜਫਾ ਰਹੇ ਸਨ।

ਖੜਿਆਂ ਖੜਿਆਂ ਉਸ ਦਾ ਧਿਆਨ ਹੋਰ ਵਧੇਰੇ ਜਗਦੀਸ਼ ਵੱਲ ਖਿਚਿਆ ਗਿਆ। ਜਦ ਉਸ ਨੇ ਵੇਖਿਆ ਕਿ ਉਹ ਬੜੀ ਕੋਸ਼ਿਸ਼ ਨਾਲ ਅੱਖਾਂ ਖੋਲ੍ਹਣ ਦਾ ਯਤਨ ਕਰ ਰਿਹਾ ਹੈ ਤੇ ਉਸ ਦੇ ਬੁਲ੍ਹ ਵੀ ਕੁਝ ਕੁਝ ਫ਼ਰਕ ਰਹੇ ਹਨ।

ਝਟਪਟ ਮੰਜੇ ਤੇ ਬੈਠ ਕੇ ਉਸ ਨੇ ਜਗਦੀਸ਼ ਨੂੰ ਮੁੜ ਗੋਦ ਵਿਚ ਲੈ ਲਿਆ। ਇਸ ਵੇਲੇ ਫਿਰ ਉਸ ਨੂੰ ਬਾਹਰੋਂ ਆਵਾਜ਼ ਆਈ। ਜਿਸ ਤਰ੍ਹਾਂ ਕੋਈ ਬੂਹੇ ਨੂੰ ਖ਼ਰੋਚ ਰਿਹਾ ਹੈ। ਉਸ ਨੇ ਫਿਰ ਵੀ ਉਸ ਪਾਸੇ ਧਿਆਨ ਨਾ ਦਿੱਤਾ, ਕਿਉਂਕਿ ਜਗਦੀਸ਼ ਇਸ ਵੇਲੇ ਅਧ-ਖੁਲ੍ਹੀਆਂ ਅੱਖਾਂ ਨਾਲ ਮਾਂ ਵੱਲ ਤਕ ਰਿਹਾ ਸੀ। ਨਾਲ ਹੀ ਬੁਲ੍ਹਾਂ ਵਿਚ ਕੁਝ ਕਹਿ ਰਿਹਾ ਸੀ, ਜਿਸ ਨੂੰ ਉਮਾਂ ਦੇਵੀ ਸਮਝਣ ਦਾ ਯਤਨ ਕਰ ਰਹੀ ਸੀ।

ਜਗਦੀਸ਼ ਨੂੰ ਕਈ ਦਿਨਾਂ ਪਿਛੋਂ ਅੱਜ ਅਚਾਨਕ ਇਸ ਤਰ੍ਹਾਂ ਦੀ ਹਰਕਤ ਕਰਦਿਆਂ ਵੇਖ ਕੇ ਉਮਾਂ ਦੇਵੀ ਦੇ ਅੰਦਰ ਇਕ ਖ਼ੁਸ਼ੀ ਦੀ ਲਹਿਰ ਦੌੜ ਗਈ। ਪਰ ਝਟ ਹੀ ਇਕ ਡਰਾਉਣੇ ਖ਼ਿਆਲ ਨੇ ਉਸ ਦਾ ਗਲਾ ਘੁਟ ਲਿਆ। ਉਸ ਨੂੰ ਖ਼ਿਆਲ ਆ ਗਿਆ ਕਿ ਅੰਤਮ ਘੜੀਆਂ ਉਤੇ ਅਕਸਰ ਰੋਗੀ ਇਸ ਤਰ੍ਹਾਂ ਹਰਕਤਾਂ ਕਰਿਆ ਕਰਦੇ ਹਨ ਤੇ ਕੁਝ ਚੇਤੰਨ ਵੀ ਹੋ ਜਾਇਆ ਕਰਦੇ ਹਨ।

ਉਸ ਨੇ ਜਗਦੀਸ ਦੇ ਮਥੇ ਤੇ ਹੱਥ ਫੇਰਦਿਆਂ ਹੋਇਆਂ ਸਹਿਮ ਭਰੀ ਆਵਾਜ਼ ਵਿਚ ਕਿਹਾ "ਜਗਦੀਸ਼! ਕਿਉਂ ਕਾਕਾ? ਕੀ ਕਿਹਾ ਈ? ਉੱਚੀ ਬੋਲ ਕੇ ..''

ਉਸ ਦਾ ਵਾਕ ਅਜੇ ਖ਼ਤਮ ਵੀ ਨਹੀਂ ਸੀ ਹੋਇਆ ਕਿ ਬਾਹਰੋਂ ਬੜੀ ਧੀਮੀ ਜਿਹੀ ਆਵਾਜ਼ ਆਈ, "ਮਿਆਊਂ!" ਤੇ ਨਾਲ ਹੀ ਇਸ ਨਾਲੋਂ ਵੀ ਧੀਮੀ ਆਵਾਜ਼ ਵਿਚ ਜਗਦੀਸ਼ ਦੇ ਮੂੰਹੋਂ ਨਿਕਲਿਆ—"ਬੀਬੀ ਬੂੰਗਾ" ਤੇ ਹੱਥ ਦਾ ਇਸ਼ਾਰਾ ਉਸ ਨੇ ਬੂਹੇ ਵੱਲ ਕੀਤਾ।

ਜਿਸ ਤਰ੍ਹਾਂ ਕੋਈ ਸੁੱਤਾ ਤ੍ਰਭਕ ਉਠਦਾ ਹੈ, ਇਸ ਤਰ੍ਹਾਂ ਉਮਾਂ ਦੇਵੀ ਨੂੰ ਇਕ ਭੁਲੀ ਹੋਈ ਯਾਦ ਆ ਗਈ ਤੇ ਉਹ ਬਿਨਾਂ ਇਕ ਪਲ ਠਹਿਰਨ ਦੇ ਬੂਹੇ ਵੱਲ ਨੱਸੀ।

ਉਹ ਨੇ ਬੂਹਾ ਖੋਲ੍ਹਿਆ। ਇਕ ਮਰੀਅਲ ਜਿਹਾ ਬਲੂੰਗੜਾ—ਜਿਸ ਦਾ ਸ਼ਰੀਰ ਕੇਵਲ ਹੱਡੀਆਂ ਤੇ ਖਲੜੀ ਮਾਤਰ ਹੀ ਸੀ,—ਅਗਲੇ ਪੰਜਿਆਂ ਨਾਲ ਬੂਹੇ ਨੂੰ ਖ਼ਰੋਚ ਰਿਹਾ ਸੀ ਤੇ ਬੂਹਾ ਖੁਲ੍ਹਦਿਆਂ ਹੀ ਦਲ੍ਹੀਜ਼ ਟੱਪਣ ਲਈ ਜ਼ੋਰ ਲਾਉਣ ਲੱਗਾ।

ਇਧਰ ਬਲੂੰਗੜਾ ਦਲ੍ਹੀਜ਼ ਟੱਪਣ ਦਾ ਯਤਨ ਕਰ ਰਿਹਾ ਸੀ ਉਧਰ ਜਗਦੀਸ਼ ਉਠਣ ਦੀਆਂ ਅਸਫਲ ਕੋਸ਼ਿਸ਼ਾਂ ਕਰ ਰਿਹਾ ਸੀ। ਪਰ ਦੋਹਾਂ ਨੂੰ ਹੋਰ ਖੇਚਲ ਕਰਨ ਦੀ ਲੋੜ ਨਾ ਪਈ। ਦੂਜੇ ਪਲ ਹੀ ਉਮਾਂ ਦੇਵੀ ਨੇ ਚਿੱਕੜ ਮਿੱਟੀ ਨਾਲ ਲਿਬੜਿਆ ਬਲੂੰਗੜਾ ਲਿਆ ਕੇ ਜਗਦੀਸ਼ ਦੀ ਛਾਤੀ ਤੇ ਰਖ ਦਿੱਤਾ।

ਜਗਦੀਸ਼ ਦੇ ਚਿਹਰੇ ਤੇ ਇਕ ਅਨੋਖੀ ਮੁਸਕ੍ਰਾਹਟ ਆਈ ਤੇ ਉਹ ਕਾਹਲੇ ਸਾਹ ਲੈਂਦਾ ਹੋਇਆ ਉਮਾਂ ਦੇਵੀ ਵੱਲ ਤਕ ਕੇ ਬੋਲਿਆ—"ਬੀਬੀ ! ਬੂੰਗਾ—ਮੇਰਾ ਬੂੰਗਾ ।"

ਇਸ ਵੇਲੇ ਦੀਨਾ ਨਾਥ ਦੀ ਵੀ ਅੱਖ ਖੁਲ੍ਹ ਗਈ ਤੇ ਉਹ ਇਕ ਸੁਨਹਿਰੀ ਸੁਪਨੇ ਵਾਂਗ ਇਹ ਸਭ ਕੁਝ ਵੇਖ ਰਿਹਾ ਸੀ । ਉਮਾਂ ਦੇਵੀ ਦਾ ਤਾਂ ਖੁਸ਼ੀ ਨਾਲ ਦਿਲ ਛਾਤੀਓਂ ਬਾਹਰ ਨਿਕਲ ਪੈਂਦਾ ਸੀ । ਉਸ ਨੇ ਪਤੀ ਵਲ ਇਕ ਭੇਤ-ਭਰੀ ਨਜ਼ਰ ਨਾਲ ਤਕਿਆ ਤੇ ਦੀਨਾ ਨਾਥ ਨੇ ਖੁਸ਼ੀ ਭਰੀ ਸ਼ਰਮਿੰਦਗੀ ਨਾਲ ਸਿਰ ਨੀਵਾਂ ਪਾ ਲਿਆ ।

ਬਲੂੰਗੜਾ ਕੀ ਆਇਆ—ਜਗਦੀਸ਼ ਲਈ ਧਨੰਤਰ ਵੈਦ ਆ ਗਿਆ । ਅੱਧੇ ਘੰਟੇ ਦੇ ਅੰਦਰ ਅੰਦਰ ਉਹ ਚੰਗੀ ਤਰ੍ਹਾਂ ਹਿਲਣ ਜੁਲਣ ਜੋਗਾ ਹੋ ਗਿਆ । ਇਸ ਵੇਲੇ ਬਲੂੰਗੜਾ ਉਸ ਦੀ ਛਾਤੀ ਨਾਲ ਸੀ ਤੇ ਮੂੰਹ ਉਸ ਦੇ ਨਾਲ । ਦੀਨਾ ਨਾਥ ਹੈਰਾਨ ਹੋਇਆ ਉਨ੍ਹਾਂ ਦਾ ਇਹ ਕੌਤਕ ਵੇਖ ਰਿਹਾ ਸੀ । ਬਲੂੰਗੜੇ ਨੂੰ ਜਗਦੀਸ਼ ਪਾਸੋਂ ਖੋਹਣਾ ਅਗੇ ਨਾਲੋਂ ਬਹੁਤ ਸੁਖਾਲਾ ਕੰਮ ਸੀ—ਜਦ ਕਿ ਨਾ ਤਾਂ ਜਗਦੀਸ਼ ਵਿਚ ਅੜੀ ਕਰਨ ਦੀ ਤਾਕਤ ਸੀ ਨਾ ਹੀ ਬਲੂੰਗੜਾ ਨਹੁੰਦਰਾਂ ਮਾਰਨ ਜੋਗਾ ਸੀ, ਪਰ ਦੀਨਾ ਨਾਥ ਵਿਚ ਹੀ ਇੰਨੀ ਤਾਕਤ ਕਿਥੇ ਸੀ ਜੁ ਇਨ੍ਹਾਂ ਦੋਹਾਂ ਚਿਰੀ-ਵਿਛੁੰਨੀਆਂ ਰੂਹਾਂ ਨੂੰ ਨਿਖੇੜ ਸਕਦਾ ।

ਰੋਜ਼ ਦੇ ਨੇਮ ਅਨੁਸਾਰ ਉਸ ਨੇ ਜਗਦੀਸ਼ ਨੂੰ ਜਦ ਥਰਮਾਮੀਟਰ ਲਾ ਕੇ ਵੇਖਿਆ ਤਾਂ ਬੁਖ਼ਾਰ—ਜਿਹੜਾ ਰਾਤ 104 ਤੋਂ ਵੀ ਉਪਰ ਸੀ—ਇਸ ਵੇਲੇ ਨਾਰਮਲ ਡਿਗਰੀ ਤੇ ਪੁਜਾ ਹੋਇਆ ਸੀ ।

ਇਸ ਵੇਲੇ ਨੌਕਰ ਆਇਆ ਤੇ ਕਹਿਣ ਲੱਗਾ—"ਬਾਊ ਜੀ ! ਡਾਕਟਰ ਵੱਲ ਜਾਵਾਂ ? ਕੀ ਕਹਾਂ ਉਸ ਨੂੰ ?"

ਦੀਨਾ ਨਾਥ ਦੇ ਉੱਤਰ ਦੇਣ ਤੋਂ ਪਹਿਲਾਂ ਹੀ ਉਮਾਂ ਦੇਵੀ ਮੁਸਕਰਾਉਂਦੀ ਹੋਈ ਨੌਕਰ ਨੂੰ ਕਹਿਣ ਲਗੀ "ਨਹੀਂ ਹੁਣ ਡਾਕਟਰ ਵੱਲ ਜਾਣ ਦੀ ਲੋੜ ਨਹੀਂ—ਸਾਡੇ ਘਰ 'ਵੱਡਾ ਡਾਕਟਰ' ਆ ਗਿਆ ਹੈ ।"

ਮੋਹਣ ਸਿੰਘ ਦੀਵਾਨਾ

ਰੂਪ ਵੱਡਾ ਕਿ ਰੱਬ

ਰੱਬ ਤੇ ਰੂਪ ਦੋਵੇਂ ਪੂਰਨ ਸਰਨਾਗਤੀ, ਪੂਰਨ ਲਿਵ-ਤਾਰ ਤੇ ਪੂਰਨ ਅਨੁਕਰਨ-ਅਨੁਸਰਨ ਦੀ ਮੰਗ ਕਰਦੇ ਹਨ ।

ਮੈਂ ਬੈਠਾ ਬੈਠਾ ਸੋਚ ਰਿਹਾ ਸਾਂ, ਕਿਹੜੀ ਕਹਾਣੀ ਲਿਖਾਂ । ਜ਼ਿਆਦਾ ਖ਼ਿਆਲ ਸੀ "ਹਾਏ, ਮੇਰਾ ਕੰਬਲ" ਨੂੰ ਲੀਕਣ ਤੇ ! ਇੰਨੇ ਨੂੰ ਮੇਰੀ ਅਰਧੰਗੀ ਸੀ, ਆਈ, ਬੋਲੀ, ਤੁਸੀਂ ਰੂਪ ਰਾਣੀ ਦੀ ਕਹਾਣੀ ਕਿਉਂ ਨਹੀਂ ਲਿਖਦੇ ? ਲੋ ਜੀ, ਮੈਂ ਤੁਹਾਨੂੰ ਸੁਣਾਂਦੀ ਹਾਂ ।

ਇਕ ਸੀ ਰਾਜਾ । ਉਹਦੇ ਇਕੋ ਇਕ ਲੜਕੀ ਸੀ । ਉਸਨੇ ਇਕ ਤੋਤਾ ਤੇ ਇਕ ਲੂੰਬੜੀ ਪਾਲੇ ਹੋਏ ਸਨ ।

ਲੂੰਬੜੀ ਕਿ ਬਾਂਦਰੀ ?

ਬਾਂਦਰੀ ਚੈਂਚਲ ਹੁੰਦੀ ਹੈ, ਤੇ ਲੂੰਬੜੀ ਸ਼ਾਂਤ । ਨਾਲੇ ਤੁਸੀਂ ਕਿਤੇ ਪੜ੍ਹਿਆ ਨਹੀਂ ਕਿ ਲੂੰਬੜੀ ਜੋਗ ਵਿਦਿਆ ਦੀ ਮਾਹਰ ਹੁੰਦੀ ਹੈ ?

ਮੈਂ ਤੇ ਲੂੰਬੜੀ ਨੂੰ ਮੱਕਾਰਨ ਪੜ੍ਹਿਆ ਹੈ ।

ਮੱਕਰ ਕਰਨ ਲਈ ਬੜਾ ਸਬਰ ਤੇ ਸ਼ਾਂਤ ਸੁਭਾ ਚਾਹੀਦਾ ਹੈ । ਲੂੰਬੜੀ ਦਾ ਮੱਕਰ ਉੱਤਲੇ ਦਰਜੇ ਦਾ ਹੁੰਦਾ ਹੈ, ਸੁਆਰਥ ਲਈ ਨਹੀਂ, ਤਮਾਸ਼ੇ ਮਾਤਰ । ਜਦੋਂ ਰੂਪਾਂ ਰਾਜੇ ਰਾਣੀ ਦੀ ਧੀ ਭਰ-ਜੁਆਨ ਹੋ ਗਈ ਤਾਂ ਉਨ੍ਹਾਂ ਨੂੰ ਚਿੰਤਾ ਲੱਗੀ ਕਿ ਭਾਵੇਂ ਸਾਡੀਆਂ ਅੱਖਾਂ ਦੇ ਸਾਹਮਣੇ, ਸਾਡੇ ਕਲੇਜੇ ਦੀ ਠੰਡਕ, ਇਹੋ ਹੀ ਇਹੋ ਹੈ, ਫਿਰ ਵੀ ਪਰਾਇਆ ਧਨ ਹੈ, ਇਸ ਨੂੰ ਯੋਗ ਵਰ ਟੋਲ ਦੇਣ ਬਾਝੋਂ ਸਾਡੀ ਗਤੀ ਨਹੀਂ ਹੋ ਸਕਦੀ ।

ਕੋਈ ਜ਼ਰੂਰੀ ਹੈ ਕਿ ਮਾਪੇ ਹੀ ਵਰ ਟੋਲ ਦੇਣ । ਆਪ ਕਿਉਂ ਨਾ ਕੁੜੀਆਂ ਲਭ ਲੈਣ ? ਉਨ੍ਹਾਂ ਦੀ ਪਸੰਦ ਬੁਢਿਆਂ ਨਾਲੋਂ ਵੱਧ ਤੇਜ਼ ਤੇ ਤਿੱਖੀ ਹੁੰਦੀ ਹੈ । ਨਾਲੇ ਆਪ-ਟੋਲੇ ਦਾ ਪਛਤਾਵਾ ਨਹੀਂ ਹੁੰਦਾ । ਆਪਣੀ ਗ਼ਲਤੀ ਕੌਣ ਕੱਢਦਾ ਹੈ ਤੇ ਦੂਜੇ ਦੀ ਚੋਣ ਵਿਚ ਮੀਣ ਮੇਖ ਕੌਣ ਕਢਣੋਂ ਰੁਕਦਾ ਹੈ ?

ਜਿੰਨ ਵਡੇਰਾ, ਉਚੇਰਾ ਘਰ ਉੱਨਾ ਹੀ ਕੁੜੀ ਦਾ ਵਧੇਰਾ ਅਧਿਕਾਰ ਆਪਣਾ, ਵਰ ਆਪ ਚੁਣਨ ਦਾ। ਸੁਅੰਬਰ ਰਾਜਕੁਮਾਰੀਆਂ ਹੀ ਰਚਾਂਦੀਆਂ ਨੇ, ਕੋਈ ਚੂਹੜੀਆਂ ਚਮਾਰੀਆਂ ਥੋਹੜਾ ?

ਹਾਂ, ਪਰ ਚੂਹੜੀਆਂ ਚਮਾਰੀਆਂ ਕੀ ਤੇ ਉੱਚ ਘਰਾਂ ਦੀਆਂ ਕੀ, ਨਿਕਲ ਜ਼ਰੂਰ ਜਾਂਦੀਆਂ ਨੇ। ਮੇਰਾ ਖ਼ਿਆਲ ਤਾਂ ਇਹ ਹੈ ਕਿ ਸੋਹਣੀਆਂ ਨੂੰ ਹੀ ਸੋਹਣਿਆਂ ਦੀ ਨਿਰਖ ਪਰਖ, ਛਾਣ-ਚਟਕ ਕਰਕੇ ਵਰਨ ਦਾ ਹੱਕ ਹੁੰਦਾ ਹੈ।

ਤੁਸੀਂ ਹੋਏ ਮਰਦ। ਤੁਹਾਨੂੰ ਕੀ ਪਤੈ ਇਸਤਰੀ ਸੁੰਦਰਤਾ ਤੋਂ ਸਿਵਾ ਕਿਸੇ ਹੋਰ ਚੀਜ਼ ਦੀ ਵੀ ਢੂੰਡ ਭਾਲ ਕਰਦੀ ਹੈ। ਮਰਦ ਤਾਂ ਸਿਰਫ਼ ਰੰਗ ਦਾ ਹੀ ਗਾਹਕ ਹੈ। ਰਾਜ ਰਾਣੀ ਨੇ ਰੂਪਾਂ ਨੂੰ ਆਖਿਆ ਧੀਏ, ਹੁਣ ਤੂੰ ਜੁਆਨ ਹੋ ਗਈ ਏਂ, ਕੋਈ ਵਰ ਟੋਲ ਲੈ, ਤੇਰੇ ਹੱਥ ਪੈਰ ਰਾਂਗਲੇ ਕਰ ਕੇ ਟੋਰ ਦੇਈਏ ਤੇ ਆਪ ਅੱਗਾ ਸੁਆਰੀਏ। ਉਹ ਬੋਲੀ ਜੋ ਹੁਕਮ; ਤੁਸੀਂ ਡੌਂਡੀ ਪਿਟਵਾ ਦਿਓ ਕਿ ਜੋ ਕੋਈ ਮੇਰੀ ਲੂੰਬੜੀ ਨੂੰ ਲਭ ਲਏਗਾ ਉਸ ਨਾਲ ਮੈਂ ਵਿਆਹ ਕਰਵਾ ਲਵਾਂਗੀ।

ਪਰ ਉਹ ਲੂੰਬੜੀ ਅਰੂਪ ਹੋਣਾ ਜਾਣਦੀ ਸੀ।

ਜਾਣਦੀ ਕਿਉਂ ਨਹੀਂ ਸੀ ? ਸਾਰੀਆਂ ਲੂੰਬੜੀਆਂ ਜਾਣਦੀਆਂ ਸਨ। ਜੋ ਪਿਛਲੇ ਜਨਮ ਸਿੱਧ ਹੁੰਦਾ ਹੈ ਉਹੀ ਲੂੰਬੜੀ ਦਾ ਜਨਮ ਲੈਂਦਾ ਹੈ।

ਤੇ ਤੂੰ ਸੱਦਮੁੱਚ ਅਗਲੇ ਪਿਛਲੇ ਜਨਮ ਵਿਚ ਵਿਸ਼ਵਾਸ ਰਖਦੀ ਹੈਂ ?

ਕਿਉਂ ਨਹੀਂ ਰਖਦੀ ? ਮੈਂ ਤਾਂ ਆਸ ਲਾਈ ਬੈਠੀ ਹਾਂ ਕਿ ਅਗਲੇ ਜਨਮ ਵੀ ਤੁਹਾਡਾ ਮੇਰਾ ਸੰਬੰਧ ਬਣਿਆ ਰਹੇ।

ਲੈ ਹੋਰ ਸੁਣ। ਇਹਦਾ ਮਤਲਬ ਇਹ ਹੈ ਕਿ ਤੈਨੂੰ ਮੇਰੇ ਨਾਲ ਪਿਆਰ ਹੈ।

ਤੁਹਾਨੂੰ ਮੇਰੇ ਪਿਆਰ ਦਾ ਕੀ ਪਤਾ, ਤੇ ਤੁਹਾਨੂੰ ਮੇਰੇ ਪਿਆਰ ਦੀ ਲੋੜ ਵੀ ਕੀ ਹੈ ! ਤੁਸੀਂ ਤਾਂ ਇਹੋ ਚਾਹੁੰਦੇ ਹੋ ਕਿ ਰੋਟੀ ਪਕਾਂਦੀ ਰਹੇ, ਪੈਸੇ ਬਚਾਂਦੀ ਰਹੇ। ਮੁੰਡੇ ਕੁੜੀਆਂ ਜੰਮੀ ਜਾਏ ਤੇ ਪਾਲੀ ਜਾਏ। ਆਏ ਗਏ ਦੀ ਪੁਛ-ਪਰਤੀਤ ਤੇ ਖ਼ਾਤਰ ਤੁਆਜ਼ੋ ਕਰ ਛੱਡੇ ਤੇ ਝਾੜ ਝੰਬ ਸਹੀ ਜਾਏ।

ਧੋਬੀ ਦੇ ਕਪੜੇ ਵੀ ਲਿਖ ਲਿਆ ਕਰੇ ਤੇ ਮੇਰੀਆਂ ਗੁਆਚੀਆਂ ਭੁੱਲੀਆਂ ਕਿਤਾਬਾਂ ਵੀ ਲੱਭ ਦਿਆ ਕਰੇ।

ਆਹੋ, ਉਲਟੇ ਜ਼ਮਾਨੇ ਜੋ ਆ ਗਏ। ਅਗਲਿਆਂ ਵੇਲਿਆਂ ਵਿਚ ਮਰਦ ਗੁਆਚੀ ਦੀ ਟੋਲ ਕਰਦੇ ਸਨ, ਅੱਜ ਕਲ ਇਸਤਰੀਆਂ ਦੇ ਜ਼ਿੰਮੇ ਇਹ ਕੰਮ ਲਾਇਆ

ਗਿਆ ਹੈ। ਤਮਾਸ਼ਾ ਇਹ ਹੈ ਕਿ ਮਰਦਾਂ ਨੇ ਆਪਣੇ ਆਪ ਨੂੰ ਗੁਆਉਣਾ ਫਿਰ ਛੋਹ ਦਿੱਤਾ ਹੈ। ਰਾਜੇ ਨੇ ਮਨਾਦੀ ਕਰਾ ਦਿੱਤੀ ਕਿ ਮੇਰੀ ਰੂਪਾਂ ਦੀ ਲੂੰਬੜੀ ਜੋ ਆਪ ਛੁਪ ਗਈ ਹੈ, ਉਹਨੂੰ ਜਿਹੜਾ ਕੋਈ ਲੱਭੇਗਾ ਉਹ ਰੂਪਾਂ ਦਾ ਪਤੀ ਬਣ ਸਕੇਗਾ।

ਅਜੀਬ ਸ਼ਰਤ ਹੈ। ਰੂਪਾਂ ਨੇ ਇਹ ਵੀ ਨਾ ਸੋਚਿਆ ਜੇ ਕਿਸੇ ਨਖੱਟੂ ਮਰਦ ਨੇ ਇਹ ਕੰਮ ਸਿਰੇ ਚਾੜ੍ਹ ਲਿਆ ਤਾਂ ਉਸ ਨਖੱਟੂ ਨਾਲ ਸਾਰੀ ਉਮਰ ਰਾਜਕੁਮਾਰੀ ਨੂੰ ਲੰਘਾਣੀ ਪਏਗੀ?

ਇਸਤਰੀ ਓੱਨੀ ਬੇਵਕੂਫ, ਮੂਰਖ ਨਹੀਂ ਜਿੰਨੀ ਮਰਦ ਸਮਝਦੇ ਹਨ। ਨਾਲੇ ਇਸਤਰੀ ਦਾ ਹੱਠ ਪਰਸਿੱਧ ਹੈ। ਉਹ ਵੀ ਆਪਣਾ ਬਚਨ ਓਸੇ ਸ਼ਾਨ ਤੇ ਆਕੜ ਨਾਲ ਨਿਬਾਹ ਸਕਦੀ ਹੈ ਜਿਸ ਨਾਲ ਮਰਦ। ਮਰਦ ਭਾਵੇਂ ਦੁੱਖ ਕਸ਼ਟ ਤੋਂ ਘਬਰਾ ਜਾਣ, ਇਸਤਰੀ ਕਦੇ ਨਹੀਂ ਦਿਲ ਛਡਦੀ। ਰੱਬ ਨੇ ਉਸ ਨੂੰ ਸਰੀਰ ਤਾਂ ਕੋਮਲ ਦਿੱਤਾ ਹੈ ਪਰ ਦਿਲ ਬੜਾ ਕਰੜਾ, ਜਿਹੜਾ ਸਾਰੀ ਉਮਰ ਦੇ ਤਸੀਹਿਆਂ ਨੂੰ ਵੀ ਜੀ ਆਇਆਂ ਆਖ ਕੇ ਖਿੜੇ ਮੱਥੇ ਝਲ ਗੁਜ਼ਰੇ।

ਇਹ ਤਾਂ ਮੈਂ ਵੀ ਮੰਨਦਾ ਹਾਂ। ਰੰਡੀਆਂ ਕੱਟ ਗੁਜ਼ਰਦੀਆਂ ਹਨ ਪਰ ਰੰਡੇ ਠੇਡੇ ਖਾਣੋਂ ਨਹੀਂ ਬਚਾ ਸਕਦੇ ਆਪਣਾ ਆਪ। ਰੂਪਾਂ ਨੇ ਲੂੰਬੜੀ ਨੂੰ ਕਿਥੇ ਛੁਪਾਇਆ?

ਤੁਹਾਨੂੰ ਤੇ ਕਹਾਣੀ ਸੁਣਨੀ ਵੀ ਨਹੀਂ ਆਉਂਦੀ। ਜਿਸ ਨੇ ਢੰਡੋਰਾ ਸੁਣਿਆ ਹੱਸਿਆ, ਲੂੰਬੜੀ, ਫਿਰ ਰਾਜਕੁਮਾਰੀ ਦੀ ਲੂੰਬੜੀ, ਲੱਭ ਚੁੱਕੀ। ਇਹ ਤੇ ਉਹ ਗੱਲ ਹੋਈ, ਨਾ ਨੌਂ ਮਣ ਤੇਲ ਹੋਵੇਗਾ ਨਾ ਰਾਧਾ ਨਾਚੇਗੀ। ਇਸ ਬਹਾਨੇ ਰਾਜਕੁਮਾਰੀ ਸਾਰੀ ਉਮਰ ਕੁਆਰਿਆਂ ਹੀ ਰਹਿਣਾ ਚਾਹੁੰਦੀ ਹੋਣੀ ਹੈ।

ਪਰ ਕੀ ਕੋਈ ਵੀ ਮਾਤਾ ਦਾ ਲਾਲ ਨਾ ਨਿਤਰਿਆ?

ਨਿਤਰਿਆ ਕਿਉਂ ਨਾ। ਇਕ ਬੁੱਢੀ ਮਾਈ ਦਾ ਪੁੱਤਰ ਛੱਤੀਆਂ ਵਰ੍ਹਿਆਂ ਮਗਰੋਂ ਘਰ ਮੁੜਿਆ ਸੀ।

ਕਹਾਣੀਆਂ ਵਿਚ ਤੇ ਬਾਰਾਂ ਵਰ੍ਹੇ ਆਉਂਦਾ ਸੁਣੇ ਨੇ।

ਪਹਿਲਾਂ ਬਾਰਾਂ ਵਰ੍ਹੇ ਪੱਛਮ ਵੱਲ ਗਿਆ, ਸੁਦਾਗਰੀ ਕਰਦਾ ਰਿਹਾ। ਫਿਰ ਬਾਰਾਂ ਵਰ੍ਹੇ ਇਹ ਪੂਰਬ ਵੱਲ ਰਿਹਾ ਤੇ ਰਾਜਿਆਂ ਦੀਆਂ ਸੈਨਾਂ ਵਿਚ ਜੰਗ ਜੁਧ ਮਚਾਂਦਾ ਰਿਹਾ। ਤੇ ਜੋ ਬਾਰਾਂ ਵਰ੍ਹੇ ਉਸ ਨੇ ਦੱਖਣ ਕੱਟੇ, ਨਾਚ ਗਾਣੇ ਦੇ ਰਸ ਸੁਆਦ ਮਾਣਦਾ ਰਿਹਾ।

ਉਹ ਤੇ ਬੁੱਢਾ ਹੀ ਹੋਵੇਗਾ ।

ਦਿਲ ਤੇ ਬੁੱਢਾ ਨਹੀਂ । ਮਾਈ ਨੇ ਆਉਂਦਿਆਂ ਹੀ ਉਸ ਨੂੰ ਓਸ ਮੁਨਾਦੀ ਦਾ ਹਾਲ ਦਸਿਆ ।

ਮਾਈ ਸੋਚਦੀ ਹੋਣੀ ਹੈ, ਚੱਲੋ ਪਿਛਲੀ ਉਮਰੇ ਦੀ ਪੋਤਰੇ ਦਾ ਮੂੰਹ ਵੇਖ ਲਾਂਗੀ ।

ਮਾਂ ਲਈ ਪੁੱਤ ਕਦੇ ਬੁੱਢਾ ਨਹੀਂ ਹੁੰਦਾ । ਦੂਜੀ ਗੱਲ ਇਹ ਕਿ ਮਾਂ ਨੂੰ ਆਪਣੇ ਪੁੱਤਰ ਦੇ ਲੰਮੇ ਚੌੜੇ ਤਜਰਬੇ, ਅਨੁਭਵ ਉਤੇ ਯਕੀਨ ਸੀ । ਜਿਹੜਾ ਘਾਟ ਘਾਟ ਦਾ ਪਾਣੀ ਪੀ ਕੇ ਆਇਆ ਹੈ, ਉਸ ਵਿਚ ਕੋਈ ਖਾਸ ਗੁਣ ਆ ਹੀ ਗਿਆ ਹੋਵੇਗਾ, ਉਹਦੀ ਬੁੱਧੀ ਤੇਜ਼ ਹੋ ਹੀ ਗਈ ਹੋਵੇਗੀ । ਨਾਲੇ ਇਕ ਹੋਰ ਗੱਲ ਕਿ ਮਾਈ ਨੂੰ ਸਿਆਣੀ ਇਸਤਰੀ ਹੋਣ ਕਰਕੇ ਇਹ ਪਤਾ ਸੀ ਕਿ ਰਾਜਕੁਮਾਰੀ ਮੂਰਖ ਨਹੀਂ, ਇਸ ਵਿਚ ਕੋਈ ਘੁੰਡੀ ਜ਼ਰੂਰ ਹੈ । ਅੰਦਰੋਂ ਗੱਲ ਏਡੀ ਮੁਸ਼ਕਲ ਨਹੀਂ, ਬਸ ਉਹ ਜ਼ਰਾ ਜਿੰਨੀ ਘੁੰਡੀ ਸਮਝਣ ਦੀ ਔਖ ਤੇ ਦੇਰ ਹੈ ।

ਮਾਈ ਨੇ ਘੁੰਡੀ ਲੱਭ ਲਈ ?

ਆਹੋ, ਦਸਨੀ ਹਾਂ ਮਾਈ ਨੇ ਕੋਈ ਧੁਪ ਵਿਚ ਵਾਲ ਥੋੜ੍ਹਾ ਚਿੱਟੇ ਕੀਤੇ ਸਨ । ਨਾਈਆਂ ਦੀ ਪੁੱਜ ਪਹੁੰਚ ਬੜੀ ਦੂਰ ਤੀਕ ਮਾਰ ਕਰਦੀ ਹੈ । ਪਹਿਲਾਂ ਤੇ ਮਾਈ ਨੇ ਪੁੱਤ ਨੂੰ ਮਨਾਇਆ । ਉਹ ਕਹੇ, ਮੈਂ ਰੱਜ ਲਿਆ ਹੈ, ਮੈਨੂੰ ਕੋਈ ਲਾਲਸਾ ਨਹੀਂ । ਮਾਈ ਬੋਲੀ, ਪੁੱਤ ਤੂੰ ਸੁਖ ਨਾਲ ਅਜੇ ਜੁਆਨ ਹੈਂ, ਅਨੁਭਵ ਲਈ ਉਮਰ ਦੀ ਕੋਈ ਕੈਦ ਨਹੀਂ ਹੁੰਦੀ । ਬੁੱਢੇ ਬੁੱਢੇ ਰਿਸ਼ੀ ਮੁਨੀ ਵਿਆਹ ਕਰਦੇ ਆਏ ਨੇ, ਕਦੇ ਕਿਸੇ ਕੁੜੀ ਨੇ ਇਨਕਾਰ ਨਹੀਂ ਕੀਤਾ । ਫਿਰ ਰੱਬ ਤੈਨੂੰ ਲਖ ਸੌ ਵਰ੍ਹਿਆਂ ਦੀ ਉਮਰ ਦੇਵੇ, ਜਿੰਨੇ ਵਰ੍ਹੇ ਗ੍ਰਹਿਸਤ ਦਾ ਸੁਖ ਮਾਣਾਂਗਾ, ਓੱਨੇ ਵਰ੍ਹੇ ਹੀ ਸਹੀ । ਗ੍ਰਹਿਸਥ ਬੜੀ ਵੱਡੀ ਚੀਜ਼ ਹੈ । ਗ੍ਰਹਿਸਥ ਵਿਚ ਚੜ੍ਹਿਆ ਕਦੇ ਡਿੱਗ ਨਹੀਂ ਸਕਦਾ । ਜੇ ਤੂੰ ਆਖੇਂ ਕਿ ਪਿੱਛੋਂ ਉਹ ਕੀ ਕਰੇਗੀ ? ਪਹਿਲਾਂ ਤਾਂ ਉਸ ਨੇ ਕੋਈ ਪੱਟਾ ਤਾਂ ਲਿਖਾ ਕੇ ਨਹੀਂ ਆਂਦਾ ? ਤੇ ਜੇ ਕੱਟਣੀ ਪਏ ਤਾਂ ਬਾਲ ਬੱਚੇ ਨਾਲ ਸਾਰੀ ਦੁਨੀਆਂ ਕੱਟਦੀ ਆਈ ਹੈ ਤੇ ਕੱਟਦੀ ਰਹੇਗੀ । ਧਨ ਦੌਲਤ ਦੀ ਰਾਜਿਆਂ ਦੇ ਕੁਝ ਘਾਟ ਨਹੀਂ । ਵੇਖ, ਤੂੰ ਮੰਨ ਜਾ, ਇਹ ਵੀ ਕਰਤਾਰ ਦੇ ਰੰਗ ਨੇ, ਵੇਖਣੇ ਹੀ ਚਾਹੀਦੇ ਨੇ । ਬਾਕੀ ਰਹੀ ਗੱਲ ਲੂੰਬੜੀ ਨੂੰ ਲੱਭਣ ਦੀ, ਸੋ ਤੂੰ ਸੱਤ ਦਿਨ ਦੀ ਮੈਨੂੰ ਮੁਹਲਤ ਦੇਹ, ਮੈਂ ਸਭ ਖੋਜ ਖੁਰਾ ਕੱਢ ਲਾਂਗੀ ।

ਮਾਈ ਬੜੀ ਸਿਆਣੀ ਹੋਣੀ ਏ ।

ਪੁੱਤ ਦੇ ਅਤਿਅੰਤ ਪਿਆਰ ਨੇ ਉਹਨੂੰ ਸਿਆਣਾ ਬਣਾ ਦਿੱਤਾ। ਪਿਆਰ—ਨਿਸ਼ਕਾਮ ਪਿਆਰ ਵਿਚ ਬੜੀ ਕਰਾਮਾਤ ਹੁੰਦੀ ਹੈ ਤੇ ਬੜਾ ਚਮਤਕਾਰ। ਪੁੱਤ ਦੀ ਹਾਂ ਕਰਵਾ ਕੇ ਮਾਈ ਰੂਪਾਂ ਪਾਸ ਪੁੱਜੀ। ਮਾਈ ਨੇ ਦਰਬਾਨਾਂ ਨੂੰ ਕਿਹਾ ਕਿ ਮੇਰਾ ਪੁੱਤ ਅਨੰਗ ਸੈਨ ਲੂੰਬੜੀ ਨੂੰ ਲਭੇਗਾ ਪਰ ਉਹ ਕੁਝ ਗੱਲਾਂ ਰਾਜਕੁਮਾਰੀ ਪਾਸੋਂ ਪੁਛਣਾ ਚਾਹੁੰਦਾ ਹੈ। ਆਪ ਆ ਨਹੀਂ ਸਕਦਾ, ਮਰਦ ਠਹਿਰਿਆ, ਸੋ ਮੈਂ ਪੁਛਣ ਆਈ ਹਾਂ। ਉਨ੍ਹਾਂ ਮਾਈ ਨੂੰ ਅੰਦਰ ਲੰਘਣ ਦਿੱਤਾ ਤੇ ਰਾਜਕੁਮਾਰੀ ਨੂੰ ਜਾ ਖ਼ਬਰ ਦਿੱਤੀ। ਮਾਈ ਪੇਸ਼ ਹੋਈ ਤਾਂ ਪੁਛਣ ਲਗੀ : ਹੇ ਰੂਪਾਂ ਰਾਣੀ, ਬੱਚੀ, ਮੇਰਾ ਪੁੱਤ ਕਹਿੰਦਾ ਹੈ, ਅਦਿੱਠ ਨੂੰ ਕਿਵੇਂ ਲੱਭਾਂ, ਇਕ ਵਾਰੀ ਤੂੰ ਲੂੰਬੜੀ ਨੂੰ ਵਿਖਾ ਦੇ ਫਿਰ ਮੈਂ ਲੱਭ ਲਾਂਗਾ। ਜੇ ਇਹ ਨਹੀਂ ਕਰਦੇ ਤੁਸੀਂ ਤਾਂ ਇਹ ਦਸੋ ਕਿ ਜੇ ਮੈਂ ਲੂੰਬੜੀ ਨੂੰ ਲੱਭ ਨਾ ਸਕਿਆ ਤਾਂ ਮੇਰੀ ਸਜ਼ਾ? ਰਾਜਕੁਮਾਰੀ ਬੋਲੀ, ਮਾਈਂ, ਮੈਂ ਸਭ ਤੋਂ ਉਤਮ ਪੁਰਖ ਵਰਨਾ ਲੋਚਦੀ ਹਾਂ, ਤੇ ਉਤਮ ਪੁਰਖ ਉਹੀ ਹੈ ਜੋ ਅਦਿੱਠ ਨੂੰ ਲਭ ਸਕੇ। ਵੇਖੇ ਨੂੰ ਟੋਲ ਕੱਢਣਾ ਕੋਈ ਏਡੀ ਵੱਡੀ ਸੂਰਬੀਰਤਾ ਤੇ ਚੁਤਰਾਈ ਨਹੀਂ। ਜੇ ਤੇਰਾ ਪੁੱਤ ਇਸ ਕੰਮ ਨੂੰ ਹੱਥ ਪਾ ਕੇ ਸਿਰੇ ਨਾ ਚਾਹੜ੍ਹ ਸਕਿਆ ਤਾਂ ਮੈਂ ਉਸ ਨੂੰ ਖੋਤਾ ਬਣਾ ਦਿਆਂਗੀ। ਮਾਈ ਨੇ ਜਵਾਬ ਦਿੱਤਾ, ਰੱਬ ਤੁਹਾਡਾ ਬਹੁਤ ਬਹੁਤ ਭਲਾ ਕਰੇ, ਮੇਰੀ ਨਿਸ਼ਾਂ ਤੁਸਾਂ ਸਹਿਜ ਹੀ ਕਰ ਦਿੱਤੀ। ਮੈਨੂੰ ਆਗਿਆ ਦਿਉ ਕਿ ਮੈਂ ਜਾ ਕੇ ਪਰੇਰਾਂ ਕਿ ਇਹ ਕੰਮ ਹੱਥ ਵਿਚ ਜ਼ਰੂਰ ਲੈ ਲਏ। ਰੂਪਾਂ ਖਿੜ ਖਿੜ ਹੱਸੀ। ਮਾਈ ਨੂੰ ਐਉਂ ਵਾਜ ਆਈ ਜਿਵੇਂ ਘੁੰਗਰੂ ਵਜਦੇ ਹਨ।

ਮਾਈ ਦੇ ਕੰਨ ਬੜੇ ਪਤਲੇ ਹੋਣਗੇ।

ਸੁਰਤ ਜੁ ਮਾਈ ਦੀ ਅੰਦਰ ਵੱਲ ਲੱਗੀ ਰਹਿੰਦੀ ਸੀ। ਆਖ਼ਰ ਮਨੁੱਖ ਉਮਰਾਂ ਕੱਟਣ ਲਈ ਕਿਸੇ ਨਾ ਕਿਸ ਬਿਰਤੀ ਨੂੰ ਸਿਗਾਸਦਾ ਹੀ ਹੈ ਤਾਂ ਜੋ ਉਸ ਦਾ ਸਹਾਰ ਲੈ ਸਕੇ। ਮਾਈ ਨੇ ਘਰ ਆ ਕੇ ਪੁੱਤ ਨੂੰ ਕਿਹਾ, ਬੱਚਾ ਇਹ ਤਾਂ ਗੱਲ ਹੀ ਕੁਝ ਨਹੀਂ ਮਦਾਨ ਮਾਰਿਆ ਪਿਆ ਹੈ। ਬਸ ਸਤਿਨਾਮ ਆਖ ਕੇ ਸਿਧਾ ਰਾਜਕੁਮਾਰੀ ਕੋਲ ਚੱਲਿਆ ਜਾ। ਕਿਧਰੇ ਕੁੱਝ ਲਭਣ ਨਹੀਂ ਜਾਣਾ, ਸਭ ਕੁੱਝ ਘਰ ਵਿਚ ਹੀ ਹੈ।

ਮਾਈ ਨੇ ਕੀ ਭੇਤ ਲੱਭਾ ਸਾ ਤੇ ਪੁੱਤ ਨੂੰ ਕੀ ਸਿਖਾਇਆ ਪੜ੍ਹਾਇਆ ਸਾ ਸੂ? ਇਹ ਅੱਗੇ ਚਲ ਕੇ ਖੁਲ੍ਹ ਜਾਵੇਗਾ। ਪੁੱਤ ਨਾਲ ਮਾਈ ਨੇ ਤਿੰਨ ਗੱਲਾਂ ਜ਼ਰੂਰ ਕੀਤੀਆਂ. ਇਕ ਤਾਂ ਜਿਸ ਵੇਲੇ ਰਾਜਕੁਮਾਰੀ ਕੋਲ ਜਾਏਂ, ਕਮਰੇ ਦੀ ਹਰੇਕ ਚੀਜ਼ ਨੂੰ ਗਹੁ ਨਾਲ ਵੇਖ ਲਵੀਂ ਤੇ ਚੇਤੇ ਕਰ ਲਵੀਂ। ਦੂਜੀ, ਰਾਜਕੁਮਾਰੀ ਦੀ ਹਰ ਹਰਕਤ ਨੂੰ ਧਿਆਨ ਨਾਲ ਵਖੀਂ ਤੇ ਉਸ ਦੀਆਂ ਅੱਖਾਂ ਵਿੱਚ ਅੱਖਾਂ ਪਾਈ ਰਖੀਂ। ਤੀਜੀ

ਰੂਪਾਂ ਸਾਧਾਰਣ ਰਾਜਕੁਮਾਰੀ ਨਹੀਂ, ਉਹ ਜਾਦੂਗਰਨੀ ਹੈ। ਜਾਦੂ ਹੀ ਦੇ ਜ਼ੋਰ ਤੇ ਉਸ ਨੇ ਲੂੰਬੜੀ ਨੂੰ ਕਾਬੂ ਰਖਿਆ ਹੋਇਆ ਹੈ। ਆਮ ਤੌਰ ਤੇ ਜਾਦੂਗਰ ਕਿਸੇ ਪੰਛੀ ਜਾਂ ਜਨੌਰ ਵਿੱਚ ਆਪਣੀ ਜਿੰਦ ਛੁਪਾ ਰਖਦੇ ਹਨ ਤਾਂ ਜੇ ਉਨ੍ਹਾਂ ਦਾ ਸਰੀਰ ਭਸਮ ਵੀ ਹੋ ਜਾਏ ਤਾਂ ਵੀ ਉਹ ਉਸ ਪੰਛੀ ਜਾਂ ਜਨੌਰ ਦੇ ਸਰੀਰ ਨੂੰ ਵਰਤ ਕੇ ਜੀਉਂਦੇ ਰਹਿ ਸਕਣ, ਇਹ ਲੂੰਬੜੀ ਇਸ ਨੂੰ ਬਹੁਤ ਪਿਆਰੀ ਹੈ ਤੇ ਲੂੰਬੜੀ ਵੀ ਇਸ ਨੂੰ ਬਹੁਤ ਪਿਆਰ ਕਰਨ ਲਗ ਪਈ ਹੈ। ਤੂੰ ਸੱਤ ਦਿਨ ਲੂੰਬੜੀ ਦਾ ਧਿਆਨ ਕਰੀ ਜਾ। ਫਿਰ ਸੱਤਾਂ ਦਿਨਾਂ ਬਾਅਦ ਰਾਜਕੁਮਾਰੀ ਪਾਸ ਸਵੇਰੇ ਸਵੇਰੇ ਇਸ਼ਨਾਨ ਧਿਆਨ ਕਰ ਕੇ ਚਲਾ ਜਾਈਂ।

ਜੇ ਇੰਨਾ ਕੁਝ ਜਾਣਦੀ ਸੀ ਮਾਈ ਤਾਂ ਸਾਰੀ ਗੱਲ ਹੀ ਕਿਉਂ ਨਾ ਪੁੱਤ ਨੂੰ ਦਸ ਦਿੱਤੀ ?

ਇਸੇ ਵਾਸਤੇ ਕਿ ਪੁੱਤ ਦੀ ਬੁੱਧਮਾਨਤਾ ਤੇ ਉਸ ਦਾ ਸੁੰਦਰਤਾ ਪਿਆਰ ਵੀ ਜਾਚਣਾ ਚਾਹੁੰਦੀ ਸੀ। ਜੇ ਪੁੱਤ ਬੇਵਕੂਫ ਹੋਵੇ ਜਾਂ ਤੀਵੀਂ ਵੱਲੋਂ ਬਿਲਕੁਲ ਉਪਰਾਮ ਤਾਂ ਫਿਰ ਉਸ ਨੂੰ ਭਾਵੇਂ ਕਿਸੇ ਰਾਜਕੁਮਾਰੀ ਨਾਲ ਹੀ ਗੰਢਣ ਦਾ ਕੀ ਲਾਭ। ਆਖਰ ਵਿਆਹ ਕਰ ਲੈਣਾ ਹੀ ਇਕੋ ਜਾਂ ਵੱਡਾ ਕੰਮ ਨਹੀਂ ਹੁੰਦਾ ਵਿਆਹ ਨੂੰ ਨਿਭਾਹੁਣਾ ਹੀ ਤੇ ਅਸਲੀ ਅਜ਼ਮਾਇਸ਼ ਹੈ। ਸੁੰਦਰੀ ਉਹ ਜੋ ਹਰ ਰੰਗ ਵਿੱਚ ਸੁੰਦਰ ਰਹੇ ਤੇ ਵੀਰ ਉਹ ਜੋ ਹਰ ਮਨਜ਼ਲ ਵਿਚ ਵੀਰ।

ਫਿਰ ਕੀ ਹੋਇਆ ?

ਵੀਰਵਾਰ ਨੂੰ ਸਵੇਰੇ ਅਨੰਗ ਸੈਨ ਰਾਜਕੁਮਾਰੀ ਰੂਪਾਂ ਦੇ ਆਪਣੇ ਮਹਿਲ ਵਿੱਚ ਪੁੱਜਾ। ਰਾਜਕੁਮਾਰੀ ਨੇ ਉਸ ਨੂੰ ਵੇਖਦਿਆਂ ਹੀ ਹਉਕਾ ਭਰਿਆ। ਅਨੰਦ ਸੈਨ ਬੋਲਿਆ, ਰਾਜਕੁਮਾਰੀ ! ਜੇ ਜੂਆ ਖੇਡੀਏ ਤਾਂ ਜਿੱਤ ਹਾਰ ਦੋਹਾਂ ਲਈ ਤਿਆਰ ਰਹਿਣਾ ਚਾਹੀਦਾ ਹੈ। ਦੂਜੀ ਗੱਲ ਅਰਜ ਕਰਾਂ ਜੇ ਜਾਨ ਦੀ ਅਮਾਨ ਪਾਵਾਂ ਕਿ ਮਨੁੱਖ ਦੀ ਅਸਲੀ ਆਯੂ ਤੇ 1000 ਸਾਲ ਹੈ, ਆਪਣੀਆਂ ਬਿਰਤੀਆਂ ਨੂੰ ਛੋਤੀ ਛੋਤੀ ਖੇਰੂ ਖੇਰੂ ਕਰ ਕੇ ਉਹ ਸੌ ਤੀਕ ਵੀ ਨਹੀਂ ਪੁੱਜ ਸਕਦਾ।ਈਸ਼ਵਰ ਨੇ ਚਾਹਿਆ ਤਾਂ ਤੁਹਾਡੀ ਸੁੰਦਰਤਾ ਦੇ ਸਦਕਾ ਮੈਂ ਸਦਾ ਹੀ ਜੁਆਨ ਰਹਾਂਗਾ। ਜੋਗ ਵਿਦਿਆ ਦੀਆਂ ਕਰਾਮਾਤਾਂ ਮੈਂ ਬਹੁਤ ਸਣੀਆਂ ਹੋਈਆਂ ਹਨ ਤੇ ਕੁਝ ਥੋੜ੍ਹਾ ਹਾਲ ਮੈਂ ਜਾਣਦਾ ਵੀ ਹਾਂ ਜੋਗ ਜਾਦੂ ਤੋਂ ਉਚੇਰਾ ਹੁੰਦਾ ਹੈ।

ਰਾਜਕੁਮਾਰੀ ਤੇ ਕੁਝ ਪਰਭਾਵ ਪਿਆ।

ਰਾਜਕੁਮਾਰੀ ਸੁਣਦੀ ਜਾਏ ਤੇ ਉਸ ਦਾ ਮੂੰਹ ਲਾਲ ਹੁੰਦਾ ਜਾਏ, ਪਰ ਉਸ

ਦੱੜ ਵੱਟੀ ਰਖੀ ਤੇ ਗੱਭੇ ਨਾ ਕੂਈ। ਜਦੋਂ ਅਨੰਗ ਸੈਨ ਕਹਿ ਚੁੱਕਾ ਤਾਂ ਬੋਲੀ, ਮੈਂ ਡੀਗਾਂ ਸੁਣਨ ਵਾਸਤੇ ਨਹੀਂ ਆਗਿਆ ਦਿੱਤੀ। ਤੁਸੀਂ ਜੋ ਕੰਮ ਕਰਨ ਆਏ ਹੋ ਉਹ ਕਰੋ ਤੇ ਦਸੋ ਕਿ ਮੇਰੀ ਲੂੰਬੜੀ ਕਿਥੇ ਹੈ ?

ਅਨੰਗ ਸੈਨ ਨੇ ਚੌਹਾਂ ਪਾਸੇ ਨਜ਼ਰ ਦੁੜਾਈ। ਫਿਰ ਉਸ ਨੇ ਨਜ਼ੀਰ ਗਡ ਦਿੱਤੀ ਰਾਜਕੁਮਾਰੀ ਦੇ ਸਰੀਰ ਦੇ ਕਪੜਿਆਂ ਤੇ। ਉਸ ਨੂੰ ਇਕ ਮੱਖੀ ਨਜ਼ਰ ਆਈ, ਰਾਜਕੁਮਾਰੀ ਦੀ ਝੋਲੀ ਵਿਚ। ਉਸ ਨੇ ਕਿਹਾ, ਲੂੰਬੜੀ ਆਪ ਦੀ ਝੋਲੀ ਵਿੱਚ ਹੈ। ਉਹ ਬੋਲੀ, ਤੁਸੀਂ ਬੇਸਮਝ ਪ੍ਰਤੀਤ ਹੁੰਦੇ ਹੋ, ਲੂੰਬੜੀ ਮੇਰੀ ਝੋਲੀ ਵਿੱਚ ਕਿੱਥੇ ਹੈ। ਅਨੰਗ ਸੈਨ ਨੇ ਕਿਹਾ ਉਹ ਤੁਹਾਡੇ ਸੱਜੇ ਮੋਢੇ ਤੇ ਹੈ। ਮੱਖੀ ਉੱਡ ਕੇ ਉਥੇ ਚਲੀ ਗਈ ਸੀ। ਰੂਪਾਂ ਬੋਲੀ, ਤੁਹਾਡੀ ਮੂਰਖਤਾ ਦੀ ਹੱਦ ਨਹੀਂ। ਮੇਰੇ ਮੋਢੇ ਉਤੇ ਲੂੰਬੜੀ ਨਹੀਂ, ਜੇ ਹੈ ਤਾਂ ਹੱਥ ਲਾ ਕੇ ਦਸੋ ਤੇ ਇਹ ਸੋਚ ਲੌ ਕਿ ਤਿੰਨਾਂ ਵਿਚੋਂ ਦੋ ਵਾਰੀਆਂ ਤੁਸੀਂ ਲੈ ਲਈਆਂ ਹਨ ਆਖ਼ਰੀ ਤੀਜੀ ਵਾਰੀ ਰਹਿ ਗਈ ਹੈ। ਜੇ ਤੁਸੀਂ ਇਸ ਵਾਰੀ ਵੀ ਠੀਕ ਨਾ ਦਸਿਆ ਤਾਂ ਤੁਹਾਨੂੰ ਜੋ ਸਜ਼ਾ ਮਿਲੇਗੀ ਉਹ ਤੁਹਾਨੂੰ ਮਾਲੂਮ ਹੀ ਹੈ। ਜ਼ਰਾ ਸੋਚ ਸਮਝ ਕੇ ਜਵਾਬ ਦੇਣਾ। ਅਨੰਗ ਸੈਨ ਨੂੰ ਮੱਖੀ ਕਿਧਰੇ ਨਜ਼ਰੀਂ ਨਾ ਪਾਈ। ਉਸ ਨੇ ਇਕ ਹਉਕਾ ਭਰ ਕੇ ਆਖਿਆ, ਰਾਜਕੁਮਾਰੀ, ਜਿਹੜੀ ਚੀਜ਼ ਬਹੁਤ ਹੀ ਪਿਆਰੀ ਹੁੰਦੀ ਹੈ ਉਹ ਦਿਲ ਵਿਚ ਛੁਪਾ ਲੁਕਾ ਕੇ ਸਾਂਭ ਦਿੱਤੀ ਜਾਂਦੀ ਹੈ, ਲੂੰਬੜੀ ਤੁਹਾਡੇ ਦਿਲ ਵਿਚ ਚਲੀ ਗਈ, ਇਕ ਦੀਵੇ ਦੀ ਜੋਤ ਦਾ ਰੂਪ ਧਾਰ ਕੇ, ਚਲੀ ਨਹੀਂ ਗਈ, ਤੁਸੀਂ ਉਸ ਨੂੰ ਉਥੇ ਲੈ ਗਏ ਹੋ।

ਕਮਾਲ ਹੈ, ਕਮਾਲ। ਇਹ ਗੱਲ ਠੀਕ ਸੀ ?

ਰਾਜਕੁਮਾਰੀ ਬੋਲੀ, ਹੇ ਉੱਤਮ ਪੁਰਖ, ਮੇਰੀ ਹਾਰ ਹੋ ਗਈ। ਹੁਣ ਮੈਂ ਤੁਹਾਡੀ ਹਾਂ। ਵਿਆਹ ਲਈ ਤਿਆਰ ਹੋ ਜਾਓ। ਅਨੰਗ ਸੈਨ ਬੋਲਿਆ, ਹੇ ਰਾਜ-ਕੁਮਾਰੀ, ਮੇਰੀ, ਪਹਿਲੀ ਤੇ ਪਰਮੁੱਖ ਅਭਿਲਾਖਾ ਜਿੱਤ ਦੀ ਸੀ। ਸੋ ਸ਼ੰਭੂ ਭਗਵਾਨ ਦੀ ਕ੍ਰਿਪਾ ਨਾਲ ਮਿਲ ਗਈ। ਵਿਆਹ ਬਾਰੇ ਮੈਂ ਸੋਚ ਕੇ ਅਜੋਕੇ ਦਿਨ ਦਸਾਂਗਾ।

ਰਾਜਕੁਮਾਰੀ ਠਠੰਬਰੀ ਨਾ ?

ਰਾਜਕੁਮਾਰੀ ਦਾ ਮੂੰਹ ਲੱਥ ਗਿਆ ਤੇ ਇਹ ਸ਼ਬਦ ਉਸ ਨੂੰ ਹਾਰ ਤੋਂ ਹਜ਼ਾਰ ਗੁਣਾਂ ਵੱਧ ਚੁੱਭੇ, ਮੂੰਹ ਹੀ ਨਾ ਲੱਥਾ, ਉਸ ਨੂੰ ਕੰਬਣੀ ਛਿੜ ਗਈ। ਕਿਸ ਤਰ੍ਹਾਂ ਦੇ ਮਰਦ ਨਾਲ ਮੇਰਾ ਵਾਹ ਪਿਆ ਹੈ। ਸ਼ਾਇਦ ਬੱਚਾ ਹੈ ਤੇ ਘਬਰਾਂਦਾ ਹੈ। ਰਾਜ-ਕੁਮਾਰੀ ਬੋਲੀ, ਮੈਂ ਰਾਜਕੁਮਾਰੀ ਹਾਂ, ਆਪਣੇ ਧਰਮ ਨੂੰ ਪਛਾਣਦੀ ਹਾਂ, ਫਿਰ ਤੁਸੀਂ

ਮੈਨੂੰ ਮੰਗ ਪੂਰੀ ਕਰ ਕੇ ਜਿੱਤਿਆ ਹੈ। ਮੈਂ ਇਸ ਗੱਲ ਦੀ ਵੀ ਕਦਰ ਕਰਦੀ ਹਾਂ। ਮੈਨੂੰ ਤੁਸੀ ਹਰ ਤਰ੍ਹਾਂ ਨਾਲ ਕਬੂਲ ਹੋ, ਮੈਂ ਤੁਹਾਡੀ ਦਾਸੀ ਬਣ ਕੇ ਰਹਾਂਗੀ। ਅਨੰਗ ਸੈਨ ਬੋਲਿਆ, ਮੇਰੀ ਅਜ਼ਮਾਇਸ਼ ਮੁੱਕੀ, ਹੁਣ ਤੁਹਾਡੀ ਅਜ਼ਮਾਇਸ਼ ਸ਼ੁਰੂ ਹੁੰਦੀ ਹੈ। ਹੋ ਸਕਦਾ ਹੈ ਤੁਸੀਂ ਉਹੀ ਕੁਝ ਲਉ ਜੋ ਚੋਣਵੀਆਂ ਇਸਤਰੀਆਂ ਇਤਿਹਾਸ ਵਿਚ ਕਰਦੀਆਂ ਹਨ, ਅਰਥਾਤ ਬਾਜ਼ੀ ਹਾਰ ਕੇ ਵੀ ਜਿੱਤ ਲਓ।

ਉਹ ਕਿਸ ਤਰ੍ਹਾਂ ?

ਤੁਸੀਂ ਸਿਰਫ ਕੰਨ ਚਲਾ ਰਹੇ ਹੋ, ਮਨ ਨਹੀਂ ਚਲਾ ਰਹੇ, ਪਰ ਸਬਰ ਨਾਲ ਸੁਣੀ ਜਾਉ। ਅੰਤ ਵਿੱਚ ਕੋਈ ਭੇਤ ਭੇਤ ਨਹੀਂ ਰਹਿੰਦਾ।

ਰਾਜਕੁਮਾਰੀ ਬੋਲੀ ?

ਰਾਜਕੁਮਾਰੀ ਨੇ ਜਦੋਂ ਵੇਖਿਆ ਕਿ ਅਨੰਗ ਸੈਨ ਵਾਪਸ ਜਾਣ ਲਈ ਉਠ ਖੜਾ ਹੋਇਆ ਹੈ ਤਾਂ ਬੂਹੇ ਅੱਗੇ ਜਾ ਖਲੋਤੀ ਤੇ ਕਹਿਣ ਲੱਗੀ ਮੇਰੀ ਇਕ ਬੇਨਤੀ ਹੈ ਉਹ ਜ਼ਰੂਰ ਮੰਨੋ, ਜਾਣ ਤੋਂ ਪਹਿਲਾਂ ਮੇਰੇ ਇਕ ਸੁਆਲ ਦਾ ਉੱਤਰ ਦੇ ਜਾਓ, ਨਹੀਂ ਤਾਂ ਇਹ ਸੱਤ ਦਿਨ ਕਿਤੇ ਮੇਰਾ ਕਾਲ ਪ੍ਰਮਾਣਿਤ ਨਾ ਹੋਣ। ਅਨੰਗ ਸੈਨ ਨੇ ਕਿਹਾ, ਰਾਜਕੁਮਾਰੀ ਮੈਂ ਇਕ ਸੱਭਿਆ ਪੁਰਖ ਹਾਂ ਮੇਰੇ ਪਾਸੋਂ ਭੁਲ ਕੇ ਵੀ ਕੋਈ ਅਯੋਗ ਕੰਮ ਨਹੀਂ ਹੋਵੇਗਾ। ਤੁਸੀਂ ਬੜੇ ਸ਼ੌਕ ਨਾਲ ਪੁੱਛੋ। ਉਹ ਬੋਲੀ, ਕੀ ਤੁਸੀਂ ਕੱਲਿਆਂ ਹੀ ਇਹ ਮੁਹਿੰਮ ਸਰ ਕੀਤੀ ਹੈ ? ਕਿ ਕੋਈ ਇਸਤਰੀ ਤੁਹਾਡੇ ਪਿੱਛੇ ਹੈ ?

ਇਸਤਰੀ ?

ਹਾਂ ਇਸਤਰੀ ! ਅਨੰਗ ਸੈਨ ਬੋਲਿਆ, ਤੁਸੀਂ ਠੀਕ ਹੀ ਬੁੱਝਿਆ ਹੈ। ਇਸਤਰੀ ਹੀ ਇਸਤਰੀ ਦੇ ਦਿਲ ਦੀਆਂ ਡੂੰਘਾਈਆਂ ਵਿੱਚ ਲਹਿ ਸਕਦੀ ਹੈ। ਰਾਜਕੁਮਾਰੀ ਬੋਲੀ, ਉਹ ਕੌਣ ? ਉਹ ਬੋਲਿਆ, ਮੇਰੀ ਪੂਜਯ ਮਾਤਾ। ਰਾਜਕੁਮਾਰੀ ਬੋਲੀ, ਕਿਰਪਾ ਕਰ ਕੇ ਆਪਣੀ ਪੂਜਯ ਮਾਤਾ ਜੀ ਨੂੰ ਮੇਰਾ ਨਮਸ਼ਕਾਰ ਕਹਿਣਾ ਤੇ ਮੇਰੇ ਵੱਲੋਂ ਬੇਨਤੀ ਕਰਨੀ ਕਿ ਮੇਰੇ ਉਤੇ ਆਪਣੀ ਦਇਆ ਦਾ ਹੱਥ ਰਖਣ। ਬਹੁਤ ਅੱਛਾ, ਕਹਿ ਕੇ ਅਨੰਗ ਸੈਨ ਆਪਣੇ ਘਰ ਮੁੜ ਆਇਆ। ਮਾਂ ਪੁੱਛਣ ਲੱਗੀ, ਪਰ, ਪੁੱਤਰ, ਇਹ ਸੱਤ ਦਿਨਾਂ ਦੀ ਮੁਹਲਤ ਕਿਉਂ ਤੇ ਵਿਆਹ ਵਿੱਚ ਢਿੱਲ ਕੇਹੀ ?

ਮਾਂ ਦੀਆਂ ਉਮੇਦਾਂ ਤੇ ਉਹ ਪਾਣੀ ਫੇਰਨ ਲਗਾ ਸੀ ?

ਨਹੀਂ, ਪਤੀ ਦੇਵ ਮਨੁੱਖ ਮਨ ਦੀ ਕਿਰਿਆ ਤੇ ਪ੍ਰਤੀਕਿਰਿਆ ਦੀ ਖੇਡ ਪ੍ਰਭੂ ਦੀ ਲੀਲਾ ਵਾਂਗੂ ਨਿਆਰੀ, ਬਚਿੱਤਰ ਤੇ ਅਥਾਹ ਹੈ, ਅਪਾਰ ਹੈ।

ਅਨੰਗ ਸੈਨ ਨੇ ਕੀ ਜਵਾਬ ਦਿੱਤਾ ਮਾਈ ਨੂੰ ?

ਉਹ ਬੋਲਿਆ, ਮਾਂ, ਇਹ ਸਾਰਾ ਤਮਾਸ਼ਾ ਭਗਵਾਨ ਸ਼ੰਭੂ ਨਾਥ ਨੇ ਸਿਰਫ ਇਸ ਵਾਸਤੇ ਨਹੀਂ ਸੀ ਰਚਿਆ ਕਿ ਮੈਂ ਇਕ ਰਾਜਕੁਮਾਰੀ ਨਾਲ ਭੋਗ ਦੇ ਦਸ ਵੀਹ ਸਾਲ ਕੱਟ ਕੇ ਫਿਰ ਜੂਨ ਉਤੇ ਜੂਨ ਭੋਗਦਾ ਫਿਰਾਂ, ਇਹ ਲੀਲ੍ਹਾ ਤਾਂ ਕੁਝ ਦੇਰ ਹੀ ਪਰਿਓਜਨ ਰਖਦੀ ਹੈ। ਮੇਰੀਆਂ ਤਾਂ ਗਿਆਨ-ਅੱਖਾਂ ਖੁਲ੍ਹ ਗਈਆਂ ਹਨ। ਜੋ ਮੈਂ ਧਿਆਨ ਨਾਲ ਅਦਿੱਠ ਲੂੰਬੜੀ ਨੂੰ ਵੇਖ ਲਿਆ, ਮਾਮੂਲੀ ਜਿੱਤ ਦੀ ਖ਼ੁਸ਼ੀ ਦੀ ਖ਼ਾਤਰ. ਤੇ ਓਸ ਜਾਦੂਗਰਨੀ ਨੇ ਜਾਦੂ ਦੇ ਜ਼ੋਰ, ਤੰਤਰ ਮੰਤਰ ਜੰਤਰ ਦੇ ਬਲ਼ ਨਾਲ ਇਸ ਕਦਰ ਅਜਬ ਪਰਿਵਰਤਨ ਕਰ ਵਿਖਾਇਆ ਕਿ ਲੂੰਬੜੀ ਨੂੰ ਮੱਖੀ ਬਣਾ ਲਿਆ ਤੇ ਫਿਰ ਮੱਖੀ ਨੂੰ ਜੋਤ ਦੇ ਰੂਪ ਵਿੱਚ ਬਦਲ ਕੇ ਆਪਣੇ ਹਿਰਦੇ ਵਿਚ ਛੁਪਾ ਲਿਆ, ਸਿਰਫ਼ ਇਸ ਖ਼ਾਤਰ ਕਿ ਉਹ ਪਿਆਰ ਦਾ ਲੰਮਾ ਚਿਰ ਜੀਵਨ ਜੀਉਣਾ ਚਾਹੁੰਦਾ ਹੈ ਤੇ ਉਸ ਨੂੰ ਤਾਕਤ ਦੀ ਭੁੱਖ ਤੇ ਲਗਨ ਹੈ, ਜੇ ਪਿਆਰ ਵਿੱਚ ਇੰਨੀ ਤਾਕਤ ਤੇ ਕਰਾਮਾਤ ਹੈ ਤਾਂ ਧਿਆਨ ਤੇ ਭਾਵਨਾ ਦੇ ਜ਼ੋਰ ਨਾਲ ਪ੍ਰਭੂ ਦੀ ਪ੍ਰਾਪਤੀ ਕਿਉਂ ਨਾ ਕੀਤੀ ਜਾਏ, ਜਿਸ ਪ੍ਰਾਪਤੀ ਦੁਆਰਾ ਮਨੁੱਖ ਅਨੰਤ ਗਿਆਨ, ਸੁੰਦਰਤਾ ਸੱਤ-ਆਨੰਦ ਦਾ ਸਰੂਪ ਹੋ ਸਕਦਾ ਹੈ। ਨਹੀਂ ਮਾਂ, ਮੇਰੇ ਲਈ ਹੁਣ ਰਾਜਕੁਮਾਰੀ ਰੂਪਾਂ ਕਾਫ਼ੀ ਨਹੀਂ। ਮੈਂ ਤੇ ਰੂਪ ਦੇ ਉਸ ਅਨਾਦੀ ਅਨੰਤ ਕੇਂਦਰ, ਅਰੂਪ, ਪ੍ਰਭੂ ਨੂੰ ਵਰ ਕੇ ਸਾਹ ਲਵਾਂਗਾ।

ਤੇਰਾ ਮਤਲਬ ਹੈ ਕਿ ਉਹ ਸਾਧੂ ਹੋ ਗਿਆ ਤੇ ਰੂਪਾਂ ਨੂੰ ਛੱਡ ਗਿਆ। ਤੂੰ ਤੇ ਇਹ ਕਹਾਣੀ ਸੁਣਾ ਕੇ ਮੇਰਾ ਦਿਲ ਹੀ ਖ਼ਰਾਬ ਕਰ ਦਿੱਤਾ ਹੈ।

ਜ਼ਰਾ ਸਾਹ ਲੌ। ਇਸਤਰੀ ਦੀ ਪ੍ਰੀਤ, ਉਸ ਦੀ ਹਡ ਮਾਸ ਭਾਉਨਾ ਦੀ ਖਿੱਚ ਇੰਨੀ ਤੁਛ ਨਹੀਂ ਹੁੰਦੀ ਕਿ ਸਦਾ ਲਈ ਉਹ ਹਾਰ ਖਾ ਜਾਏ। ਤੁਹਾਨੂੰ ਸਵਿੱਤਰੀ ਸਤਿਆਵਾਨ ਦੀ ਕਹਾਣੀ ਭੁਲ ਗਈ ਹੈ ? ਇਸਤਰੀ ਜੋਗੀਆਂ, ਸੰਨਿਆਸੀਆਂ ਨੂੰ ਹਾਰ ਕੇ ਵੀ ਜਿੱਤਦੀ ਆਈ ਹੈ, ਉਹ ਜੰਗਲ ਗਿਆ ਨੂੰ ਹੀ ਨਹੀਂ ਮੋੜ ਲਿਆਉਂਦੀ ਤੇ ਉਨ੍ਹਾਂ ਤੋਂ ਪਛਤਾਵਾ ਕਰਵਾ ਲੈਂਦੀ ਹੈ, ਉਹ ਮੌਤ ਦੇ ਮੂੰਹ ਵਿੱਚ ਚਲਿਆਂ ਗਿਆਂ ਨੂੰ ਵੀ ਮੋੜ ਲਿਆਉਂਦੀ ਹੈ, ਜਮ, ਦੇਵਤੇ ਨੂੰ ਮਜਬੂਰ ਕਰ ਸਕਦੀ ਹੈ, ਆਪਣੀ ਪ੍ਰੇਮ-ਹਠ ਸ਼ਕਤੀ ਨਾਲ ਕਿ ਉਹ ਨਿਗਲਿਆ ਉਗਲ ਦੇਵੇ।

ਅੱਛਾ, ਤੇ ਵਿਆਹ ਹੋ ਗਿਆ ?

ਤੁਹਾਨੂੰ ਏਡੀ ਕਾਹਲੀ ਕਾਹਦੀ ਹੈ। ਕਹਾਣੀ ਵਿਚੋਂ ਸੁਆਦ ਲੈਣਾ ਜੇ ਕਿ ਬਿਜ ਇਕ ਤੇਦਕ ਦੋ ਤੋਂ ਹੀ ਤੁਹਾਡੀ ਅਲਪ ਭੁੱਖ ਮਿਟ ਜਾਏਗੀ।

ਸੁਣਾ ਸੁਣਾ, ਇਹ ਤੇ ਰਮਜ਼ੀ ਕਹਾਣੀ ਹੈ । ਤੈਨੂੰ ਕਿਸ ਨੇ ਸੁਣਾਈ ਸੀ ਇਹ ਕਹਾਣੀ ?

ਮੇਰੀ ਮਾਂ ਜੀ ਨੇ ।

ਅੱਛਾ, ਫਿਰ ਬੁੱਢੀ ਮਾਈ ਨੇ ਕੀ ਜਵਾਬ ਦਿੱਤਾ ।

ਮਾਈ ਨੇ ਕਿਹਾ, ਪੁੱਤ ਸਿਆਣੇ ਕਿਸੇ ਕੰਮ ਵਿਚ ਕਾਹਲ ਨਹੀਂ ਕਰਦੇ । ਮੇਰੀ ਵੀ ਰਜ਼ਾ ਇਸੇ ਵਿਚ ਹੈ ਕਿ ਸੱਤ ਦਿਨ ਰੱਜ ਕੇ ਵਿਚਾਰ ਕਰ ਲੈ । ਪਰ ਇਕ ਗੱਲ ਮੇਰੀ ਜ਼ਰੂਰ ਮੰਨੀਂ । ਰਾਜਕੁਮਾਰੀ ਦਾ ਦਿਲ ਨਾ ਤੋੜੀਂ । ਉਹ ਕੁਲੀਨ ਤੇ ਸੱਭਿਆ ਹੋਣ ਕਰਕੇ ਤੇਰੇ ਇਨਕਾਰ ਦੀ ਸਜ਼ਾ ਨਹੀਂ ਦੇਵੇਗੀ, ਭਾਵੇਂ ਉਹ ਜਾਦੂਗਰਨੀ ਹੋਣ ਕਰਕੇ ਤੈਨੂੰ ਜਿਸ ਜੂਨ ਵਿਚ ਚਾਹੇ ਪਲਟ ਸਕਦੀ ਹੈ । ਤੂੰ ਵੀ ਕੁਲੀਨ ਹੈਂ, ਸੱਤ ਪੀੜ੍ਹੀਆਂ ਤੋਂ । ਇਸ ਤੋਂ ਵੱਧ ਕਾਰਣ ਉਸ ਦੇ ਦਿਲ ਦੇ ਤੋੜਨ ਦਾ ਇਹ ਮੌਜੂਦ ਹੈ ਕਿ ਕਿਸੇ ਇਹੋ ਜਿਹੀ ਤਿੱਖੀ ਤੇ ਡੂੰਘੀ ਭਾਵਾਂ ਵਾਲੀ, ਵਿਚਾਰ ਵਾਲੀ ਇਸਤਰੀ ਦਾ ਦਿਲ ਤੋੜ ਕੇ ਤੂੰ ਕਦੀ ਸੁਖ ਨਹੀਂ ਪਾ ਸਕਦਾ, ਤੇਰਾ ਕੋਈ ਮਨਸੂਬਾ ਤੋੜ ਨਹੀ ਚੜ੍ਹੇਗਾ । ਜਿੰਨਾ ਉਹ ਸਬਰ ਕਰਕੇ ਬਹਿ ਜਾਵੇਗੀ, ਓਨੇ ਹੀ ਤੱਤੇ ਦੋਜ਼ਖ਼ ਵਿਚੋਂ ਤੈਨੂੰ ਮਨ ਦੁਆਰਾ ਲੰਘਣਾ, ਤਲੀਣਾ ਪਏਗਾ । ਉਹ ਲੱਖ ਯਤਨ ਕਰੇ ਨਾ ਵਰਤਣ ਦਾ, ਅਚੇਤ ਹੀ ਉਸ ਦੀ ਜਾਦੂ ਸ਼ਕਤੀ ਪਿਆਰ ਸ਼ਕਤੀ, ਸਬਰ ਸ਼ਕਤੀ ਵਰਤੋਂ ਵਿਚ ਸਹਿਜ ਸੁਭਾ ਆ ਕੇ ਤੇਰੀ ਨਵੀਂ ਲਗਨ ਦੇ ਰਾਹ ਵਿਚ ਕੰਧ ਬਣ ਜਾਏਗੀ ।

ਦਲੀਲ ਤੇ ਬੜੀ ਡਾਹਡੀ ਦਿੱਤੀ ਮਾਈ ਨੇ ਪੱਕੀ ਪੀਡੀ । ਅਨੰਗ ਸੈਨ ਨੇ ਕੀ ਉੱਤਰ ਦਿੱਤਾ ?

ਅਨੰਗ ਸੈਨ ਬੋਲਿਆ, ਮਾਂ, ਕੀ ਪ੍ਰਭੂ ਦੀ ਪ੍ਰਾਪਤੀ ਇਕ ਜਾਦੂਗਰਨੀ ਦੀ ਪ੍ਰਾਪਤੀ ਤੋਂ ਘਟ ਤੇ ਮਹਿਮਾ ਵਾਲੀ ਚੀਜ਼ ਹੈ ?

ਫਸਾ ਦਿੱਤਾ, ਅੜਿੱਕੇ ਵਿਚ ਮਾਂ ਨੂੰ ਹੁਣ ਕੀ ਬੋਲੇਗੀ ।

ਮਾਂ ਬੋਲੀ, ਪੁੱਤ ਜਾਦੂਗਰਨੀ ਵੀ ਓਸੇ ਰੱਬ ਨੇ ਬਣਾਈ, ਓਸੇ ਨੂੰ ਤੇਰੀ ਗਿਆਨ-ਅੱਖ ਖੁਲ੍ਹਣ ਦਾ ਕਾਰਣ ਬਣਾਣ ਵਾਲਾ ਵੀ ਉਹੋ ਸੀ । ਉਸ ਦੀਆਂ ਉਹੋ ਜਾਣੇ । ਮੈਂ ਤੇ ਇੰਨਾ ਹੀ ਕਹਿੰਦੀ ਹਾਂ, ਪਈ ਦਿਲਾਂ ਨੂੰ ਦਿਲਾਂ ਵਿਚ ਰਾਹ ਹੁੰਦਾ ਹੈ । ਅੱਗੋਂ ਆਪਣੇ ਆਪਣੇ ਭਾਗ ।

ਬੱਸ, ਫਿਰ ਅਨੰਗ ਚਲਿਆ ਗਿਆ ਰਾਜਕੁਮਾਰੀ ਨੂੰ ਛੱਡ ਕੇ ?

ਨਹੀਂ, ਜਨਾਬ, ਉਹ ਇੰਨਾ ਕਲਜੁਗੀਆ ਨਹੀਂ ਸੀ । ਸੱਤਾਂ ਦਿਨਾਂ ਮਗਰੋਂ ਉਹ ਰਾਜਕੁਮਾਰੀ ਪਾਸ ਗਿਆ ਤੇ ਕਹਿਣ ਲੱਗਾ, ਰਾਜਕੁਮਾਰੀ, ਮੈਂ ਤੇਰੇ ਪਾਸੋਂ ਬਾਰਾਂ ਸਾਲ ਦੀ ਛੁੱਟੀ ਮੰਗਦਾ ਹਾਂ, ਜੇ ਮੈਂ ਇਸ ਮੁੱਦਤ ਵਿਚ ਪ੍ਰਭੂ ਦੀ ਪ੍ਰਾਪਤੀ ਕਰ ਸਕਿਆ ਤਾਂ ਵੀ ਸਾਡਾ ਦੋਹਾਂ ਦਾ ਕਲਿਆਣ ਹੀ ਹੈ, ਜੇ ਨਾ ਕਰ ਸਕਿਆ ਤਾਂ ਵੀ ਸਾਡਾ ਦੋਹਾਂ ਦਾ ਕਲਿਆਣ ਹੀ ਹੈ, ਕਿਉਂ ਜੋ ਸਾਡਾ ਪ੍ਰੇਮ ਬਿਰਹੁੰ ਦੀ ਭੱਠੀ ਵਿਚ ਗਲ ਕੇ ਸਾਫ਼, ਸ਼ੁੱਧ ਹੋ ਜਾਏਗਾ । ਦਿਲ ਤਕੜਾ ਕਰ, ਧੱਕਾ ਬਹੁਤ ਵੱਡਾ ਲੱਗਾ ਹੈ, ਇਸ ਕਰ ਕੇ ਬਹੁਤ ਵੱਡੇ ਹੌਂਸਲੇ ਦੀ ਲੋੜ ਹੈ । ਰਾਜਕੁਮਾਰੀ ਬੋਲੀ, ਤੁਸੀਂ ਮੇਰੇ ਪਤੀ ਹੋ ਚੁਕੇ ਹੋ, ਪਰਮਾਤਮਾ ਦੀਆਂ ਨਜ਼ਰਾਂ ਵਿਚ । ਕਿਰਪਾ ਕਰ ਕੇ ਮੈਨੂੰ ਰਾਜੇ, ਰਾਣੀ ਤੇ ਦੁਨੀਆਂ ਦੀਆਂ ਨਜ਼ਰਾਂ ਵਿਚ ਵੀ ਸੁਰਖਰੂ ਬਣਾ ਦਿਓ । ਵਿਆਹ ਰੀਤੀ ਕਰਾ ਲਈਏ, ਫਿਰ ਜਿੰਨੀ ਦੇਰ ਚਾਹੋ ਲੋਪ ਰ੍ਹਿ ਕੇ ਮੁੜ ਪਰਗਟ ਹੋਣਾ । ਮੇਰੇ ਦਿਲੋਂ ਤਾਂ ਤੁਹਾਨੂੰ ਤੁਹਡਾ ਆਪਣਾ ਜਬਰ ਵੀ ਨਹੀਂ ਖੋਹ ਸਕਦਾ । ਦੇਸ਼ ਤੇ ਕਾਲ ਦਾ ਜਾਦੂ ਮੇਰੇ ਸਾਹਮਣੇ ਤੁੱਛ ਹੈ ।

ਵਿਆਹ ਹੋ ਗਿਆ ?

ਹਾਂ ।

ਚਲੋ ਕੁੱਝ ਤਸੱਲੀ ਤਾਂ ਹੋ ਗਈ ।

ਤਸੱਲੀ ਦੀ ਵੀ ਕੀ ਕਹੀ ਜੇ । ਪਰ ਤੁਸੀਂ ਤਾਂ ਨਪਟ ਮਰਦ ਹੋ ਤੇ ਨਿਰੇ ਪੂਰੇ ਮਰਦ ਹੀ ਰਹੋਗੇ । ਖ਼ੈਰ, ਬਾਰਾਂ ਵਰ੍ਹੇ ਪੂਰੇ ਅਨੰਗ ਸੈਨ ਨੇ ਉੱਤਰ ਦੀ ਯਾਤਰਾ ਵਿਚ ਲਾਏ । ਸਾਧੂਆਂ, ਜੋਗਿਆਂ, ਸੰਨਿਆਸੀਆਂ, ਲਾਮਿਆਂ, ਪੀਰਾਂ ਆਦਿ ਦੀ ਸੰਗਤ ਕਰਦਾ ਰਿਹਾ । ਪਰ ਰੂਪਾਂ ਉਸ ਨੂੰ ਭੁੱਲੀ ਨਾ ।

ਭਲਾ ਕੀ ਸੋਚਦਾ ਰਿਹਾ ?

ਤੁਸੀਂ ਮਰਦ ਹੋ ਤੁਸੀਂ ਦਸੋ ਜੇ ਉਹਦੀ ਥਾਂ ਤੁਸੀਂ ਹੁੰਦੇ ਤਾਂ ਕੀ ਸੋਚਦੇ ?

ਇਹੋ ਹੀ ਕਿ ਪਿਛੋਂ ਰਾਜਕੁਮਾਰੀ ਨੇ ਮਨ ਪਰਚਾਵੇ ਲਈ ਕੀ ਕੁੱਝ ਕੀਤਾ ਹੈ ਤੇ ਕਰ ਰਹੀ ਹੈ ।

ਠੀਕ, ਬਿਲਕੁਲ ਠੀਕ । ਇਉਂ ਕਿਉਂ ਨਹੀਂ ਕਹਿੰਦੇ ਕਿ ਮੇਰੇ ਪਿਛੋ ਖਬਰੇ ਉਸ ਨੇ ਆਪਣਾ ਧਰਮ ਭੰਗ ਕਰ ਦਿੱਤਾ ਹੈ ਕਿ ਬਰਾਬਰ ਪਾਲ ਰਹੀ ਹੈ । ਮਰਦਾਂ ਨੂੰ ਸ਼ੱਕ ਦੀ ਬੀਮਾਰੀ ਅਜਿਹਿਆਂ ਸਮਿਆਂ ਵਿਚ ਅਵੱਸ਼ ਆ ਚਮੜਿਆ ਕਰਦੀ ਹੈ ।

ਅੱਛਾ, ਅੱਛਾ, ਤੂੰ ਤਾਂ ਦਸ ਖਾਂ, ਉਹ ਕੀ ਸੋਚਦਾ ਰਿਹਾ ਤੇ ਉਹ ਕੀ ਚਿਤਵਦੀ ਰਹੀ ?

ਉਹ ਸੋਚਦਾ ਰਿਹਾ ਕਿ ਰੂਪਾਂ ਭੁੱਲ ਜਾਏ ਮੈਨੂੰ, ਪਰ ਨਾਲ ਹੀ ਸੋਚਦਾ ਜੇ ਮੈਂ ਉਸ ਨੂੰ ਬਿਲਕੁਲ ਭੁੱਲ ਗਿਆ ਤਾਂ ਉਹ ਜਾਦੂ ਦੇ ਜ਼ੋਰ ਨਾਲ ਮੈਨੂੰ ਕੁੱਝ ਦਾ ਕੁੱਝ ਬਣਾ ਦੇਵੇਗੀ। ਹੋ ਸਕੇ ਤਾਂ ਮੈਂ ਵੀ ਕੁੱਝ ਜੋਗ ਦੀਆਂ ਸਿੱਧੀਆਂ ਹਾਸਲ ਕਰ ਲਵਾਂ ਤਾਂ ਜੋ ਕਰਾਮਾਤ ਦਾ ਜੁਆਬ ਕਰਾਮਾਤ ਨਾਲ ਦਿਆਂ। ਬਸ, ਪ੍ਰਭੂ ਪ੍ਰਾਪਤੀ ਤੇ ਰਹਿ ਗਈ ਇਕ ਪਾਸੇ, ਉਹ ਤਿਬਤੀ ਲਾਮਿਆਂ ਪਾਸੋਂ ਸਿੱਧੀਆਂ ਸਿਖਣ ਵਿਚ ਜੁੱਟ ਗਿਆ।

ਤੇ ਉਹ ਕੀ ਸੋਚਦੀ ਰਹੀ ?

ਮੈਂ ਕੋਈ ਜਾਣੀ ਜਾਣ ਹਾਂ ? ਮੇਰਾ ਇਸਤਰੀ ਹਿਰਦਾ ਤਾਂ ਇਹੀ ਕਹਿੰਦੈ ਕਿ ਉਹ ਉਸ ਦੇ ਸੁੱਖੀਂ ਸਾਦੀਂ ਵਾਪਸ ਮੁੜਨ ਦੀਆਂ ਵਾਹਿਗੁਰੂ ਅੱਗੇ ਅਰਦਾਸਾਂ ਕਰਦੀ ਰਹੀ ਹੋਵੇਗੀ।

ਫਿਰ ਉਹ ਕਦੋਂ ਮੁੜਿਆ ?

ਬਾਰਾਂ ਵਰ੍ਹੇ ਹੋਰ ਲੰਘਾ ਕੇ ਆਇਆ।

ਇਸ ਹਿਸਾਬ ਨਾਲ ਤਾਂ 48 ਵਰ੍ਹੇ ਉਸ ਬਾਹਰ ਕੱਟੇ, ਗਿਆ ਹੋਵੇਗਾ ਤਾਂ ਗਭਰੇਟਾ ਤਾਂ ਹੋਵੇਗਾ, ਸਮਝੋ ਕਰੀਬਨ ਅਠਾਰਾਂ ਵੀਹਾਂ ਦਾ, ਮੁੜਨ ਤੇ ਉਹ ਅਠਾਹਠਾਂ ਵਰ੍ਹਿਆਂ ਦਾ ਬੁੱਢਾ ਖੋਲਾ ਹੋਵੇਗਾ।

ਤੁਹਾਨੂੰ ਉਮਰ ਦਾ ਬਹੁਤ ਖ਼ਿਆਲ ਹੈ।

ਰਾਜਕੁਮਾਰੀ ਦਾ ਕੀ ਖ਼ਿਆਲ ਸੀ, ਮੈਨੂੰ ਤੂੰ ਉਹਦੀ ਗੱਲ ਦੱਸ।

ਜਦੋਂ ਅਨੰਗ ਸੈਨ ਮੁੜਿਆ ਤਾਂ ਉਸ ਨੂੰ ਪਤਾ ਲਗਾ ਕਿ ਉਸ ਦੀ ਮਾਂ ਮਰ ਚੁੱਕੀ ਹੈ। ਰਾਜਾ, ਰਾਣੀ ਵੀ ਚਲਾਣਾ ਕਰ ਗਏ ਨੇ ਤੇ ਉਨ੍ਹਾਂ ਦੇ ਮਰਨ ਤੋਂ ਬਾਅਦ ਰਾਜਕੁਮਾਰੀ ਉਸ ਦੀ ਮਾਂ ਦੇ ਘਰ ਆ ਕੇ ਰਹਿਣ ਲੱਗ ਗਈ ਸੀ। ਮਾਂ ਦੀ ਮੌਤ ਪਿਛੋਂ ਉਹ ਫਿਰ ਆਪਣਿਆਂ ਮਹਿਲਾਂ ਵਿਚ ਚਲੀ ਗਈ ਹੈ। ਜਦ ਅਨੰਗ ਸੈਨ ਮਹਿਲ ਵਿਚ ਪੁੱਜਾ ਤਾਂ ਰਾਣੀ ਨੇ ਕੁਦਰਤੀ ਤੌਰ ਤੇ ਬੜੀ ਖੁਸ਼ੀ ਮਨਾਈ। ਰਾਤ ਨੂੰ ਜਦ ਮਿਲ ਬੈਠੇ, ਆਹਮਣੇ ਸਾਹਮਣੇ, ਤਾਂ ਰੂਪਾਂ ਡਾਡਾਂ ਭੁੱਬਾਂ ਮਾਰ ਕੇ ਰੋਣ ਲਗ ਪਈ, ਨਾ ਉਹਦੇ ਅੱਥਰੂ ਠਲ੍ਹਣ ਤੇ ਨਾ ਹਉਕੇ ਰੁਕਣ। ਅਨੰਗ ਸੈਨ ਨੇ ਪੁਛਿਆ, ਹਾਸਿਆਂ ਦੀ ਥਾਂ ਅੱਥਰੂ ਮੱਲੀ ਬੈਠੇ ਨੇ, ਪਿਆਰੀ; ਇਸ ਦਾ ਕੀ ਕਾਰਣ ? ਰੂਪਾਂ

ਬੋਲੀ, ਮੈਂ ਅਜ ਸ਼ਾਮ ਨੂੰ ਲੂੰਬੜੀ ਤੇ ਤੋਤੇ ਦੋਹਾਂ ਦਾ ਖ਼ੂਨ ਕਰ ਦਿੱਤਾ ਹੈ। ਪਤਾ ਨਹੀਂ ਮੇਰੇ ਉੱਤੇ ਉਸ ਵੇਲੇ ਕੀ ਭੂਤ ਸਵਾਰ ਸੀ, ਮੈਨੂੰ ਜ਼ਰਾ ਵੀ ਭੈ ਨਾ ਆਇਆ ਪਾਪ ਕਰਦਿਆਂ, ਪਰ ਹੁਣ ਮੈਂ ਪਛਤਾ ਰਹੀ ਹਾਂ। ਸੋਚਦੀ ਹਾਂ ਕਿ ਖ਼ੂਨ ਦਾ ਬਦਲਾ ਖ਼ੂਨ ਹੀ ਹੁੰਦਾ ਹੈ।

ਕਹਾਣੀ ਨੇ ਅਜੀਬ ਰੰਗ ਫੜ ਲਿਆ ਹੈ।

ਘਾਬਰੋ ਨਹੀਂ। ਸਭ ਤਰ੍ਹਾਂ ਦੀਆਂ ਮੰਜ਼ਲਾਂ ਰੱਬੀ ਤੇ ਇਨਸਾਨੀ ਪ੍ਰੇਮ ਦੇ ਰਾਹ ਵਿਚ ਆਉਂਦੀਆਂ ਹਨ ਤੇ ਪਾਰ ਕਰਨੀਆਂ ਪੈਂਦੀਆਂ ਹਨ। ਅਨੰਗ ਸੈਨ ਨੇ ਪੁਛਿਆ, ਜਿਸ ਵੇਲੇ, ਪਿਆਰੀ ਤੂੰ ਉਹਨਾਂ ਨੂੰ ਮਾਰਿਆ, ਉਸ ਵੇਲੇ ਤੇਰੀ ਕੀ ਨੀਅਤ ਤੇ ਧਾਰਣਾ ਸੀ ? ਰਾਜਕੁਮਾਰੀ ਬੋਲੀ ਮੈਨੂੰ ਮੇਰੇ ਜਾਦੂ ਦਾ ਗ਼ਰੂਰ ਜ਼ਿੰਦਾ ਰਖ ਰਿਹਾ ਸੀ, ਮੈਂ ਤਹਿ ਕਰ ਲਿਆ ਹੋਇਆ ਸੀ ਕਿ ਜੇ ਤੁਸੀਂ ਵਾਪਸ ਨਾ ਆਏ ਤਾਂ ਮੈਂ ਓਸ ਜਾਦੂ ਦੇ ਜ਼ੋਰ ਨਾਲ ਜੋ ਮੈਂ ਤੁਹਾਡੇ ਪਿਛੋਂ ਹੋਰ ਸਿਖ ਲਿਆ ਸੀ, ਤੁਹਾਨੂੰ ਲਭ ਕੇ ਉਹ ਸਜ਼ਾ ਦਿਆਂਗੀ ਕਿ ਤੁਸੀਂ ਕੀ, ਸਾਰਾ ਆਉਂਦਾ ਸੰਸਾਰ ਚੇਤੇ ਕਰੇਗਾ ਤੇ ਚੇਤੇ ਕਰ ਕਰ ਕੇ ਕੰਬ ਕੰਬ ਉਠੇਗਾ। ਪਰ ਨਾਲ ਹੀ ਮੈਂ ਇਹ ਵੀ ਮੰਨਤ ਮੰਨ ਲਈ ਹੋਈ ਸੀ ਕਿ ਜੇ ਤੁਸੀਂ ਆ ਗਏ ਤਾਂ ਮੈਂ ਜਾਦੂ ਤੋਂ ਤੋਬਾ ਕਰ ਲਾਂਗੀ ਤੇ ਤੋਤੇ, ਲੂੰਬੜੀ ਦੋਹਾਂ ਨੂੰ ਝਟਕ ਦਿਆਂਗੀ ਤਾਂ ਜੋ ਜਾਦੂ ਨਾਲ ਮੇਰੇ ਸਨਬੰਧ ਦੀਆਂ ਸਾਰੀਆਂ ਯਾਦਗਾਰਾਂ ਮਿੱਟ ਜਾਣ। ਅੱਜ ਸਵੇਰੇ ਜਦ ਤੁਸੀਂ ਆ ਗਏ, ਮੈਂ ਮੌਕਿਆਂ ਪਾ ਕੇ ਜਾਦੂ ਤੋਂ ਤੋਬਾ ਕਰ ਲਈ ਹੈ ਤੇ ਉਨ੍ਹਾਂ ਨਿਰਦੋਸ਼ਿਆਂ ਦਾ ਖ਼ੂਨ ਕਰਕੇ ਜੀਵਨ-ਗੁੰਝਲ ਨੂੰ ਹੋਰ ਪੇਚਦਾਰ ਤੇ ਪੀਡਿਆਂ ਕਰ ਦਿੱਤਾ ਹੈ। ਰੱਬ ਹੀ ਮੇਰਾ ਆਸਰਾ ਤੇ ਸਹਾਈ ਰਹਿ ਗਿਆ ਹੈ, ਮੇਰਾ ਗ਼ਰੂਰ ਹੀ ਨਹੀਂ ਟੁੱਟ ਗਿਆ। ਇਨ੍ਹਾਂ ਦੇ ਖ਼ੂਨ ਨੇ ਮੈਨੂੰ ਰੱਬ ਜੀ ਤੇ ਮੇਰੀਆਂ ਆਪਣੀਆਂ ਨਜ਼ਰਾਂ ਵਿਚ ਅਤਿਅੰਤ ਜ਼ਲੀਲ ਕਰ ਦਿੱਤਾ ਹੈ। ਤੁਸੀਂ ਮੇਰੀ ਮੱਦਦ ਕਰੋ।

ਅਨੰਗ ਸੈਨ ਨੇ ਕੀ ਆਖਿਅ ?

ਉਹ ਬੋਲਿਆ, ਪਿਆਰੀ, ਜਦ ਤੀਕ ਮਨੁੱਖ ਆਪਣੇ ਆਪ ਨੂੰ ਨਿਰਆਸਰਾ ਤੇ ਨਿਰਸਹਾਰਾ ਨਹੀਂ ਦੇਖਦਾ ਤਦ ਤੀਕ ਨਾ ਉਹ ਸੱਚੇ ਦਿਲੋਂ ਪ੍ਰਭੂ ਦਾ ਦਰਵਾਜ਼ਾ ਖੜਕਾਉਂਦਾ ਹੈ ਨਾ ਪ੍ਰਭੂ ਦੀ ਮਿਹਰ ਹੀ ਉਸ ਵੱਲ ਕਦਮ ਪੁੱਟਦੀ ਹੈ। ਜਿਸ ਈਸ਼ਵਰ ਨੇ ਸਾਨੂੰ ਬਣਾਇਆ ਹੈ ਉਸ ਦੀ ਵੀ ਹਰ ਜੀਅ-ਜੰਤ ਲਈ ਇਕ ਯੋਜਨਾ ਹੁੰਦੀ ਹੈ ਤੇ ਉਸ ਇਕ ਵਿਅਕਤੀ ਸਨਬੰਧੀ ਯੋਜਨਾ ਦਾ ਕਰੋੜਾਂ, ਅਰਬਾਂ, ਪਦਮਾਂ ਦੂਜੀਆਂ ਸਨਬੰਧੀ ਯੋਜਨਾਵਾਂ ਨਾਲ ਜੁੜਵਾਂ ਸਨਬੰਧ ਹੁੰਦਾ ਹੈ। ਕਲਿਆਣ ਇਸ

ਵਿਚ ਹੀ ਹੈ ਕਿ ਸਿਰਫ ਕਰਤੱਵ ਪਾਲਣ ਉੱਤੇ, ਤੇ ਕੇਵਲ ਸਿਰਜਨਹਾਰ ਦੀ ਸ਼ਕਤੀ ਉੱਤੇ ਭਰੋਸਾ ਕੀਤਾ ਜਾਏ। ਤੂੰ ਜਾਦੂ ਵਿਚ ਵਕਤ ਗਵਾਇਆ ਤੇ ਮੈਂ ਜੋਗ ਸਿੱਧੀਆਂ ਲੱਭਣ ਵਿਚ, ਤਾਂ ਜੋ ਅਸੀਂ ਦੂਸਰੇ ਨੂੰ ਹਰਾ ਸਕੀਏ ਤੇ ਇਕ ਦੂਜੇ ਤੋਂ ਦੂਰ ਰਹਿ ਸਕੀਏ। ਅਸਾਂ ਦੋਹਾਂ ਨੇ ਇਹ ਨਾ ਸੋਚਿਆ ਕਿ ਜਿਸ ਸਰਬ-ਸ਼ਕਤੀਵਾਨ ਸਰਬੱਗ ਨੇ ਸਾਨੂੰ ਨੇੜੇ ਲਿਆਂਦਾ ਹੈ ਉਸ ਦਾ ਵੀ ਕੋਈ ਮਨਸ਼ਾ, ਇਰਾਦਾ ਹੈ। ਮਨੁੱਖ ਆਪਣੀ ਚਤੁਰਾਈ ਦੇ ਕਾਰਣ ਇਕ ਹੁਕਮ-ਅਦੂਲੀ ਤੋਂ ਦੂਜੀ ਵਿਚ ਜਾ ਫ਼ਸਦਾ ਹੈ, ਇਕ ਮੁਸੀਬਤ ਤੋਂ ਬਚਣ ਲਈ ਵਡੇਰੀ ਮੁਸੀਬਤ ਸਹੇੜ ਲੈਂਦਾ ਹੈ। ਮੈਂ ਤੈਨੂੰ ਭੁਲਾ ਨਾ ਸਕਿਆ, ਤੂੰ ਮੈਨੂੰ ਭੁਲਾ ਨਾ ਸਕੀ, ਕੀ ਇਸ ਤੋਂ ਇਹ ਸਪੱਸ਼ਟ ਨਹੀਂ ਕਿ ਸਾਡਾ ਕਲਿਆਣ ਮੇਲ ਵਿਚ ਹੈ ? ਰਾਜ਼ਕੁਮਾਰੀ ਬੋਲੀ ਪਰ......ਤੇ ਚੁੱਪ ਕਰ ਗਈ। ਅਨੰਗ ਸੈਨ ਬੋਲਿਆ, ਪਿਆਰੀ ਐਸ ਵੇਲੇ ਗੰਢਾ ਖੋਹਲਣ ਦਾ ਛਿਨ ਹੈ, ਹੋਰ ਪੀਡੀਆਂ ਕਰਨ ਜਾਂ ਨਵੀਆਂ ਪਾਣ ਦਾ ਨਹੀਂ। ਦਸੋ, ਪਰ ਕੀ ? ਰਾਜਕੁਮਾਰੀ ਬੋਲੀ, ਪਰ, ਮੈਨੂੰ ਸ਼ਰਮ ਆਉਂਦੀ ਹੈ ਕਹਿੰਦਿਆਂ, ਸਮਾਂ ਬਹੁਤ ਥੋੜ੍ਹਾ ਰਹਿ ਗਿਆ ਹੈ। ਅਸੀਂ ਇੰਨਾ ਵਕਤ ਇੰਤਜ਼ਾਰ ਵਿਚ ਗਵਾ ਦਿੱਤਾ। ਅਨੰਗ ਸੈਨ ਖ਼ੂਬ ਹੱਸਿਆ, ਫਿਰ ਬੋਲਿਆ, ਪ੍ਰਭੂ ਦੀ ਕੋਈ ਖੇਡ ਬੇਮਤਲਬ ਤੇ ਨਿਸਫਲ ਨਹੀਂ ਹੁੰਦੀ। ਮੈਂ ਉਤਰਾ ਖੰਡ ਦੇ ਬਾਰਾਂ ਸਾਲਾਂ ਦੇ ਭਰਮਣ ਤੋਂ ਉਹ ਵਿਦਿਆ ਸਿਖੀ ਹੈ ਜਿਸ ਨਾਲ ਇਹ ਸਰੀਰ ਫਿਰ ਕੁੰਦਨ ਵਰਗਾ ਰਹਿ ਸਕਦਾ ਹੈ।

ਕੀ ਮਤਲਬ ?

ਮਤਲਬ ਇਹ ਕਿ ਜਦੋਂ ਸਵੇਰੇ ਰਾਜਕੁਮਾਰੀ ਉੱਠੀ ਤਾਂ ਕੀ ਵੇਖਦੀ ਹੈ ਕਿ ਅਨੰਗ ਸੈਨ ਤੀਹ ਪੈਂਤੀ ਵਰ੍ਹਿਆਂ ਦਾ ਭੱਖਦੇ ਚਿਹਰੇ ਮੁਹਰੇ ਵਾਲਾ ਜਵਾਨ ਹੈ।

ਨੁਸਖ਼ਾ ਛੱਡ ਗਿਆ ਕਿ ਨਹੀਂ ?

ਗੁਰਮੁਖ ਸਿੰਘ ਮੁਸਾਫ਼ਿਰ

ਬਾਗ਼ੀ ਦੀ ਧੀ

ਕਿਸ਼ਨ ਸਿੰਘ ਨੇ ਪੁਲਿਸ ਨੂੰ ਵੇਖਦਿਆਂ ਹੀ ਝਟ ਆਖ ਦਿੱਤਾ: "ਲੋ ਖ਼ਾਲਸਾ ਤਿਆਰ-ਬਰ-ਤਿਆਰ ਹੈ" ਪਰ ਉਸ ਦਾ ਚਿਹਰਾ ਉਸ ਦੇ ਦਿਲ ਦੇ ਤੌਖਲੇ ਨੂੰ ਲੁਕਾ ਨਾ ਸਕਿਆ।

"ਜੇ ਦੇਰ ਹੋ ਗਈ ਤਾਂ ਰਾਤ ਤੁਹਾਨੂੰ ਥਾਣੇ ਦੀ ਹਵਾਲਾਤ ਵਿਚ ਕੱਟਣੀ ਪਏਗੀ। ਜਿਹਲ ਤੇ ਥਾਣੇ ਦੀ ਹਵਾਲਾਤ ਦੇ ਫ਼ਰਕ ਤੋਂ ਤਾਂ ਤੁਸੀਂ ਜਾਣੂ ਹੀ ਹੋ।"

ਪੁਲਿਸ ਇੰਸਪੈਕਟਰ ਦੀ ਇਹ ਗੱਲ ਸੁਣ ਕੇ ਕਿਸ਼ਨ ਸਿੰਘ ਨੇ ਕਿਹਾ "ਮੇਰੇ ਲਈ ਗੱਲ ਇਕੋ ਹੈ। ਥਾਣਿਆਂ ਦੀਆਂ ਹਵਾਲਾਤਾਂ ਵਿਚ ਵੀ ਬਥੇਰੀਆਂ ਪਸਲੀਆਂ ਘਸਾਈਆਂ ਹਨ।"

"ਨਹੀਂ, ਨਹੀਂ, ਮੇਰਾ ਮਤਲਬ...।" ਕਿਸ਼ਨ ਸਿੰਘ ਨੇ ਵਿਚੋਂ ਹੀ ਕਿਹਾ, "ਤੁਹਾਡਾ ਮਤਲਬ ਛੇਤੀ ਤੋਂ ਹੈ ਨਾ? ਚੱਲੋ ਮੇਰੇ ਵੱਲੋਂ ਕੋਈ ਢਿੱਲ ਨਹੀਂ।" ਜ਼ਬਾਨ ਨਾਲ ਤਾਂ ਕਿਸ਼ਨ ਸਿੰਘ ਨੇ ਇਹ ਗੱਲਾਂ ਕੀਤੀਆਂ ਪਰ ਉਸ ਦਾ ਮਨ ਕਿਸੇ ਹੋਰ ਪਾਸੇ ਹੈ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਉਸ ਦੀ ਕੋਈ ਚੀਜ਼ ਗੁਆਚ ਗਈ ਹੈ। ਜਿਹਲ ਜਾਣ ਤੋਂ ਪਹਿਲਾਂ ਉਹ ਲੱਭ ਜਾਏ ਤਾਂ ਉਹ ਵਧੀਕ ਤਸੱਲੀ ਨਾਲ ਸਫ਼ਰ ਵਿਚ ਪੇਸ਼ ਆ ਸਕਦਾ ਹੈ।

"ਸ਼ਰਨ", ਕਿਸ਼ਨ ਸਿੰਘ ਦੀ ਆਵਾਜ਼ ਸੁਣ ਕੇ ਉਸ ਦੀ ਭੈਣ ਵੀਰਾਂਵਾਲੀ ਨੇ ਅੰਦਰੋਂ ਕਿਹਾ, "ਭਰਾ ਜੀ, ਭਰਜਾਈ ਤਾਂ ਮੀਟਿੰਗ ਵਿਚ ਗਈ ਹੋਈ ਹੈ।"

ਇੰਸਪੈਕਟਰ ਦੇ ਕੰਨ ਖੜੇ ਹੋ ਗਏ। ਕਿਸ਼ਨ ਸਿੰਘ ਨੇ ਕਿਹਾ, "ਵੀਰਾਂ, ਲਾਜ ਦੇ ਬੁਖਾਰ ਵਾਲਾ ਕਾਗ਼ਜ ਚੁੱਕ ਲਿਆ।" ਵੀਰਾਂਵਲੀ ਨੇ ਕਾਗਜ਼ (ਚਾਰਟ) ਕਿਸ਼ਨ ਸਿੰਘ ਦੇ ਹੱਥ ਫੜਾਂਦਿਆ ਕਿਹਾ—"ਭਰਜਾਈ ਜਾਣ ਲੱਗੀ ਆਖਦੀ ਸੀ ਕਿ ਇਸ ਵੇਲੇ 102 ਹੈ, ਜੇ ਵੱਧ ਜਾਏ ਤਾਂ ਬਰਫ਼ ਦੀ ਪੱਟੀ ਰਖਣੀ। ਕਿਸ਼ਨ ਸਿੰਘ ਪਹਿਲੀ ਵਾਰ ਜਿਹਲ ਨਹੀਂ ਜਾਣ ਲੱਗਾ, ਇੰਸਪੈਕਟਰ ਇਸ ਦੀ ਦ੍ਰਿੜ੍ਹਤਾ ਤੋਂ ਅਨਜਾਣ ਨਹੀਂ ਇੰਸਪੈਕਟਰ ਨੂੰ ਕਿਸ਼ਨ ਸਿੰਘ ਦੀ ਥੋੜ੍ਹੀ ਜਿਹੀ ਪਰੇਸ਼ਾਨੀ ਦੇ ਕਾਰਣ ਦਾ ਵੀ ਹੁਣ ਪਤਾ ਲਗ ਗਿਆ ਹੈ। ਮੀਟਿੰਗ ਲਫ਼ਜ਼ ਇੰਸਪੈਕਟਰ ਦੇ ਕੰਨਾਂ ਵਿਚ ਕੱਚ ਦੇ

ਟੁਕੜੇ ਵਾਂਗ ਰੜਕਿਆ ਸਾਈਕਲ ਉੱਤੇ ਲੱਤ ਧਰਦਿਆਂ ਹੀ ਉਸ ਨੇ ਨਾਲ ਦੇ ਸਿਪਾਹੀਆਂ ਨੂੰ ਅੱਖ ਨਾਲ ਕੁਝ ਸਮਝਾਇਆ ਤੇ ਮੂੰਹ ਨਾਲ ਕਿਹਾ: "ਸਰਦਾਰ ਜੀ, ਬੇਸ਼ੱਕ ਆਰਾਮ ਨਾਲ ਤਿਆਰੀ ਕਰ ਲਵੋ, ਮੈਂ ਆਉਂਦਾ ਹਾਂ।"

ਇੰਸਪੈਕਟਰ ਸੜਕੋਂ ਸਾਹਮਣੇ ਕਾਰਖਾਨੇ ਦੇ ਵੱਡੇ ਦਰਵਾਜ਼ਿਉਂ ਅੰਦਰ ਵੜ ਗਿਆ। ਬੈਠੇ ਸਿਪਾਹੀਆਂ ਵਿਚੋਂ ਇਕ ਨੇ ਕਿਹਾ: "ਇੰਸਪੈਕਟਰ ਸਾਹਿਬ ਸ਼ਾਇਦ ਕਿਧਰੇ ਟੈਲੀਫ਼ੋਨ ਕਰਨ ਗਏ ਹਨ।"

ਵੀਰਾਂਵਾਲੀ ਦੀਆਂ ਅੱਖਾਂ ਦੇ ਸੋਮੇ ਫੁੱਟਣ ਹੀ ਵਾਲੇ ਸਨ। ਕਿਸ਼ਨ ਸਿੰਘ ਦੀ ਕੁਝ ਘੂਰ ਭਰੀ ਸੈਨਤ ਨੂੰ ਪਛਾਣ ਕੇ ਉਹ ਲਾਜ ਦੇ ਮੰਜੇ ਦੇ ਪਿਛਲੇ ਪਾਸੇ ਪਈ ਚੌਂਕੀ ਉੱਤੇ ਬੈਠ ਗਈ। ਕਿਸ਼ਨ ਸਿੰਘ ਨੇ ਆਪਣੀਆਂ ਉਂਗਲਾਂ ਨਾਲ ਲਾਜ ਦੇ ਕੇਸਾਂ ਨੂੰ ਸੰਵਾਰਦਿਆਂ ਕਿਹਾ, "ਪੁੱਤਰ ? ਹੁਣ ਤੂ ਠੀਕ ਹੈਂ, ਅੱਜ ਤੇ ਬੁਖਾਰ ਘੱਟ ਹੈ, ਕਲ੍ਹ ਸ਼ਾਇਦ ਟੁੱਟ ਹੀ ਜਾਵੇ। ਜੇ ਤੈਨੂੰ ਬੁਖਾਰ ਨਾ ਹੁੰਦਾ ਤਾਂ ਮੈਂ ਹੁਣ ਤਕ ਜਿਹਲ ਚਲੇ ਜਾਣਾ ਸੀ, ਸਾਥੀ ਤੇ ਸਾਰੇ ਚਲੇ ਹੀ ਗਏ ਹਨ।"

ਲਾਡਲੀ ਲਾਜ ਨੇ ਮੱਧਮ ਜਿਹੀ ਆਵਾਜ਼ ਵਿਚ ਕਿਹਾ, "ਮੈਂ ਤੇ ਫਿਰ ਮਾੜੀ ਕੁੜੀ ਹੋਈ, ਜਿਸ ਨੇ ਤੁਹਾਡੇ ਚੰਗੇ ਕੰਮ ਵਿਚ ਰੋਕ ਪਾਈ ਹੈ।"

"ਨਹੀਂ ਮੇਰੀ ਲਾਜ ਬੇਟੀ, ਤੇਰਾ ਇਸ ਵਿਚ ਕੀ ਕਸੂਰ ਹੈ ? ਬੁਖਾਰ ਕੋਈ ਤੇਰੀ ਵੱਸ ਦੀ ਗੱਲ ਤਾਂ ਨਹੀਂ ਨਾ, ਤੈਨੂੰ ਇਸ ਤਰ੍ਹਾਂ ਛਡ ਕੇ ਜਾਣ ਦਾ ਤਾਂ ਮੇਰਾ ਪਹਿਲਾਂ ਹੌਂਸਲਾ ਹੀ ਨਹੀਂ ਪਿਆ। ਜਿਸ ਦਿਨ ਬੰਬਈ ਸਾਡੇ ਆਗੂ ਫੜੇ ਗਏ ਸਨ, ਉਸ ਦਿਨ ਮੈਂ ਉਨ੍ਹਾਂ ਨੂੰ ਵਧਾਈ ਦੇਣ ਵਾਲੇ ਮਤੇ ਤੇ ਪੰਜ ਮਿੰਟ ਬੋਲਿਆ ਸਾਂ, ਫਿਰ ਮੈਂ ਤੇਰੇ ਦਵਾਈ ਦਾਰੂ ਵਿਚ ਹੀ ਲਗਾ ਰਿਹਾ। ਕਿਤੇ ਬਾਹਰ ਜਾਣ ਦਾ ਸਮਾਂ ਹੀ ਨਹੀਂ ਮਿਲਿਆ। ਉਂਜ ਵੀ ਪਹਿਲਾਂ ਲੀਡਰਾਂ ਨੂੰ ਹੀ ਫੜਨਗੇ, ਅਸਾਂ ਸੇਵਾਦਾਰਾਂ ਦੀ ਵਾਰੀ ਪਿਛੋਂ ਹੀ ਆਉਣੀ ਹੈ। ਪਰ ਸਾਨੂੰ ਉਜ਼ਰ ਵੀ ਕੀ ਹੈ ? ਭਾਵੇਂ ਹੁਣ ਫੜ ਲੈਣ।" ਕਿਸ਼ਨ ਸਿੰਘ ਦੇ ਮੂੰਹੋਂ ਇਹ ਅਖੀਰਲਾ ਫ਼ਿਕਰਾ ਅਜੇ ਨਿਕਲਿਆ ਹੀ ਸੀ ਕਿ ਲਾਜ ਨੇ ਨਾਲ ਹੀ ਆਖ ਦਿੱਤਾ, "ਬੇਸ਼ਕ ਫੜ ਲੈਣ।"

ਕਿਸ਼ਨ ਸਿੰਘ ਆਪਣੀ ਇਕਲੌਤੀ ਲਾਡਲੀ ਨਾਲ ਜਿਉਂ ਜਿਉਂ ਗੱਲਾਂ ਕਰਦਾ ਗਿਆ ਉਸ ਦਾ ਮਨ ਹੌਲਾ ਹੁੰਦਾ ਗਿਆ। ਹੁਣ ਉਹ ਬੇਸਬਰੀ ਨਾਲ ਆਪਣੀ ਘਰ ਵਾਲੀ, ਸ਼ਰਨ ਕੌਰ ਨੂੰ ਉਡੀਕ ਰਿਹਾ ਹੈ। ਬਰਾਂਡੇ ਵੱਲ ਵੇਖ ਕੇ ਉਹ ਤਸੱਲੀ ਕਰ ਲੈਂਦਾ ਹੈ ਕਿ ਇੰਸਪੈਕਟਰ ਵੀ ਅਜੇ ਨਹੀਂ ਪਰਤਿਆ।

ਪਾਸ ਬੈਠੀ ਵੀਰਾਂਵਾਲੀ ਤਾਂ ਗਲੇਡੂ ਭਰ ਆਉਣ ਦੇ ਡਰ ਤੋਂ ਨਹੀਂ ਸੀ

ਬੋਲਦੀ ਪਰ ਹੁਣ ਉਸ ਨੂੰ ਵੀ ਕੁਝ ਹੌਂਸਲਾ ਜਿਹਾ ਹੋ ਗਿਆ। ਉਸ ਨੇ ਕਿਹਾ, "ਲਾਜ ! ਤੇਰੇ ਪਿਤਾ ਜੀ ਫੜੇ ਗਏ ਤਾਂ ਤੇਰੀ ਦਵਾਈ ਕੌਣ ਕਰੇਗਾ ? ਤੂੰ ਉਦਾਸ ਨਾ ਹੋ ਜਾਵੇਂਗੀ ?"

"ਭੂਆ ਜੀ, ਦਵਾਈ ਦਾਰੂ ਲਈ ਤੁਸੀਂ ਜੋ ਮੇਰੇ ਪਾਸ ਹੋ, ਮਾਤਾ ਜੀ ਜੁ ਹਨ। ਬਾਕੀ ਰਹੀ ਉਦਾਸੀ ਦੀ ਗੱਲ, ਮੈਂ ਤਾਂ ਰਾਜ਼ੀ ਹੋ ਕੇ ਆਪ ਵੀ ਇਸ ਵੇਰਾਂ ਪਿਤਾ ਜੀ ਪਾਸ ਜਿਹਲ ਵਿਚ ਚਲੀ ਜਾਵਾਂਗੀ।" ਲਾਜ ਦੀ ਗੱਲ ਸੁਣ ਕੇ ਵੀਰਾਂ ਵਾਲੀ ਦਾ ਬੇਇਖ਼ਤਿਆਰ ਹਾਸਾ ਨਿਕਲ ਗਿਆ।

ਲਾਜ ਨੇ ਕਿਹਾ, "ਨਹੀਂ ਭੂਆ ਜੀ, ਹਾਸੇ ਦੀ ਗੱਲ ਨਹੀਂ। ਆਪਣੇ ਮੁਲਕ ਵਾਸਤੇ ਜਿਹਲ ਵਿਚ ਜਾਣਾ ਕੋਈ ਮਾੜੀ ਗੱਲ ਨਹੀਂ। ਮੈਂ ਇਸ ਵੇਰਾਂ ਜ਼ਰੂਰ ਜਾਣਾ ਹੈ।"

"ਲਾਜ ? ਤੂੰ ਤੇ ਅਜੇ ਬਾਰਾਂ ਵਰ੍ਹਿਆਂ ਦੀ ਵੀ ਨਹੀਂ ਹੋਈ।" ਭੂਆ ਦੀ ਗੱਲ ਸੁਣ ਕੇ ਲਾਜ ਨੇ ਕਿਹਾ, "ਪਿਤਾ ਜੀ, ਸੁਣੋ ਭੂਆ ਜੀ ਦੀ ਗੱਲ। ਮਾਲੂਮ ਹੁੰਦਾ ਹੈ ਭੂਆ ਜੀ ਕਦੇ ਗੁਰਦੁਆਰੇ ਨਹੀਂ ਗਏ, ਇਨ੍ਹਾਂ ਨੇ ਕਦੇ ਕਥਾ ਵੀ ਨਹੀਂ ਸੁਣੀ। ਪਿਤਾ ਜੀ, ਭੂਆ ਜੀ ਨੂੰ ਦੱਸਣਾ : ਸਾਹਿਬਜ਼ਾਦਿਆਂ ਦੀ ਉਮਰ ਕਿਤਨੀ ਸੀ। ਉਹ ਤਾਂ ਇਸ ਉਮਰ ਵਿਚ ਸ਼ਹੀਦ ਹੋ ਗਏ ਸਨ। ਮੈਂ ਜਿਹਲ ਨਹੀਂ ਜਾ ਸਕਦੀ ?" ਵੀਰਾਂਵਾਲੀ ਦੀ ਤਾਂ ਗੱਲ ਹੀ ਕੀ, ਹੁਣ ਤਾਂ ਕਿਸ਼ਨ ਸਿੰਘ ਦੀਆਂ ਅੱਖਾਂ ਵੀ ਬੇਕਾਬੂ ਹੋ ਗਈਆਂ। ਇਹ ਤਸੱਲੀ ਭਰੀ ਖ਼ੁਸ਼ੀ ਦੇ ਅੱਥਰੂ ਸਨ।

ਕਿਸ਼ਨ ਸਿੰਘ ਨੇ ਲਾਜ ਦੇ ਸਰਹਾਣਿਉਂ ਚਾਬੀਆਂ ਚੁੱਕੀਆਂ। ਸਮਾਨ ਵਾਲੇ ਕਮਰੇ ਵਿਚ ਹੀ ਉਸ ਨੇ ਕਪੜੇ ਬਦਲੇ ਤੇ ਮੁੜ ਲਾਜ ਪਾਸ ਆ ਗਿਆ। ਲਾਜ ਦੇ ਇਸ ਸਵਾਲ ਨੇ ਕਿ ਪਿਤਾ ਜੀ ਇਸ ਵੇਲੇ ਕਿਉਂ ਕਪੜੇ ਬਦਲੇ ਨੇ ? ਕਿਧਰੋਂ ਚਲੇ ਹੋ ? ਕਿਸ਼ਨ ਸਿੰਘ ਦਾ ਬਹੁਤ ਸਾਰਾ ਕੰਮ ਸੌਖਾ ਕਰ ਦਿੱਤਾ : ਕਿਸ਼ਨ ਸਿੰਘ ਨੂੰ ਇਹੋ ਸੋਚ ਸੀ ਕਿ ਆਪਣੇ ਹੁਣੇ ਗ੍ਰਿਫਤਾਰ ਹੋਣ ਦੀ ਖ਼ਬਰ ਬੀਮਾਰ ਲਾਜ ਨੂੰ ਕਿਹੜੇ ਲਫ਼ਜ਼ਾਂ ਵਿਚ ਦਸੇ। ਵੀਰਾਂਵਾਲੀ ਦੀ ਉਚੇਰੀ ਬੇਚੈਨੀ ਨੇ ਵੀ ਬਹੁਤ ਕੁਝ ਪ੍ਰਗਟ ਕਰ ਦਿੱਤਾ। ਕਿਸ਼ਨ ਸਿੰਘ ਨੇ 'ਸ਼ਬਦਾਰਥ' ਦੀਆਂ ਪੋਥੀਆਂ ਤੇ ਨਿਤਨੇਮ ਦਾ ਗੁਟਕਾ ਲਾਜ ਦੇ ਕਮਰੇ ਵਿਚੋਂ ਅਲਮਾਰੀ 'ਚੋਂ ਕਢ ਕੇ ਆਪਣੇ ਨਿੱਕੇ ਜਿਹੇ ਬਕਸੇ ਵਿਚ ਪਾਇਆ। ਬਰਾਂਡੇ ਵਿਚ ਬੂਟਾਂ ਦਾ ਖੜਕਾਰ ਹੋਇਆ। ਕਿਸ਼ਨ ਸਿੰਘ ਨੇ ਤਾਪ ਨਾਲ ਭਖ ਰਹੇ ਲਾਜ ਦੇ ਮੱਥੇ ਨੂੰ ਚੁੰਮਿਆ। "ਮੇਰੀ ਲਾਜ" ਦਾ ਭਾਵਪੂਰਤ ਸ਼ਬਦ ਉਸ ਦੇ ਮੂੰਹ ਵਿਚੋਂ ਨਿਕਲਿਆ, ਉਸ ਦੀਆਂ ਅੱਖਾਂ ਵਿਚ ਜੰਮੇ ਹੋਏ ਮੋਤੀ ਇਕ ਵੇਰ ਫਿਰ

ਪਿਘਲ ਪਏ । ਅੰਞਾਣੀ ਲਾਜ ਨੇ ਬੜੀ ਸਿਆਣਪ ਭਰੀ ਆਵਾਜ਼ ਵਿਚ ਕਿਹਾ, "ਪਿਤਾ ਜੀ, ਮੇਰਾ ਫਿਕਰ ਨਾ ਕਰੋ ।" ਘਰ ਦੇ ਗਲੀ ਵਾਲੇ ਦਰਵਾਜ਼ਿਉਂ ਇਕ ਨੌਜਵਾਨ ਅੰਦਰ ਵੜਿਆ ਤੇ ਪੁਲਿਸ ਦੀ ਅੱਖ ਬਚਾ ਕੇ ਉਸ ਨੇ ਕਿਸ਼ਨ ਸਿੰਘ ਦੇ ਕੰਨ ਵਿਚ ਕੋਈ ਗੱਲ ਕੀਤੀ । ਨੌਜਵਾਨ ਵਾਪਸ ਚਲਾ ਗਿਆ । ਕਿਸ਼ਨ ਸਿੰਘ ਦੇ ਚਿਹਰੇ ਉੱਤੇ ਫਿਰ ਡੂੰਘੀ ਗੰਭੀਰਤਾ ਛਾ ਗਈ । ਇਸੇ ਹਾਲਤ ਵਿਚ ਲਾਜ ਸੰਬੰਧੀ ਵੀਰਾਂਵਾਲੀ ਨੂੰ ਕੁਝ ਗੱਲਾਂ ਸਮਝਾ ਕੇ ਉਹ ਪੁਲਿਸ ਦੇ ਟਾਂਗੇ ਵਿਚ ਬੈਠ ਗਿਆ ।

(2)

ਸ਼ਹਿਰ ਦੀ ਕੋਤਵਾਲੀ ਵਿਚ ਟੈਲੀਫੋਨ ਦੀ ਘੰਟੀ ਖੜਕਾਣ ਨਾਲ ਹੀ ਗਾਰਦ ਨੂੰ ਤਿਆਰ ਹੋਣ ਦਾ ਹੁਕਮ ਤਾਂ ਹੋ ਗਿਆ ਪਰ ਤੁਰਨ ਦਾ ਆਰਡਰ ਇਕ ਘੰਟੇ ਦੀ ਉਡੀਕ ਪਿਛੋਂ ਮਿਲਿਆ । ਛੋਟੇ ਬਾਜ਼ਾਰ ਦੇ ਨਾਲ ਲਗਦੀ ਪੁਰਾਣੀ ਹਵੇਲੀ ਨੂੰ ਪੁਲਿਸ ਦੇ ਘੇਰਾ ਪਾਉਣ ਦੀ ਢਿੱਲ ਸੀ ਕਿ ਹਵੇਲੀ ਦੀ ਖੱਬੀ ਨੁਕਰ ਵਾਲੇ ਕਮਰੇ ਦੀ ਗਲੀ ਵੱਲ ਖੁਲ੍ਹਣ ਵਾਲੇ ਦਰਵਾਜ਼ੇ ਵਿਚੋਂ ਇਕ ਖੱਦਰ-ਪੋਸ਼ ਬੀਬੀ ਦੌੜ ਕੇ ਬਾਹਰ ਨਿਕਲੀ । ਇਸ ਦੇ ਹੱਥ ਵਿਚ ਇਕ ਕੌਮੀ ਝੰਡਾ ਤੇ ਗਾਤਰੇ ਕ੍ਰਿਪਾਨ ਹੈ । ਤੁਰੰਤ ਹੀ ਇਸ ਦੇ ਪਿਛੇ ਪਿਛੇ ਕੌਮੀ ਨਾਹਰੇ ਲਾਂਦੀਆਂ ਖੱਦਰ ਦੀਆਂ ਸਾੜ੍ਹੀਆਂ ਵਾਲੀਆਂ ਹੋਰ ਵੀ ਬਹੁਤ ਸਾਰੀਆਂ ਬੀਬੀਆਂ ਨਿਕਲ ਆਈਆਂ । ਗਲੀ ਵਾਲੇ ਦਰਵਾਜ਼ੇ ਅੱਗੇ ਖੜਾ ਸਿਪਾਹੀ ਵੇਖਦਾ ਹੀ ਰਹਿ ਗਿਆ ਤੇ ਇਹ ਬੀਬੀਆਂ ਬਾਜ਼ਾਰ ਵਿਚ ਪੁੱਜ ਗਈਆਂ । "ਭਾਰਤ ਮਾਤਾ ਦੀ ਜੈ" ਦੇ ਨਾਹਰਿਆਂ ਨਾਲ ਅਸਮਾਨ ਗੂੰਜਣ ਲਗਾ । ਥੋੜ੍ਹੇ ਚਿਰ ਵਿਚ ਇਤਨੀ ਭੀੜ ਹੋ ਗਈ ਕਿ ਛੋਟੇ ਬਾਜ਼ਾਰ ਦਾ ਰਸਤਾ ਹੀ ਬੰਦ ਹੋ ਗਿਆ । ਕੌਮੀ ਝੰਡੇ ਵਾਲੀ ਬੀਬੀ ਨੇ ਝੰਡਾ ਉੱਚਾ ਚੁੱਕ ਰਖਿਆ ਸੀ । ਇਕ ਪੁਲਸੀਏ ਨੇ ਅੱਗੇ ਵੱਧ ਕੇ ਝੰਡਾ ਖੋਹਣ ਦੀ ਕੋਸ਼ਿਸ਼ ਕੀਤੀ । ਝੰਡੇ ਵਾਲੀ ਬੀਬੀ ਅੱਗੇ ਵੱਧਦੀ ਜਾ ਰਹੀ ਸੀ । ਪੁਲਿਸ ਵਾਲੇ ਦਾ ਹੱਥ ਗਾਤਰੇ ਦੀ ਕ੍ਰਿਪਾਨ ਤੇ ਜਾ ਪਿਆ ਤੇ ਖਿੱਚਾ-ਖਿੱਚੀ ਵਿਚ ਮਿਆਨ ਉਤਰ ਗਿਆ ਤੇ ਪੁਲਸੀਏ ਦੇ ਹੱਥ ਨੂੰ ਝਰੀਟ ਆ ਗਈ । ਥੋੜ੍ਹਾ ਖੂਨ ਵੀ ਨਿਕਲ ਆਇਆ । ਪੁਲਿਸ ਨੇ ਘਬਰਾ ਕੇ ਲਾਠੀ ਚਾਰਜ ਸ਼ੁਰੂ ਕਰ ਦਿੱਤਾ । ਬਹੁਤ ਸਾਰੀ ਭੀੜ ਖਿੰਡ-ਪੁੰਡ ਗਈ ਤੇ ਝੰਡੇ ਵਾਲੀ ਬੀਬੀ ਨੇ ਕੌਮੀ ਝੰਡੇ ਨੂੰ ਦੋਹਾਂ ਹੱਥਾਂ ਨਾਲ ਘੁੱਟ ਕੇ ਫੜ ਲਿਆ ਅਤੇ ਇਕ ਦੁਕਾਨ ਦੇ ਸਾਹਮਣੇ ਫੱਟੇ ਉਤੇ ਧਰਨਾ ਮਾਰ ਕੇ ਬਹਿ ਗਈ । ਬਾਕੀ ਦੀਆਂ ਬੀਬੀਆਂ ਵੀ ਜ਼ਮੀਨ ਤੇ ਬਹਿ ਗਈਆਂ । ਬਹੁਤ ਸਾਰੀ ਭੀੜ ਖਿੰਡ-ਪੁੰਡ ਜਾਣ ਪੁਰ ਪੁਲਿਸ ਦੇ ਗਾਰਦ-ਇੰਨਚਾਰਜ ਨੇ ਪਹਿਲਾਂ ਬੜੇ ਰੋਹਬ ਨਾਲ, ਫਿਰ ਨਰਮੀ ਨਾਲ ਝੰਡੇ ਵਾਲੀ ਬੀਬੀ ਤੋਂ ਝੰਡਾ ਲੈਣ

ਦੀ ਕੋਸ਼ਿਸ਼ ਕੀਤੀ, "ਇਹ ਝੰਡਾ ਸਾਡੀ ਜਾਨ ਦੇ ਨਾਲ ਹੀ ਜਾਵੇਗਾ।" ਅਖ਼ੀਰ ਤ ਬੀਬੀਆਂ ਦੇ ਸਾਰੇ ਜੱਥੇ ਨੂੰ ਗ੍ਰਿਫਤਾਰ ਕਰ ਕੇ ਟਾਂਗਿਆਂ ਵਿਚ ਬਿਠਾ ਲਿਆ ਗਿਆ। ਜਿਹਲ ਦੇ ਦਰਵਾਜ਼ੇ ਅੱਗੇ ਜਾ ਕੇ ਫਿਰ ਝੰਡੇ ਦਾ ਝਗੜਾ ਛਿੜ ਪਿਆ। ਬੀਬੀਆਂ ਕਹਿੰਦੀਆਂ ਸਨ ਕਿ ਅਸੀਂ ਜਿਹਲ ਦੀ ਬੈਰਕ ਉਤੇ ਕੌਮੀ ਝੰਡਾ ਲਾਉਣ ਲਈ ਅੰਦਰ ਲੈ ਜਾਵਾਂਗੀਆਂ। ਇਹ ਝਗੜਾ ਹੋ ਰਿਹਾ ਸੀ ਕਿ ਕਿਸ਼ਨ ਸਿੰਘ ਨੂੰ ਵੀ ਲੈ ਕੇ ਪੁਲਿਸ ਜਿਹਲ ਦੇ ਦਰਵਾਜ਼ੇ ਅੱਗੇ ਪਹੁੰਚ ਗਈ। ਬੀਬੀਆਂ ਦੇ ਜੱਥੇ ਅੰਦਰ ਝੰਡਾ ਹਥ ਵਿਚ ਫੜੀ ਬੈਠੀ ਆਪਣੀ ਸੁਪਤਨੀ ਸ਼ਰਨ ਕੌਰ ਨੂੰ ਵੇਖ ਕੇ ਕਿਸ਼ਨ ਸਿੰਘ ਨੂੰ ਕੋਈ ਹੈਰਾਨੀ ਨਾ ਹੋਈ। ਇਉਂ ਜਾਪਦਾ ਹੈ ਕਿ ਕਿਸ਼ਨ ਸਿੰਘ ਨੂੰ ਪਹਿਲਾਂ ਹੀ ਇਸ ਘਟਨਾ ਦਾ ਪਤਾ ਲਗ ਚੁੱਕਾ ਸੀ। ਕਿਸ਼ਨ ਸਿੰਘ ਨੇ ਬੀਬੀਆਂ ਨੂੰ ਸਮਝਾਇਆ, "ਤੁਸੀਂ ਝੰਡੇ ਸੰਬੰਧੀ ਆਪਣਾ ਕਾਫ਼ੀ ਵਿਸ਼ਵਾਸ ਪ੍ਰਗਟ ਕਰ ਦਿੱਤਾ ਹੈ। ਖੁਲ੍ਹ ਦੀ ਹਾਲਤ ਵਿਚ ਤੁਸਾਂ ਇਸ ਦੇ ਬੇ-ਅਦਬੀ ਨਹੀਂ ਹੋਣ ਦਿੱਤੀ, ਹੁਣ ਤੁਸੀਂ ਕੈਦੀ ਹੋ। ਜੇ ਇਕ ਵਾਰੀ ਤੁਸਾਂ ਬੈਰਕ ਉਤੇ ਝੰਡਾ ਲਾ ਵੀ ਲਿਆ ਤਾਂ ਜਿਹਲ ਕਰਮਚਾਰੀ ਤੁਹਾਨੂੰ ਬੈਰਕ ਦੇ ਅੰਦਰ ਬੰਦ ਕਰਕੇ ਝੰਡਾ ਫਾੜ ਦੇਣਗੇ। ਇਸ ਲਈ ਇਸ ਦਾ ਲਾਭ ਨਹੀਂ। "ਅਖ਼ੀਰ ਫ਼ੈਸਲਾ ਹੋਇਆ ਕਿ ਝੰਡਾ ਅਦਬ ਨਾਲ ਕਾਂਗਰਸ ਦੇ ਦਫਤਰ ਵਿਚ ਪਹੁੰਚਾ ਦਿੱਤਾ ਜਾਵੇ। ਜਿਹਲ ਦੇ ਅੰਦਰ ਦਾਖ਼ਲ ਹੋ ਕੇ ਸ਼ਰਨ ਕੌਰ ਨੇ ਅ ਪਣੇ ਪਤੀ ਤੋਂ ਲਾਜ ਬਾਬਤ ਪੁੱਛਿਆ, ਪਰ ਕੋਈ ਜੁਆਬ ਸੁਣਨ ਤੋਂ ਪਹਿਲਾਂ ਹੀ ਜ਼ਨਾਨਾ ਵਾਰਡ ਦਾ ਬੂਹਾ ਖੁਲ੍ਹ ਕੇ ਬੰਦ ਹੋ ਗਿਆ।

(3)

ਵੱਡਾ ਤਾਪ ਤੇ ਮਾਤਾ ਪਿਤਾ ਦਾ ਫੜਿਆ ਜਾਣਾ–ਸਾਰੇ ਦੁੱਖਾਂ ਦੇ ਬਾਵਜੂਦ ਦੇਸ਼ ਸੇਵਾ ਲਈ ਜਿਹਲ ਦੀ ਜ਼ਬਰਦਸਤ ਇੱਛਾ ਪ੍ਰਬਲ ਹੋ ਆਈ। ਲਾਜ ਦਿਨਾਂ ਵਿਚ ਹੀ ਤੁਰਨ ਫਿਰਨ ਲਗ ਪਈ। ਭੂਆ ਨੇ ਲਾਜ ਦੀ ਸੇਵਾ ਵਿਚ ਕਸਰ ਨਾ ਰਖੀ, ਲਾਜ ਨੂੰ ਚੁਕਵਾ ਕੇ ਉਹ ਘਰ ਹੀ ਲੈ ਗਈ ਸੀ। ਵੀਰਾਂਵਾਲੀ ਦੇ ਘਰ ਵਾਲੇ ਜਮਾਂਦਾਰ ਹੁਸ਼ਨਾਕ ਸਿੰਘ ਨੂੰ ਆਪਣੇ ਸਾਲੇ ਤੇ ਸਾਲੇਹਾਰ ਦੇ ਫੜੇ ਜਾਣ ਦੀ ਖ਼ਬਰ ਗੱਡੀ ਵਿਚ ਕਿਸੇ ਵਾਕਫ਼ ਤੋਂ ਮਿਲੀ, ਜਦ ਕਿ ਉਹ ਘਰ ਛੁੱਟੀ ਤੇ ਆ ਰਿਹਾ ਸੀ। ਛਾਉਣੀ ਵਿਚ ਕੋਈ ਅਖ਼ਬਾਰ ਨਹੀਂ ਸੀ ਜਾਂਦਾ, ਹੁਸ਼ਨਾਕ ਸਿੰਘ ਦਾ ਟਾਂਗਾ ਬੂਹੇ ਅੱਗੇ ਪੁੱਜਾ ਤਾਂ ਲਾਜ ਦਰਵਾਜ਼ੇ ਵਿਚ ਖੜੀ ਸੀ। ਉਹਨੇ ਪਹਿਲਾਂ ਫੁੱਫੜ ਦੇ ਆਉਣ ਦੀ ਖਬਰ ਦੌੜ ਕੇ ਭੂਆ ਨੂੰ ਦਸੀ, ਫਿਰ ਪਰਤ ਕੇ ਟਾਂਗੇ ਵਿਚੋਂ ਉਤਰ ਰਹੇ ਫੁੱਫੜ ਦੇ ਗਲ਼ ਆਣ ਲੱਗੀ। ਵੀਰਾਂਵਾਲੀ ਨੇ ਪਹਿਲਾਂ ਦਰਵਾਜ਼ੇ ਅੱਗੇ ਆਣ ਕੇ ਆਪ ਪਤੀ

ਨੂੰ ਸਤਿ ਸ੍ਰੀ ਅਕਾਲ ਆਖੀ, ਫਿਰ ਝਟ ਅੰਦਰ ਵੜ ਕੇ ਸ਼ੀਸ਼ੇ ਅੱਗੇ ਆਪਣੇ ਵਾਲ ਸੁਆਰੇ, ਦੁਪੱਟਾ ਬਦਲਿਆ ਤੇ ਮੁੜ ਚਾਈਂ ਚਾਈਂ ਬਾਹਰ ਆਣ ਕੇ ਸਾਮਾਨ ਸੰਭਾਲਣ ਦੇ ਆਹਰ ਵਿਚ ਲੱਗ ਗਈ। ਲਾਜ ਵੀ ਨਿੱਕੀਆਂ ਨਿੱਕੀਆਂ ਚੀਜ਼ਾਂ ਸੰਭਾਲਣ ਵਿਚ ਆਪਣੀ ਭੂਆ ਨੂੰ ਮੱਦਦ ਦੇਣ ਲੱਗ ਪਈ। ਗੁਆਂਢ ਤੋਂ ਸੱਜਣ ਮਿੱਤਰ ਹੁਸ਼ਨਾਕ ਸਿੰਘ ਨੂੰ ਪੁੱਛਣ ਭਾਲਣ ਆ ਗਏ। ਵੀਰਾਂਵਾਲੀ ਨੇ ਚੁਲੇ ਤੇ ਚਾਹ ਰਖ ਦਿੱਤੀ। ਗੁਆਂਢੀਆਂ ਦੇ ਚਲੇ ਜਾਣ ਪੁਰ ਚਾਹ ਪਿਲਾਣ ਲਗਿਆਂ ਹੀ ਵੀਰਾਂਵਾਲੀ ਨੂੰ ਆਪਣੇ ਪਤੀ ਪਾਸੋਂ ਸੁਖ ਸਾਂਦ ਪੁੱਛਣ ਦਾ ਮੌਕਾ ਮਿਲਿਆ, "ਜੀ, ਵਲ ਰਾਜੀ ਬਾਜੀ ਰਹੇ ਹੋ ?"

"ਐੱਗੇ ਤਾਂ ਵਲ ਹੀ ਰਹੇ ਹਾਂ ਪਰ ਮਾਲੂਮ ਹੁੰਦਾ ਹੈ ਤੂੰ ਵਲ ਰਹਿਣ ਨਹੀਂ ਦੇਣਾ।" ਵੀਰਾਂਵਾਲੀ ਦੇ ਕੰਨਾਂ ਨੂੰ ਅਜਿਹੇ ਉੱਤਰ ਦੀ ਹੀ ਆਸ ਸੀ। ਉਹ ਆਪਣੇ ਪਤੀ ਦੇ ਚਿਹਰੇ ਤੋਂ ਉਸ ਦੇ ਮਨ ਦੀ ਅਵਸਥਾ ਨੂੰ ਤਾਂ ਪੜ੍ਹ ਚੁੱਕੀ ਸੀ ਪਰ ਨਾਰਾਜ਼ਗੀ ਦੇ ਕਾਰਣ ਦੀ ਪੂਰੀ ਸਮਝ ਉਸ ਨੂੰ ਅਜੇ ਨ੍ਹੀਂ ਸੀ ਆਈ। ਵੀਰਾਂਵਾਲੀ ਨੇ ਗੱਲ ਨੂੰ ਇਥੇ ਠੱਪ ਦਿੱਤਾ। ਹੁਸ਼ਨਾਕ ਸਿੰਘ ਨੇ ਨਾਂਹ-ਨੁਕਰ ਕਰਦਿਆਂ ਚਾਹ ਦੀ ਪਿਆਲੀ ਪੀ ਲਈ। ਰਾਤ ਦੀ ਰੋਟੀ ਤਕ ਵੀਰਾਂਵਾਲੀ ਨੇ ਕੋਈ ਗੱਲ ਛੇੜਨ ਦਾ ਮੌਕਾ ਨਾ ਦਿੱਤਾ। ਹੁਸ਼ਨਾਕ ਸਿੰਘ ਨੇ ਭਰਿਆ ਪੀਤਿਆਂ ਹੀ ਦੋ ਰੋਟੀਆਂ ਸੰਘੋਂ ਹੇਠਾਂ ਉਤਾਰੀਆਂ, ਵੀਰਾਂਵਾਲੀ ਨੇ ਤਾਂ ਖਾਣਾ ਹੀ ਕੀ ਸੀ ? ਸੌਣ ਦੇ ਕਪੜੇ ਬਦਲ ਕੇ ਹੁਸ਼ਨਾਕ ਸਿੰਘ ਲੰਮਾ ਪੈ ਗਿਆ। ਵੀਰਾਂਵਾਲੀ ਲਾਜ ਨੂੰ ਰੋਟੀ ਖੁਆ ਕੇ ਭਾਂਡਾ ਟਿੰਡਾ ਸਾਂਭਣ ਪਿੱਛੋਂ ਲੱਤਾਂ ਦਬਣ ਦਬਣ ਦੇ ਬਹਾਨੇ ਆਪਣੇ ਪਤੀ ਪਾਸ ਮੰਜੇ ਤੇ ਆਣ ਬੈਠੀ। ਦਸ ਪੰਦਰ੍ਹਾਂ ਮਿੰਟ ਦੋਹਾਂ ਪਾਸਿਆਂ ਤੋਂ ਚੁਪ ਰਹੀ। ਹੁਸ਼ਨਾਕ ਸਿੰਘ ਨੇ ਪਾਸਾ ਪਰਤਦਿਆਂ ਇਉਂ ਉਬਾਸੀ ਲਈ ਜਿਵੇਂ ਉਹ ਪਹਿਲਾਂ ਹੀ ਸੌਂ ਗਿਆ ਸੀ ਤੇ ਹੁਣ ਹੀ ਉਸ ਨੂੰ ਵੀਰਾਂਵਾਲੀ ਦੇ ਪਾਸ ਬੈਠੇ ਹੋਣ ਦਾ ਪਤਾ ਲਗਾ ਹੈ। ਵੀਰਾਂਵਾਲੀ ਨੇ ਕਿਹਾ, "ਜੀ ਇਧਰ ਮੂੰਹ ਤੇ ਕਰੋ, ਤੁਹਾਨੂੰ ਤੇ ਜਗ ਰਖਣਾ ਵੀ ਨਹੀਂ ਆਉਂਦਾ ! ਉਡੀਕ ਉਡੀਕ ਕੇ ਸਾਡੀਆਂ ਅੱਖਾਂ ਵੀ ਪੱਕ ਗਈਆਂ ਹਨ ਤੇ ਇਹ ਸਿੱਧੇ ਮੂੰਹ ਗੱਲ ਵੀ ਨਹੀਂ ਕਰਦੇ। ਛੁੱਟੀ ਕਿਤਨੀ ਮਿਲੀ ਜੇ ?" ਹੁਸ਼ਨਾਕ ਸਿੰਘ ਨੇ ਫਿਰ ਪਾਸਾ ਪਰਤਿਆ ਤੇ ਅੱਖਾਂ ਪੁਰ ਹੱਥ ਰਖ ਕੇ ਆਖਣ ਲੱਗਾ, ਤੂੰ ਲੰਮੀ ਛੁੱਟੀ ਹੀ ਸਮਝ। ਸੁਖ ਤੈਨੂੰ ਪਚਦਾ ਨਹੀਂ। ਹੁਣ ਹੀ ਤਰੱਕੀ ਦੇ ਦਿਨ ਸਨ ਪਰ ਤੂੰ ਮੈਨੂੰ ਕੁਝ ਬਣਨ ਨਹੀਂ ਦੇਣਾ।"

"ਜੀ ਗੱਲ ਤੇ ਦੱਸੋ।"

"ਗੱਲ ਕੀ ਦਸਾਂ, ਤੈਨੂੰ ਪਤਾ ਨਹੀਂ ਅੱਜ ਕਲ੍ਹ ਲੜਾਈ ਦੇ ਦਿਨ ਹਨ, ਕਿਸੇ ਫੌਜੀ ਦੇ ਬਾਗ਼ੀਆਂ ਨਾਲ ਮੇਲ ਜੋਲ ਨੂੰ ਸਰਕਾਰ ਪਸੰਦ ਨਹੀਂ ਕਰਦੀ। ਅੱਵਲ ਤਾਂ ਸਰਕਾਰ ਨੂੰ ਪਤਾ ਹੀ ਨਹੀਂ ਲਗਣ ਦੇਣਾ ਚਾਹੀਦਾ ਕਿ ਕੋਈ ਬਾਗੀ ਸਾਡੇ ਸੰਬੰਧੀ ਹਨ। ਜੇ ਪਤਾ ਲਗ ਵੀ ਜਾਵੇ ਤਾਂ ਅਸੀਂ ਆਖ ਵੀ ਸਕਦੇ ਹਾਂ ਕਿ ਉਹ ਸਾਡੇ ਆਖੇ ਤੋਂ ਬਾਹਰ ਹਨ, ਪਰ ਤੂੰ ਇਹ ਬਲਾ ਕਿਉਂ ਜਾਣ ਬੁਝ ਕੇ ਆਪ ਗਲ ਪਾ ਲਈ। ਬਾਗ਼ੀ ਦੀ ਧੀ ਨੂੰ ਰਖਣਾ ਤੂੰ ਨਹੀਂ ਜਾਣਦੀ ਕਿਤਨਾ ਜੁਰਮ ਹੈ।"

ਆਪਣੇ ਪਤੀ ਦੀ ਗੱਲ ਸੁਣਕੇ ਵੀਰਾਂਵਾਲੀ ਨੂੰ ਕੰਬਣੀ ਜਿਹੀ ਆ ਗਈ। ਉਸ ਨੂੰ ਇਹ ਖ਼ਿਆਲ ਨਹੀਂ ਸੀ ਕਿ ਲਾਜ ਨੂੰ ਐਸੇ ਹਾਲਤ ਵਿਚ ਇਥੇ ਲਿਆਉਣਾ ਪਤੀ ਲਈ ਕਿਤਨਾ ਜ਼ਿਆਦਾ ਦੁਖਦਾਈ ਹੋ ਸਕਦਾ ਹੈ। ਉਸ ਦੀ ਜਾਨ ਪਸੀਨਾ ਹੋ ਗਈ। ਹੁਸ਼ਨਾਕ ਸਿੰਘ ਨੇ ਫਿਰ ਦੰਦ ਕਰੀਚ ਕੇ ਕਿਹਾ, "ਤੂੰ ਕੁੜੀ ਨੂੰ ਕਿਉਂ ਮੇਰੇ ਘਰ ਲਿਆਂਦਾ ?"

ਵੀਰਾਂਵਾਲੀ ਨੇ ਭਰੇ ਗਲੇ ਨਾਲ ਸਾਰੀ ਵਿਥਿਆ ਇਸ ਤਰ੍ਹਾਂ ਸੁਣਾਈ ਜਿਵੇਂ ਕੋਈ ਪੁਜਾਰਨ ਦੇਵੀ ਪਾਸੋਂ ਕਿਸੇ ਮਨ ਭਾਉਂਦੇ ਵਰ ਦਾ ਤਰਲਾ ਲੈ ਰਹੀ ਹੈ। ਪਰ ਤੁਰੰਤ ਹੀ ਉਸ ਨੂੰ ਅਨੁਭਵ ਹੋਇਆ ਕਿ ਪਤੀ ਦੇਵ ਤਾਂ ਪੱਥਰ ਦੀ ਮੂਰਤ ਹਨ। ਉਸ ਦੇ ਮਨ ਵਿਚ ਪਤੀ ਜੀ ਦੇ ਛੁੱਟੀ ਆਉਣ ਦੀਆਂ ਕਿਤਨੀਆਂ ਉਮੰਗਾਂ ਸਨ। ਉਸ ਦੇ ਸਾਰੇ ਵਲਵਲੇ ਤੇ ਚਾਉ ਖਿੰਡ-ਪੁੰਡ ਕੇ ਉਸ ਦੀਆਂ ਅੱਖਾਂ ਸਾਹਮਣੇ ਪਰਛਾਵੇਂ ਜਿਹੇ ਬਣ ਕੇ ਖਿਲਰ ਗਏ। ਪੁਆਂਦੀ ਪਿਆਂ ਹੀ ਉਸ ਨੇ ਰਾਤ ਕੱਟ ਲਈ। ਹੰਝੂਆਂ ਦੇ ਕੀਮਤੀ ਮੋਤੀਆਂ ਦੀ ਭੇਟਾ ਪਰ ਪੱਥਰ ਦੀ ਮੂਰਤੀ ਵਿਚ ਕੋਈ ਅਨੁਭਵਤਾ ਹੀ ਨਾ ਸੀ। ਪਤੀ ਦੇ ਮਨ ਨੇ ਵੀਰਾਂਵਾਲੀ ਨੂੰ ਆਪਣੇ ਅਪਰਾਧੀ ਹੋਣ ਦਾ ਸ਼ੱਕ ਜਿਹਾ ਕਰ ਦਿੱਤਾ।

ਘਬਰਾਇਆ ਹੋਇਆ ਆਦਮੀ ਆਪਣੀ ਘਬਰਾਹਟ ਦੇ ਕਾਰਣ ਨੂੰ ਲੁਕਾਣ ਲਈ ਸੌ ਸਾਧਨ ਵਰਤਦਾ ਹੈ, ਉਹ ਉਸ ਦੀ ਘਬਰਾਹਟ ਨੂੰ ਵਧੀਕ ਪ੍ਰਗਟਾਂਦੇ ਹਨ। ਸੱਜਣਾਂ ਮਿਤਰਾਂ ਤਕ ਗੱਲ ਪੁੱਜ ਗਈ। ਸਿਆਣਿਆਂ ਦੀਆਂ ਦਲੀਲਾਂ ਤੇ ਮਸਾਲਾਂ ਹੁਸ਼ਨਾਕ ਸਿੰਘ ਨੂੰ ਕਾਇਲ ਨਾ ਕਰਵਾ ਸਕੀਆਂ ਕਿ ਤੇਰੇ ਸਾਲੇ ਤੇ ਸਾਲੇਹਾਰ ਦੀ ਜ਼ਿੰਮੇਵਾਰੀ ਕਿਸੇ ਤਰ੍ਹਾਂ ਵੀ ਤੇਰੇ ਤੇ ਨਹੀਂ ਆਉਂਦੀ। ਲਾਜ ਨੂੰ ਆਪਣੇ ਪਾਸ ਰਖਣਾ ਉਹ ਆਪਣੀਆਂ ਸਭ ਆਸਾਂ ਦੇ ਖ਼ਾਤਮੇ ਦਾ ਪ੍ਰਵਾਨਾ ਸਮਝਦਾ ਸੀ। ਵਧੀਕ ਨਹੀਂ ਤਾਂ ਸੂਬੇਦਾਰ ਮੇਜਰ ਤਾਂ ਉਸ ਇਸ ਜੰਗ ਵਿਚ ਹੀ ਬਣਨਾ ਹੈ। ਲਾਜ ਦੇ

ਕੈਨਾਂ ਵਿਚ ਕੋਈ ਨਾ ਕੋਈ ਗੱਲ ਪੈ ਜਾਂਦੀ ਰਹੀ। ਛੁੱਟੀ ਪੂਰੀ ਹੋ ਗਈ। ਹੁਸ਼ਨਾਕ ਸਿੰਘ ਨੇ ਟਾਂਗਾ ਬੂਹੇ ਅੱਗੇ ਖੜਾ ਕੀਤਾ। ਵੀਰਾਂਵਾਲੀ ਨੂੰ ਬਾਹੋਂ ਫੜ ਕੇ ਉਸ ਦੇ ਵਿਚ ਬਿਠਾਇਆ ਤੇ ਮਕਾਨ ਦੀਆਂ ਚਾਬੀਆਂ ਜੇਬ ਵਿਚ ਪਾ ਲਈਆਂ। ਬੂਹੇ ਅੱਗੇ ਕੁੜੀਆਂ ਨਾਲ ਖੇਡਦੀ ਲਾਜ ਟਾਂਗੇ ਵਿਚ ਬੈਠੀ ਬੇਬਸ ਭੂਆ ਵੱਲ ਹੰਝੂਆਂ-ਭਰੀਆਂ ਅੱਖਾਂ ਨਾਲ ਵੇਖ ਰਹੀ ਸੀ। ਟਾਂਗਾ ਉਹਲੇ ਹੋ ਗਿਆ।

(4)

"ਭਰਾ ਜੀ, ਲਾਜ ਦਾ ਕੀ ਬਣਿਆ ?"

"ਵੀਰਾਂ, ਅਸੀਂ ਤਾਂ ਤੇਰੇ ਪਾਸ ਅਮਾਨਤ ਛੱਡ ਆਏ ਸਾਂ।"

ਇਕ ਸਾਲ ਤੇ ਦੋ ਮਹੀਨੇ ਗੁਜ਼ਰ ਜਾਣ ਪਿਛੋਂ ਸੈਂਟਰਲ ਜਿਹਲ ਮੁਲਤਾਨ ਦੇ ਮੁਲਾਕਾਤ ਦੇ ਕਮਰੇ ਵਿਚ ਭੈਣ ਵੀਰਾਂਵਾਲੀ ਦਾ ਇਹ ਸੁਆਲ ਤੇ ਭਰਾ ਕਿਸ਼ਨ ਸਿੰਘ ਦਾ ਇਹੋ ਇਕੋ ਜੁਆਬ, ਬਸ ਦੋ ਹੀ ਗੱਲਾਂ ਸਨ ਜੋ ਉਨ੍ਹਾਂ ਇਕ ਘੰਟੇ ਦੀ ਮੁਲਾਕਾਤ ਵਿਚ ਜ਼ਬਾਨ ਨਾਲ ਕੀਤੀਆਂ। ਇਨ੍ਹਾਂ ਦੋਹਾਂ ਗੱਲਾਂ ਪਿਛੋਂ ਦੋਵੱਲੀਂ ਚੁੱਪ ਤੇ ਕਿਸੇ ਵੇਲੇ ਤਰ ਅੱਖਾਂ ਨਾਲ ਇਕ ਦੂਜੇ ਵੱਲ ਤੱਕਣਾ ਦਿਲ ਦੀਆਂ ਗੱਲਾਂ ਹਨ ਜਿਨ੍ਹਾਂ ਨੂੰ ਬੇਜ਼ਬਾਨ ਦਾ ਕੋਈ ਪੰਡਤ ਹੀ ਦਸ ਸਕਦਾ ਹੈ। ਮੁਲਾਕਾਤ ਕਰਵਾਣ ਵਾਲੇ ਅਫ਼ਸਰ ਨੇ ਵਕਤ ਖ਼ਤਮ ਹੋ ਜਾਣ ਦੀ ਘੰਟੀ ਵਜਾਈ, ਦੋਵੇਂ ਭੈਣ ਭਰਾ ਇਕ ਦੂਜੇ ਨੂੰ ਵੇਖਦੇ ਅੱਡ ਹੋ ਗਏ। ਮਾਂ ਪਿਉ ਜਾਈ ਨਾਲ ਇਹ ਆਖ਼ਰੀ ਮਿਲਣੀ ਹੈ, ਕਿਸ਼ਨ ਸਿੰਘ ਨੂੰ ਇਸ ਗੱਲ ਦਾ ਕੀ ਪਤਾ ਸੀ ?

ਜਿਹਲਾਂ ਵਿਚ ਕੈਦੀਆਂ ਦੀ ਆਵਾਜਾਈ ਲੱਗੀ ਰਹਿੰਦੀ ਹੈ। ਕਿਸ਼ਨ ਸਿੰਘ ਨੂੰ ਇਹ ਤਾਂ ਪਤਾ ਲਗ ਚੁੱਕਾ ਹੈ ਕਿ ਲਾਜ ਹੁਣ ਲਾਹੌਰ ਦੇ ਤਪਦਿਕ ਹਸਪਤਾਲ ਵਿਚ ਹੈ, ਪਰ ਵੀਰਾਂਵਾਲੀ ਉਸ ਨਾਲੋਂ ਵੀ ਸਖ਼ਤ ਕੈਦ ਵਿਚ ਹੈ, ਕਿਸ਼ਨ ਸਿੰਘ ਨੂੰ ਇਹ ਗੱਲ ਕਿਸੇ ਨਹੀਂ ਸੀ ਦੱਸੀ। ਛਾਉਣੀ ਵਿਚ ਤਾਂ ਪੰਖੇਰੂ ਪਰ ਨਹੀਂ ਸੀ ਮਾਰ ਸਕਦਾ, ਬਾਗ਼ੀ ਭਰਾ ਭਰਜਾਈ ਤੇ ਬਾਗ਼ੀਆਂ ਦੀ ਧੀ ਬਾਬਤ ਵੀਰਾਂਵਾਲੀ ਨੂੰ ਕੌਣ ਖ਼ਬਰ ਦੱਸਦਾ। ਵੀਰਾਂਵਾਲੀ ਮੁਲਾਕਾਤ ਲਈ ਜਿਹਲ ਤਕ ਕਿਵੇਂ ਪੁੱਜ ਗਈ, ਇਸ ਭੇਦ ਦਾ ਅੱਜ ਤਕ ਕਿਸੇ ਨੂੰ ਪਤਾ ਨਹੀਂ ਲਗ ਸਕਿਆ। ਉਸ ਨੇ ਆਪਣੀ ਜਾਨ ਖ਼ਤਰੇ ਵਿਚ ਪਾਈ। ਆਪਣੇ ਪਤੀ ਹੁਸ਼ਨਾਕ ਸਿੰਘ ਤੋਂ ਇਹ ਭੇਦ ਲੁਕਾਣ ਵਿਚ ਉਸ ਨੂੰ ਸਫ਼ਲਤਾ ਹੋਈ ਪਰ ਭਰਾ ਦੀ ਅਮਾਨਤ ਵਿਚ ਮਜਬੂਰੀ ਖਿਆਨਤ ਹੋ ਜਾਣ ਦਾ ਖਤਰਾ ਉਹ ਨਾ ਸਹਾਰ ਸਕੀ। ਹੁਸ਼ਨਾਕ ਸਿੰਘ ਨੇ ਅਸਲ ਮਰਜ਼ ਵੱਲ ਤਾਂ ਧਿਆਨ ਨਾ ਕੀਤਾ, ਹੋਰ ਦੁਆਈਆਂ ਨੇ ਕੀ ਸੁਆਰਨਾ ਸੀ ? ਸ਼ਰਨ ਕੌਰ ਦੀ ਕੈਦ

ਪੂਰੀ ਹੋ ਗਈ। ਵੀਰਾਂਵਾਲੀ ਨੇ ਅਮਾਨਤ ਵਿਚ ਖਿਆਨਤ ਕਰਨ ਦੀ ਦੋਸ਼ਨ ਹੋ ਕੇ ਭਰਜਾਈ ਸਾਹਮਣੇ ਪੇਸ਼ ਹੋਣ ਤੋਂ ਪਹਿਲਾਂ ਹੀ ਸਦੀਵੀ ਰਿਹਾਈ ਪਾ ਲਈ। ਸ਼ਰਨ ਕੌਰ ਸਿੱਧੀ ਲਾਹੌਰ ਹਸਪਤਾਲ ਵਿਚ ਪੁੱਜੀ। ਵੱਡਾ ਦਰਵਾਜ਼ਾ ਬੰਦ ਸੀ। ਦਰਬਾਨ ਨੇ ਕਿਹਾ, "ਮਰੀਜ਼ਾਂ ਦੇ ਆਰਾਮ ਕਰਨ ਦਾ ਵਕਤ ਹੈ।" ਦਰਵਾਜ਼ੇ ਦੀ ਖੱਬੀ ਨੁੱਕਰ ਵਿਚ ਭੰਗੀਆਂ ਦਾ ਘਰ ਸੀ। ਓਪਰੀ ਖੱਦਰਪੋਸ਼ ਜਨਾਨੀ ਨੂੰ ਵੇਖ ਕੇ ਜਮਾਂਦਾਰਨੀ ਨੇੜੇ ਆ ਗਈ। ਉਸ ਨੇ ਪੁਛਿਆ, "ਤੁਸੀਂ ਕਿਸ ਨੂੰ ਮਿਲਣਾ ਹੈ?" ਸ਼ਰਨ ਕੌਰ ਨੇ ਕਿਹਾ: "ਮੇਰੀ ਲੜਕੀ ਇਥੇ ਬੀਮਾਰ ਹੈ, ਲਾਜ।" ਜਮਾਂਦਾਰਨੀ ਨੇ ਵਾਰਡ ਤੇ ਕਮਰੇ ਦਾ ਨੰਬਰ ਪੁਛਿਆ ਤੇ ਨਾਲ ਹੀ ਕਿਹਾ, ਅਸਾਂ ਦੇ ਇਸ ਨਾਮ ਦੀ ਕੋਈ ਬੀਮਾਰ ਨਹੀਂ ਸੁਣੀ, ਮੈਂ ਰੋਜ਼ ਹਰ ਇਕ ਵਾਰਡ ਵਿਚ ਸਫ਼ਾਈ ਲਈ ਜਾਂਦੀ ਹਾਂ।" ਸ਼ਰਨ ਕੌਰ ਨੇ ਕਿਹਾ, "ਮੈਨੂੰ ਤੇ ਵਾਰਡ ਦਾ ਪਤਾ ਨਹੀਂ ਨਾ ਹੀ ਕਮਰੇ ਦੇ ਨੰਬਰ ਦਾ ਪਤਾ ਹੈ। ਸੁਣਿਆ ਹੈ ਕਿ ਮੇਰੀ ਲਾਜ ਇਸ ਹਸਪਤਾਤ ਵਿਚ ਹੈ।"

"ਸੁਣਿਆ ਹੈ", ਜਮਾਂਦਾਰਨੀ ਨੇ ਹੈਰਾਨ ਹੋ ਕੇ ਪੁਛਿਆ, "ਤੁਸਾਂ ਆਪ ਉਸ ਨੂੰ ਇਥੇ ਦਾਖ਼ਲ ਨਹੀਂ ਕਰਵਾਇਆ?"

"ਨਹੀਂ, ਅਸੀਂ ਜਿਹਲ ਵਿਚ ਸਾਂ, ਪਿਛੋਂ ਹੀ ਉਹ ਬੀਮਾਰ ਹੋ ਗਈ।"

"ਓ, ਬਾਗ਼ੀ ਦੀ ਧੀ ਹੋਵੇਗੀ", ਜਿਹਲ ਦਾ ਨਾਂ ਸੁਣ ਕੇ ਜਮਾਂਦਾਰਨੀ ਨੇ ਕਿਹਾ, "ਇਥੇ ਉਸ ਦੀ ਲਾਜ ਦਾ ਨਾਂ ਕਿਸੇ ਨੂੰ ਵੀ ਪਤਾ ਨਹੀਂ। ਪਤਲੀ, ਗੋਰੀ ਜਿਹੀ, ਬਾਰਾਂ ਤੇਰਾਂ ਸਾਲਾਂ ਦੀ ਕੁੜੀ ਹੈ। ਬੜੀਆਂ ਮਿੱਠੀਆਂ ਗੱਲਾਂ ਕਰਦੀ ਹੈ। ਉਸ ਦੀਆਂ ਗੱਲਾਂ, ਸੁਣ ਕੇ ਕਦੇ ਹਾਸਾ ਆ ਜਾਂਦਾ ਹੈ, ਕਦੇ ਰੋਣਾ। ਉਹ ਆਪਣੀ ਭੂਆ ਪਾਸ ਸੀ?" ਸ਼ਰਨ ਕੌਰ ਨੇ ਹਾਂ ਵਿਚ ਸਿਰ ਹਿਲਾਇਆ।

"ਬਸ ਉਹੋ ਹੈ, ਜਦ ਉਹ ਪਹਿਲਾਂ ਇਥੇ ਆਈ ਤਾਂ ਉਸ ਨੇ ਕਿਸੇ ਕੁੜੀ ਤੋਂ ਪੁਛਿਆ, 'ਬਾਗ਼ੀ ਕਿਸ ਨੂੰ ਆਖਦੇ ਹਨ?' ਤੇ ਫਿਰ ਆਪ ਹੀ ਦਸਿਆ ਕਿ ਮੇਰਾ ਫੁੱਫੜ ਮੇਰੀ ਭੂਆ ਨੂੰ ਆਖਦਾ ਸੀ ਤੂੰ ਬਾਗ਼ੀ ਦੀ ਧੀ ਨੂੰ ਘਰ ਕਿਉਂ ਲਿਆਂਦਾ? ਉਸ ਦਿਨ ਤੋਂ ਉਸ ਦਾ ਨਾਂ ਬਾਗ਼ੀ ਦੀ ਧੀ ਪੈ ਗਿਆ। ਜਦ ਵੀ ਡਾਕਟਰ ਆਉਂਦਾ ਏ ਉਹ ਆਖਦੀ ਹੈ, ਮੈਨੂੰ ਮੇਰੇ ਪਿਤਾ ਜੀ ਤੇ ਮਾਤਾ ਜੀ ਪਾਸ ਜਿਹਲ ਵਿਚ ਲੈ ਚਲੋ। ਡਾਕਟਰ ਹੱਸ ਛੱਡਦਾ ਹੈ।" ਜਮਾਂਦਾਰਨੀ ਦੀ ਗੱਲ ਨੂੰ ਸ਼ਰਨ ਕੌਰ ਬੁਤ ਬਣੀ ਸੁਣਦੀ ਗਈ।

ਜਮਾਂਦਾਰਨੀ ਨੇ ਕਿਹਾ, "ਸਰਦਾਰ ਜੀ ਨਹੀਂ ਆਏ?"

"ਉਨ੍ਹਾਂ ਦੀ ਕੈਦ ਅਜੇ ਅੱਧੀ ਵੀ ਨਹੀਂ ਗੁਜ਼ਰੀ, ਉਨ੍ਹਾਂ ਨੂੰ ਤਿੰਨ ਸਾਲ ਦੀ

ਕੈਦ ਮਿਲੀ ਸੀ।" ਸ਼ਰਨ ਕੌਰ ਦੀ ਗੱਲ ਸੁਣ ਕੇ ਜਮਾਂਦਾਰਨੀ ਨੇ ਠੰਢਾ ਹੌਕਾ ਭਰਿਆ ਤੇ ਕਿਹਾ, "ਕੁੜੀ ਬੜੀ ਸਿਆਣੀ ਹੈ, ਦਸਦੀ ਹੈ ਕਿ ਮੇਰਾ ਫੁੱਫੜ ਭੂਆ ਨੂੰ ਲੈ ਕੇ ਚਲਾ ਗਿਆ, ਮੈਂ ਬਾਹਰ ਬੂਹੇ ਅਗੇ ਬੈਠੀ ਸਰਦਲ ਤੇ ਹੀ ਸੌਂ ਗਈ। ਸਰਦੀ ਨਾਲ ਮੈਨੂੰ ਤਾਪ ਚੜ੍ਹ ਗਿਆ। ਫਿਰ ਮੇਰੇ ਪਿਤਾ ਜੀ ਦਾ ਇਕ ਦੋਸਤ ਮੈਨੂੰ ਆਪਣੇ ਘਰ ਲੈ ਗਿਆ। ਜਦ ਮੈਂ ਬਹੁਤ ਬੀਮਾਰ ਹੋ ਗਈ ਤਾਂ ਉਹ ਇਥੇ ਛੱਡ ਗਏ। ਮੈਂ ਬਥੇਰਾ ਕਿਹਾ, ਮੈਨੂੰ ਜਿਹਲ ਲੈ ਚਲੋ, ਪਰ ਉਹ ਨਾ ਲੈ ਗਏ।" ਇਤਨੀ ਗੱਲ ਪਿਛੋਂ ਜਮਾਂਦਾਰਨੀ ਨੇ ਕਿਹਾ, "ਹੁਣ ਤੇ ਜੀ ਉਹ ਤੁਹਾਨੂੰ ਹੀ ਉਡੀਕਦੀ ਹੈ।"

ਜਮਾਂਦਾਰਨੀ ਦੇ ਆਖ਼ਰੀ ਫਿਕਰੇ ਦਾ ਭਾਵ ਸ਼ਰਨ ਕੌਰ ਸਮਝ ਗਈ ਸੀ। ਲਾਜ ਦੇ ਕਮਰੇ ਵਿਚ ਪੁਜਣ ਤਕ ਉਸ ਦੇ ਸਾਰੇ ਅੱਥਰੂ ਵਗ ਚੁੱਕੇ ਸਨ। ਆਪਣੀ ਮਾਤਾ ਨੂੰ ਵੇਖ ਕੇ ਲਾਜ ਦੀਆਂ ਅੱਖਾਂ ਅੱਡੀਆਂ ਗਈਆਂ। ਸਵੇਰ ਦੇ ਦੀਵੇ ਦੀ ਇਹ ਆਖ਼ਰੀ ਝਲਕ ਸੀ।

ਜੋਸ਼ੂਆ ਫ਼ਜ਼ਲਦੀਨ

ਦੁਸ਼ਮਨ

ਉਹ ਇਕ ਚੰਗਾ ਖਾਂਦਾ ਪੀਂਦਾ ਬੰਦਾ ਸੀ। ਸਿਰ ਲੁਕੌਣ ਜੋਗਾ ਆਪਣਾ ਕੋਠਾ ਤੇ ਦਾਣੇ-ਫੱਕੇ ਨੂੰ ਆਪਣੇ ਦੋ ਚਾਰ ਮੁਰੱਬੇ ਵੀ ਸਨ। ਪਿਓ ਦਾਦੇ ਦਾ ਛੱਜ-ਪੱਤਰ ਵੀ ਚੰਗਾ ਜੋੜਿਆ ਹੋਇਆ ਸੀ। ਵਾਹਵਾ ਸੋਹਣਾ ਡੰਗ ਪਿਆ ਟੁਰਦਾ ਸੀ। ਆਹਰੇ-ਬਾਹਰੇ ਵਿਚ ਲੋਕੀਂ ਉਹਦੇ ਨਾਂ ਦਾ ਦਸ ਪਏ ਗਾਉਂਦੇ ਸਨ ਅਤੇ ਸਰਕਾਰੇ ਦਰਬਾਰੇ ਵੀ ਉਹਦੀ ਚੰਗੀ ਮੰਨੀਦੀ ਸੀ।

ਹੈ ਵੀ ਉਹ ਇਕ ਭਲਾ ਲੋਕ ਸੀ। ਸੁਭਾਅ ਦਾ ਰਤਾ ਕਾਹਲਾ ਸੀ ਪਰ ਦਿਲ ਦਾ ਮਾੜਾ ਨਹੀਂ ਸੀ। ਆਏ ਗਏ ਦੀ ਚੰਗੀ ਖ਼ਾਤਰ ਕਰਦਾ ਸੀ। ਯਾਰਾਂ ਦਾ ਯਾਰ ਸੀ। ਪਿੰਡ ਦਿਆਂ ਸਾਰਿਆਂ ਬੰਦਿਆਂ ਨਾਲ ਉਹਦਾ ਚੰਗਾ ਮੇਲ ਜੋਲ ਸੀ। ਕੁਝ ਖੁੜਬਾ-ਖੜਬੀ ਹੈ ਸੀ ਤਾਂ ਇਕ ਚੌਧਰੀ ਖੈਰਦੀਨ ਨਾਲ। ਜਦੋਂ ਚਾਰ-ਯਾਰੀ ਵਿਚ ਬਹਿੰਦਾ ਖ਼ੂਬ ਰਾਗ ਹੋਂਦੇ। ਉਹ ਪਾਣੀ ਹਾਰ ਰੁਪਿਆ ਆਪਣਿਆਂ ਯਾਰਾਂ ਬੇਲੀਆਂ ਦੀ ਟਹਿਲ ਵਿਚ ਰੋਹੜਦਾ ਅਤੇ ਕਈ ਵਾਰ ਕਹਿੰਦਾ: "ਯਾਰੋ, ਹੋਰ ਤੇ ਮੈਨੂੰ ਇਸ ਪਿੰਡ ਵਿਚ ਕਿਸੇ ਦਾ ਡਰ ਖੌਫ਼ ਨਹੀਂ ਜੇ. ਪਰ ਉਸ ਖੈਰੇ ਦਾ ਕੰਡਾ ਚੁਭਦਾ ਰਹਿੰਦਾ ਏ, ਕਿਧਰੇ ਕੋਈ ਦਾ-ਪੇਚ ਨਾ ਲਾਏ ਜਾਏ।"

ਉਹਦੇ ਯਾਰ ਬੇਲੀ-ਕਹਿੰਦੇ—"ਓਏ ਭਾਈ ਤੂੰ ਉਹਦਾ ਕੋਈ ਭਰਮ ਨਾ ਕਰ, ਤੇਰੀ ਵਾ ਵੱਲ ਤਾਂ ਵੇਖੇ, ਅਸੀਂ ਖੱਲ ਲਾਹ ਛਡੀਏ। ਤੂੰ ਜਾਤਾ ਕੀ ਏ ਸਾਨੂੰ, ਤੇਰੇ ਲਈ ਜਾਨ ਵੀ ਦੇਣੀ ਪਏ ਤਾਂ ਅਸੀਂ ਕਦੀ ਦਰੇਗ ਨਹੀਂ ਕਰਨਾ। ਤੂੰ ਉਹਦਾ ਖ਼ਿਆਲ ਈ ਦਿਲੋਂ ਕੱਢ ਛੱਡ, ਉਹ ਹੁੰਦਾ ਕੌਣ ਏ ਸ਼ੁਹਦਾ, ਤੇਰਾ ਵਾਲ ਤਾਂ ਵਿੰਗਾ ਕਰ ਵੇਖੇ।"

ਉਹ ਹਮਜੋਲੀਏ ਹਮੀਦਾ, ਨੰਦਾ, ਅਮਰੂ ਤੇ ਵਧਾਵਾ ਸਦਾ ਹੀ ਇਹੋ ਜਿਹੀਆਂ ਗੱਲਾਂ ਨਾਲ ਉਸ ਨੂੰ ਹੌਂਸਲਾ ਦੇਈ ਰਖਦੇ। ਉਹ ਵੀ ਕਹਿੰਦਾ—"ਯਾਰੋ ਤੁਸੀਂ ਤੇ ਮੇਰੀ ਜਾਨ ਓ, ਆਪਣੇ ਵਿਚ ਤੇ ਤੁਹਾਡੇ ਵਿਚ ਮੈਂ ਕੋਈ ਫ਼ਰਕ ਨਹੀਂ ਵੇਖਦਾ। ਕੀ ਤੁਸੀਂ ਤੇ ਕੀਹ ਮੈਂ, ਬਸ ਧੜ ਈ ਵੱਖਰੇ ਨੇ, ਜਾਨ ਤੇ ਵਿਚੋਂ ਇਕ

ਏ, ਸਾਡੀਆਂ ਰੂਹਾਂ ਮਿਲੀਆਂ ਹੋਈਆਂ ਨੇ, ਰੂਹਾਂ। ਹੋਰ ਗੱਲ ਕੋਈ ਨਹੀਂ, ਪਰ ਇਹ ਜਿਹੜਾ ਜੇ ਨਾ ਖੈਰਾ, ਇਹ ਮੈਨੂੰ ਸਟ ਫੇਟ ਲਾਣੋਂ ਨਹੀਂ ਟਲੇਗਾ, ਮੇਰਿਆਂ ਬੰਦਿਆਂ ਨੂੰ ਵੀ ਖ਼ਰਾਬ ਕਰਦਾ ਰਹਿੰਦਾ ਏ।"

ਖੈਰ ਉਹ ਇਹੋ ਜਿਹੀਆਂ ਗੱਲਾਂ ਕਰਦਾ ਤੇ ਉਸ ਦੇ ਯਾਰ ਬੇਲੀ ਉਹਨੂੰ ਹੌਂਸਲਾ ਦਿੰਦੇ ਰਹਿੰਦੇ ਤੇ ਉਸ ਦੇ ਪਸੀਨੇ ਦੀ ਥਾਂ ਰਤ ਡੋਲ੍ਹਣ ਦੇ ਇਕਰਾਰ ਕਰਦੇ।

ਸਮੇਂ ਨੇ ਪਲਟਾ ਖਾਧਾ। ਪੁਲੀਸ ਨੇ ਉਹਦੇ ਘਰ ਤੇ ਛਾਪਾ ਮਾਰਿਆ, ਦਰਬੰਦੀ ਕਰ ਲਈ ਤੇ ਬੰਨ੍ਹ ਕੇ ਉਹਨੂੰ ਹਵਾਲਾਤ ਲੈ ਗਏ। ਇਲਜ਼ਾਮ ਇਹ ਸੀ ਕਿ ਉਹ ਚੋਰੀ ਦਾ ਮਾਲ ਲੈਂਦਾ ਏ। ਹਫ਼ੀਮ ਆਪਣੇ ਅੰਦਰ ਛੁਪਾ ਕੇ ਰਖਦਾ ਏ। ਲੁਕ ਛੁਪ ਕੇ ਸ਼ਰਾਬ ਵੀ ਕਢਾਂਦਾ ਏ। ਥਾਣੇਦਾਰ ਅਜੇ ਨਵਾਂ ਨਵਾਂ ਹੀ ਆਇਆ ਸੀ, ਉਹ ਉਹਦਾ ਜਾਣੂ ਨਹੀਂ ਸੀ। ਫਿਰ ਵੀ ਉਹ ਮੰਨ ਗਿਆ ਪਈ ਜੇ ਕੋਈ ਇਸ ਦਾ ਜ਼ਮਾਨਤੀ ਬਣ ਜਾਏ ਤਾਂ ਮੈਂ ਇਹਨੂੰ ਛਡ ਦਿਆਂਗਾ। ਹਵਾਲਾਤ ਵਿਚੋਂ ਉਸ ਨੇ ਆਪਣੇ ਕਾਮੇ ਨੂੰ ਆਖ ਘਲਿਆ ਪਈ ਜਾ ਕੇ ਹਮੀਦੇ ਨੂੰ ਕਹਿ ਦੇ ਕਿ ਮੇਰੀ ਜ਼ਮਾਨਤ ਦੇ ਕੇ ਮੈਨੂੰ ਛੁਡਾ ਲੈ ਜਾਵੇ। ਹਮੀਦਾ ਘਰ ਨਹੀਂ ਸੀ। ਕਾਮੇ ਨੇ ਆ ਕੇ ਦਸਿਆ ਇਸ ਤਰ੍ਹਾਂ ਉਸ ਨੇ ਰਹੀਮ, ਨੰਦੇ, ਅਮਰੂ ਤੇ ਹੋਰਨਾਂ ਯਾਰਾਂ ਬੇਲੀਆਂ ਨੂੰ ਸੁਨੇਹੇ ਘੱਲੇ ਪਰ ਕੋਈ ਕਿਧਰੇ ਗਿਆ ਸੀ, ਕੋਈ ਕਿਧਰੇ ਕੋਈ ਵੀ ਘਰ ਨਾ ਮਿਲਿਆ। ਉਹਨੂੰ ਹਵਾਲਾਤ ਵਿਚ ਥਾਣੇਦਾਰ ਨੇ ਇਹ ਖ਼ਬਰ ਪੁਚਾਈ। ਅਫ਼ਸੋਸ ਤਾਂ ਉਨ੍ਹਾਂ ਨੂੰ ਬੜਾ ਹੋਇਆ, ਪਰ ਕਹਿਣ ਲਗਾ: "ਕੁਝ ਰੱਬ ਨੂੰ ਹੀ ਇਹ ਮਨਜ਼ੂਰ ਸੀ ਨਹੀਂ ਤੇ ਜਿਸ ਵੇਲੇ ਮੇਰੀ ਬਾਬਤ ਮੇਰਿਆਂ ਸੰਗੀਆਂ ਬੇਲੀਆਂ ਨੂੰ ਪਤਾ ਲੱਗਾ, ਉਨ੍ਹਾਂ ਦਾ ਖਾਣ ਪੀਣ ਹਰਾਮ ਹੋ ਜਾਣਾ ਏਂ। ਚੰਗਾ, ਇਹ ਦਿਨ ਵੀ ਵੇਖਣੇ ਸਨ।"

ਅੱਠ ਪਹਿਰ ਲੰਘ ਗਏ। ਕੋਈ ਜ਼ਮਾਨਤ ਦੇਣ ਵਾਲਾ ਨਾ ਬਹੁੜਿਆਂ! ਅਖ਼ੀਰ ਦੂਜੇ ਦਿਨ ਥਾਣੇਦਾਰ ਕੋਲ ਇਕ ਬੰਦਾ ਆਇਆ ਤੇ ਕਹਿਣ ਲਗਾ, "ਜਨਾਬ ਮੈਂ ਜ਼ਮਾਨਤ ਦਿੰਦਾ ਆਂ ? ਪਰ ਇਸ ਸ਼ਰਤ ਤੇ ਕਿ ਉਸ ਨੂੰ ਮੇਰਾ ਨਾਂ ਨਾ ਦਸਿਆ ਜਾਏ।" ਥਾਣੇਦਾਰ ਹੈਰਾਨ ਤੇ ਹੋਇਆ ਪਰ ਕਹਿਣ ਲਗਾ,......"ਅਸਾਂ ਕਾਹਨੂੰ ਦਸਣਾ ਏ ਤੇਰਾ ਨਾਂ, ਸਾਨੂੰ ਤਾਂ ਲੋੜ ਇਹ ਵੇਖਣ ਦੀ ਏ ਕਿ ਤੇਰੇ ਹੱਥ ਪੱਲੇ ਵੀ ਕੁਝ ਹੈ ਕਿ ਨਹੀਂ।"

ਆਉਣ ਵਾਲੇ ਨੇ ਹੱਸ ਕੇ ਜਵਾਬ ਦਿੱਤਾ, "ਜਨਾਬ, ਮੈਂ ਇਸ ਦੇ ਪਿੰਡ ਦਾ ਨੰਬਰਦਾਰ ਹਾਂ ਤੇ ਮੇਰਾ ਨਾਂ ਖੈਰਦੀਨ ਏ, ਜਾਪਦਾ ਏ, ਤੁਸਾਂ ਮੈਨੂੰ ਸੰਞਾਤਾ ਨਹੀਂ।" ਥਾਣੇਦਾਰ ਨੇ ਜ਼ਮਾਨਤ ਲੈ ਲਈ। ਖੈਰੇ ਨੇ ਘੋੜੀ ਨੂੰ ਅੱਡੀ ਮਾਰੀ ਤੇ ਹਵਾ ਨਾਲ

ਗੱਲਾਂ ਕਰਦਾ ਹੋਇਆ ਵਗ ਗਿਆ। ਪਰ ਥਾਣੇ ਵਿਚੋਂ ਤੁਰਨ ਲਗਿਆਂ ਇੰਨੀ ਗੱਲ ਜ਼ਰੂਰ ਕਹਿ ਗਿਆ—"ਜਨਾਬ ਯਕੀਨ ਜਾਣੋਂ, ਉਹ ਬੰਦਾ ਇਹੋ ਜਿਹਾ ਨਹੀਂ ਜੇ, ਰੱਬ ਜਾਣੇ ਇਸ ਦੇ ਕਿਹੜੇ ਵੈਰੀ ਨੇ ਇਸ ਨੂੰ ਫਸਾਣ ਲਈ ਇਹ ਜਾਲ ਵਿਛਾਇਆ ਏ।"

ਥਾਣੇਦਾਰ ਨੇ ਹੱਸ ਕੇ ਕਿਹਾ, "ਭਈ, ਅਸੀਂ ਲੋਕਾਂ ਦੇ ਘਰ ਤਾਂ ਨਹੀਂ ਝਾਕਦੇ ਫਿਰਦੇ, ਸਾਨੂੰ ਵੀ ਖ਼ਬਰ ਦੇਣ ਵਾਲਾ ਤੁਹਾਡੇ ਪਿੰਡ ਦਾ ਬੰਦਾ ਇਸ ਦਾ ਕੋਈ ਯਾਰ ਬੇਲੀ ਈ ਏ ਨਾ।"

ਜ਼ਮਾਨਤ ਮਨਜ਼ੂਰ ਹੋ ਗਈ। ਥਾਣੇਦਾਰ ਨੇ ਉਸ ਨੂੰ ਬੁਲਾਇਆ ਤੇ ਕਹਿਣ ਲਗਾ—"ਲੈ ਭਾਈ ਤੂੰ ਹੁਣ ਜਾ, ਤੇਰੀ ਜ਼ਮਾਨਤ ਸਾਨੂੰ ਮਿਲ ਗਈ ਏ, ਜਦੋਂ ਫਿਰ ਬੁਲਾਈਏ ਹਾਜ਼ਰ ਹੋ ਜਾਵੀਂ।"

ਉਸ ਨੇ ਥਾਣੇਦਾਰ ਨੂੰ ਸਲਾਮ ਕੀਤਾ ਤੇ ਕਹਿਣ ਲਗਾ—"ਜਨਾਬ, ਮੈਂ ਇਹੋ ਜਿਹਾ ਬੰਦਾ ਨਹੀਂ ਜੇ, ਬੇਸ਼ੱਕ ਪਿੰਡੋਂ ਆਪ ਜਾ ਕੇ ਪੁਛ-ਪੜਤਾਲ ਕਰ ਲੌ। ਸਾਰੇ ਲੋਕ ਮੇਰੀ ਕਸਮ ਖਾਂਦੇ ਜੇ, ਮੈਂ ਜਾਣਨਾ ਹਾਂ ਇਹ ਜਿਹਦੀ ਕਰਤੂਤ ਏ, ਇਹ ਤਾਂ ਜਨਾਬ ਕੁਝ ਰੱਬ ਦਾ ਭਾਣਾ ਵਰਤ ਗਿਆ ਏ, ਕਿ ਮੇਰੇ ਯਾਰ ਬੇਲੀ ਇਸ ਵੇਲੇ ਬਾਹਰ ਗਏ ਹੋਏ ਨੇ, ਨਹੀਂ ਤਾਂ ਤੁਸੀਂ ਆਪ ਵੇਖ ਲੈਂਦੇ, ਮੈਂ ਕਿਹੋ ਜਿਹਾ ਬੰਦਾ ਹਾਂ।"

ਥਾਣੇਦਾਰ ਨੇ ਪੁਛਿਆ—"ਤੇਰੇ ਯਾਰ ਦੋਸਤ ਕਿਹੜੇ ਕਿਹੜੇ ਨੇ ?" ਤੇ ਉਸ ਨੇ ਉੱਤਰ ਦਿੱਤਾ—"ਉਂਜ ਤਾਂ ਜਨਾਬ ਬਸ ਇਕ ਖੈਰੇ ਨੂੰ ਛਡ ਕੇ ਸਾਰਾ ਪਿੰਡ ਈ ਮੇਰਾ ਆਪਣਾ ਏ, ਪਰ ਜੇ ਕਦੀ ਮੇਰੀ ਬਾਬਤ ਪੁਛਣਾ ਹੋਵੇ ਤਾਂ ਚੌਧਰੀ ਹਮੀਦਉਦੀਨ, ਚੌਧਰੀ ਅਮਰ ਸਿੰਘ, ਲਾਲਾ ਵਧਾਵਾ ਮਲ ਸ਼ਾਹੂਕਾਰ ਕੋਲੋਂ ਜੋ ਜੀ ਚਾਹੇ ਪੁਛ ਲੌ। ਮੈਂ ਜਨਾਬ ਕੋਈ ਇਹੋ ਜਿਹਾ ਬੰਦਾ ਨਹੀਂ ਹਾਂ।"

ਥਾਣੇਦਾਰ ਨੇ ਹੱਸ ਕੇ ਕਿਹਾ—"ਅੱਛਾ ਤੇ ਇਹ ਤੇਰੇ ਦੋਸਤ ਨੇ ?" ਤੇ ਉਸ ਨੇ ਕਿਹਾ—"ਦੋਸਤ ? ਨਹੀਂ ਸਗੋਂ ਭਰਾ ਕਹੋ, ਸਕੇ ਭਰਾ, ਅਸੀਂ ਤਾਂ ਇਕ ਦੂਜੇ ਉਤੋਂ ਜਾਨ ਵਾਰਦੇ ਹਾਂ। ਯਾਰੀ ਕੀਹਦਾ ਨਾਂ ਏ ?"

ਥਾਣੇਦਾਰ ਨੇ ਹੱਸ ਕੇ ਕਿਹਾ—"ਹਛਾ! ਚੰਗਾ ਜਾ ਭਾਈ ਜਾਹ ਤੇਰੇ ਜਾਨੀ ਦੋਸਤ ਤੈਨੂੰ ਉਡੀਕਦੇ ਹੋਣਗੇ। ਕਲ ਫਿਰ ਆਵੀਂ।"

ਉਹ ਚਲਾ ਗਿਆ ਪਰ ਜਾਂਦਿਆਂ ਹੋਇਆ ਉਸ ਨੇ ਇਕ ਕਚੀਚੀ ਵੱਟੀ ਤੇ ਕਿਹਾ—"ਖੈਰਿਆ, ਚੰਗਾ, ਹੱਥ ਤਾਂ ਕੀਤਾ ਈ ਨਾ, ਪਰ ਮੈਂ ਵੀ ਤੇਰੇ ਟੋਟੇ ਨਾ ਕੀਤੇ ਤਾਂ ਜੱਟ ਦਾ ਪੁੱਤਰ ਨਾ ਆਖੀਂ।"

ਸੰਤ ਸਿੰਘ ਸੇਖੋਂ

ਕੰਮ ਕਿ ਚੰਮ

ਅੰਬਾ ਆਪਣੀ ਮਾਂ ਦੇ ਨਾਂਹ ਨਾਂਹ ਕਰਦਿਆਂ ਵੀ ਟਰਾਂਸਪੋਰਟ ਕੰਪਨੀ ਵਿਚ ਕੰਡਕਟਰ ਜਾ ਬਣੀ ਸੀ। ਉਸ ਦਾ ਪਿਤਾ ਮਰ ਚੁੱਕਾ ਸੀ ਤੇ ਘਰ ਦੇ ਮੁਖ਼ਤਾਰ ਉਸ ਦਾ ਵੱਡਾ ਭਰਾ ਤੇ ਭਰਜਾਈ ਸਨ। ਸ਼ਾਇਦ ਅੰਬਾ ਦੀ ਮਾਂ ਦੀ ਨਾਂਹ ਦਾ ਕੁਝ ਅਸਰ ਵੀ ਹੋ ਜਾਂਦਾ, ਜੇ ਅੰਬਾ ਦੀ ਭਰਜਾਈ ਦੇ ਅਸਰ ਹੇਠਾਂ ਤੇ ਕੁਝ ਕੀਮਤਾਂ ਚੜ੍ਹੇ ਹੋਣ ਕਰਕੇ ਅੰਬਾ ਦਾ ਭਾਈ ਉਸ ਦੇ ਇਹ ਨੌਕਰੀ ਕਰ ਲੈਣ ਦੇ ਹੱਕ ਵਿਚ ਨਾ ਹੁੰਦਾ। ਪਰ ਇਸ ਤੋਂ ਇਹ ਅਨੁਮਾਨ ਨਹੀਂ ਲਗਾ ਲੈਣਾ ਚਾਹੀਦਾ ਕਿ ਅੰਬਾ ਦੇ ਭਾਈ ਤੇ ਭਰਜਾਈ ਦੇ ਦਿਲਾਂ ਵਿਚ ਅੰਬਾ ਲਈ ਕੋਈ ਸਨੇਹ ਭਾਵ ਨਹੀਂ ਸੀ। ਨਹੀਂ, ਉਹ ਅੰਬਾ ਦੇ ਉਤਨੇ ਹੀ ਸ਼ੁਭਚਿੰਤਕ ਸਨ ਜਿਤਨਾ ਕੋਈ ਭਾਈ ਭਰਜਾਈ ਹੋ ਸਕਦੇ ਹਨ। ਉਹ ਕਿਉਂ ਨਹੀਂ ਸਨ ਚਾਹੁੰਦੇ ਕਿ ਅੰਬਾ ਕਿਸੇ ਸਰਦੇ ਪੁਜਦੇ ਘਰ ਵਿਹਾਈ ਜਾਂਦੀ, ਜਿਨ੍ਹਾਂ ਦਾ ਚੰਗਾ ਤਕੜਾ ਵਪਾਰ ਹੁੰਦਾ ਜਾਂ ਕਿਸੇ ਚਾਂਦਨੀ ਚੌਕ ਵਰਗੇ ਬਾਜ਼ਾਰ ਵਿਚ ਬਜ਼ਾਜ਼ੀ ਦੀ ਨਹੀਂ ਤਾਂ ਮੁਨਿਆਰੀ ਦੀ ਹੱਟੀ ਹੁੰਦੀ, ਜਾਂ ਘਟੋ ਘਟ ਮੁੰਡਾ ਕਿਸੇ ਸਰਕਾਰੀ ਦਫ਼ਤਰ ਵਿਚ ਸੌ ਸਵਾ ਸੌ ਮਾਹਵਾਰ ਦਾ ਕਲਰਕ ਹੀ ਹੁੰਦਾ? ਦੁੱਖ ਤਾਂ ਇਹ ਸੀ ਕਿ ਅੰਬਾ ਦੇ ਮੂੰਹ ਉੱਤੇ ਮਾਤਾ ਦੇ ਦਾਗ਼ ਸਨ, ਤੇ ਜਿਸ ਘਰ ਨਾਲ ਵੀ ਅੰਬਾ ਦੇ ਭਾਈ ਨੇ ਅੰਬਾ ਦੇ ਸਾਕ ਦੀ ਗੱਲ ਤੋਰੀ ਸੀ, ਉਸ ਘਰ ਨੂੰ ਕਿਸੇ ਨਾ ਕਿਸੇ ਤਰ੍ਹਾਂ ਅੰਬਾ ਦੇ ਮੂੰਹ ਉੱਤੇ ਠਦੀਆਂ ਦੇ ਦਾਗ਼ਾਂ ਦਾ ਪਤਾ ਲਗ ਗਿਆ ਸੀ। ਅੰਬਾ ਨੂੰ ਇਉਂ ਜਾਪਦਾ ਸੀ ਜਿਵੇਂ ਉਨ੍ਹਾਂ ਦੇ ਗੁਵਾਂਢੀਆਂ ਦੀ ਧੀ ਸਰੂਪਾਂ, ਜੋ ਸਚਮੁੱਚ ਹੀ ਸੁਹਣੇ ਰੂਪ ਵਾਲੀ ਸੀ, ਉਨ੍ਹਾਂ ਘਰਾਂ ਪਾਸ ਉਸ ਦੀ ਚੁਗਲੀ ਜਾ ਕਰਦੀ ਸੀ। ਪਿਛਲੇ ਅਠਾਰਾਂ ਵੀਹ ਵਰ੍ਹੇ ਜਦੋਂ ਤੋਂ ਇਨ੍ਹਾਂ ਦੋਹਾਂ ਨੇ ਸੁਰਤ ਸੰਭਾਲੀ ਸੀ, ਜਿਸ ਤੋਂ ਇਹ ਵੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਅੰਬਾ ਦੀ ਉਮਰ ਇਨ੍ਹਾਂ ਦਿਨਾਂ ਵਿਚ ਘਟੋ ਘਟ ਤੇਈ ਸਾਲ ਦੀ ਹੋਵੇਗੀ ਉਸ ਦੀ ਕੁੜਮਾਈ ਦੀਆਂ ਗੱਲਾਂ ਹੁੰਦੀਆਂ ਨੂੰ ਵੀ ਪੰਜ ਸਾਲ ਤੋਂ ਉਪਰ ਹੋ ਗਏ ਸਨ। ਸਰੂਪਾਂ ਉਸ ਨੂੰ ਧੁੰਦਲ ਉੱਤੇ ਕਣੀਆਂ ਪਈਆਂ ਹੋਈਆਂ ਆਖ ਕੇ ਚਿੜਾ ਹੀ ਨਹੀਂ ਜਲਾ ਦਿਆ ਕਰਦੀ ਰਹੀ ਸੀ। ਪਰ ਸਰੂਪਾਂ ਜਾਂ ਕਿਸੇ ਹੋਰ ਚੁਗ਼ਲਖੋਰ ਨੂੰ ਵੀ

ਕੀ ਦੋਸ਼ ਦੇਣਾ ਹੋਇਆ, ਜਦ ਜਿਸ ਕਲਜੁਗ ਦੇ ਸਮੇਂ ਜਾਂ ਤਾਂ ਮੁੰਡੇ ਆਪ ਕੁੜੀ ਨੂੰ ਦੇਖਣ ਦੀ ਮੰਗ ਕਰ ਦਿੰਦੇ ਸਨ ਤੇ ਜਾਂ ਘਟੋ ਘਟ ਕਿਸੇ ਭੈਣ ਭਰਜਾਈ ਨੂੰ ਕੁੜੀ ਵੇਖਣ ਭੇਜ ਦਿੰਦੇ ਸਨ। ਅੰਬਾ ਕਿਸੇ ਮੁੰਡੇ ਨੂੰ ਇਸ ਤਰ੍ਹਾਂ ਦਿਖਾਈ ਤਾਂ ਭਾਵੇਂ ਨਹੀਂ ਸੀ ਗਈ ਪਰ ਕਈ ਜ਼ਨਾਨੀਆਂ ਉਸ ਨੂੰ ਇਸ ਤਰ੍ਹਾਂ ਆ ਕੇ ਦੇਖ ਗਈਆਂ ਸਨ, ਤੇ ਪਤਾ ਨਹੀਂ ਉਨ੍ਹਾਂ ਜ਼ਨਾਨੀਆਂ ਦੇ ਮਨਾਂ ਵਿਚੋਂ ਆਪਣੀ ਜ਼ਾਤ ਲਈ ਹਮਦਰਦੀ ਕਿਸ ਤਰ੍ਹਾਂ ਬਿਲਕੁਲ ਹੀ ਖ਼ਤਮ ਹੋ ਗਈ ਸੀ, ਕਿਸੇ ਨੇ ਵੀ ਅੰਬਾ ਨੂੰ ਪਸੰਦ ਨਹੀਂ ਸੀ ਕੀਤਾ। ਤੇ ਅਚੰਭੇ ਦੀ ਗੱਲ ਇਹ ਸੀ ਕਿ ਸਮੇਂ ਸਮੇਂ ਅੰਬਾ ਨੂੰ ਦੇਖਣ ਆਈਆਂ ਇਨ੍ਹਾਂ ਜ਼ਨਾਨੀਆਂ ਵਿਚੋਂ ਇਕ ਦੇ ਆਪਣੇ ਦੰਦ ਉੱਚੇ ਸਨ ਤੇ ਉਹ ਕੇਵਲ ਵਿਆਹੀ ਹੋਈ ਹੀ ਨਹੀਂ, ਚਹੁੰ ਬੱਚਿਆਂ ਦੀ ਮਾਂ ਸੀ ਅਤੇ ਇਕ ਹੋਰ ਦੇ ਮੂੰਹ ਦੀ ਧੁੰਦਲੀ ਉੱਤੇ ਤਾਂ ਅੰਬਾ ਨਾਲੋਂ ਵੀ ਵਧੇਰੇ ਕਣੀਆਂ ਪਈਆਂ ਹੋਈਆਂ ਸਨ। ਨੀ ਮਈਏ ਅੰਬਾ ਸੋਚਦੀ, ਤੇਰੇ ਵੀ ਮੈਂ ਪਸੰਦ ਨਾ ਆਈ, ਤੇ ਫਿਰ ਮੂੰਹ ਦੀ ਧੁੰਦਲੀ ਉੱਤੇ ਅੰਬਾ ਦੇ ਮੂੰਹ ਨਾਲੋਂ ਵੀ ਵਧੇਰੇ ਕਣੀਆਂ ਵਾਲੀ ਉਹ ਪਾਰਖੋ ਆਪ ਕੋਈ ਅਣਵਿਆਹੀ ਉਸਤਾਦਨੀ ਜਾਂ ਟਾਈਪਿਸਟ ਜਾਂ ਕੰਡਕਟਰ ਨਹੀਂ ਸੀ, ਉਹ ਵੀ ਕਿਸੇ ਦੇ ਘਰ ਦੀ ਰਾਣੀ ਸੀ ਜਿਸ ਦੇ ਸਬੂਤ ਵਿਚ ਉਸ ਦੇ ਹੱਥਾਂ, ਨੱਕ, ਕੰਨਾਂ ਵਿਚ ਦਸ ਤੋਲੇ ਸੋਨਾ ਪਿਆ ਹੋਇਆ ਸੀ। ਸ਼ਾਇਦ ਉਸ ਦੇ ਦੋ ਚਾਰ ਜੁਆਕ ਵੀ ਹੋਣ ਪਰ ਉਹ ਨਾਲ ਕਿਸੇ ਨੂੰ ਨਹੀਂ ਸੀ ਲਿਆਈ ਤੇ ਪਤਾ ਨਹੀਂ ਉਸ ਨੂੰ ਕਿਸ ਗੱਲ ਦਾ ਹੌਂਸਲਾ ਸੀ, ਉਸ ਦਸ ਤੋਲੇ ਸੋਨੇ ਤੋਂ ਬਿਨਾਂ, ਕਿ ਉਸ ਦਾ ਸਰੀਰ ਕਿਧਰੋਂ ਵੀ ਢਿੱਲਾ ਨਹੀਂ ਸੀ ਹੋਇਆ ਹੋਇਆ।

ਤੇ ਜੇ ਕੋਈ ਜੁਆਕ ਨਹੀਂ ਹਾਲੀ ਤਕ, ਅੰਬਾ ਸੋਚਦੀ ਤੇ ਨਾ ਕੋਈ ਹੋਇਆ ਦੋ ਚਾਰ ਸਾਲ, ਤਾਂ ਵੀ ਮੇਰੇ ਵਾਕਰ ਕਿਤੇ ਦਿੱਲੀ ਟਰਾਂਸਪੋਰਟ ਵਿਚ ਕੰਡਕਟਰੀ ਦੀ ਆਸਾਮੀ ਹੀ ਭਾਲੇਗੀ ਤੇ ਇਸ ਪੁਰ ਅੰਬਾ ਦੇ ਹੋਠਾਂ ਉੱਤੇ ਜ਼ਰਾ ਮੁਸਕਾਨ ਆ ਜਾਂਦੀ।

ਹੁਣ ਜਦੋਂ ਅੰਬਾ ਨੇ ਇਹ ਕੰਡਕਟਰੀ ਕਰਨੀ ਮੰਨ ਲਈ ਸੀ ਤਾਂ ਉਸ ਦੀ ਉਮਰ ਪੰਝੀ ਸਾਲ ਤੋਂ ਘਟ ਨਹੀਂ ਸੀ, ਤੇ ਉਸ ਦੇ ਭਰਾ ਭਰਜਾਈ ਥਕ ਚੁੱਕੇ ਸਨ ਉਸ ਲਈ ਮੁੰਡਾ ਲਭਦੇ। ਪਰ ਇਹ ਮਹੀਨਾ ਜਿਹੜਾ ਉਸ ਨੇ ਕੰਡਕਟਰੀ ਕੀਤੀ ਸੀ, ਉਸ ਦਾ ਚੋਖਾ ਅਨੰਦ ਦਾ ਲੰਘਿਆ ਸੀ। ਭਾਵੇਂ ਕਸ਼ਮੀਰੀ ਦਰਵਾਜ਼ੇ ਤੋਂ ਲੈ ਕੇ ਲੰਧੀ ਗੇਟ ਤਕ ਟਿਕਟ ਕੱਟਦੀ, ਮੁਸਾਫ਼ਰਾਂ ਨੂੰ ਚੜ੍ਹਾਂਦੀ ਤੇ ਉਤਾਰਦੀ ਦੀਆਂ ਖੜੀ ਦੀਆਂ ਲੱਤਾਂ ਗੋਡਿਆਂ ਤੋਂ ਟੁੱਟਣ ਵਾਲੀਆਂ ਹੋ ਜਾਂਦੀਆਂ; ਉਸ ਨੂੰ ਇਹ ਨੌਕਰੀ

ਹਾਲੀਂ ਚੰਗੀ ਲਗਣੋਂ ਹਟੀ ਨਹੀਂ ਸੀ। ਇਕ ਗੱਲ ਕਈ ਮਨੁੱਖ ਮੁਸਾਫਰ ਆ ਕੇ ਉਸ ਨੂੰ ਦੇਖਦੇ ਤਾਂ ਉਨ੍ਹਾਂ ਦੀਆਂ ਐਖਾਂ ਵਿਚੋਂ ਅੰਬਾ ਨੂੰ ਇਕ ਕਿਸਮ ਦੀ ਆਪਣੀ ਜਿੱਤ ਦਾ ਝਲਕਾਰਾ ਪੈਂਦਾ। ਇਹ ਠੀਕ ਸੀ ਕਿ ਬਹੁਤੇ ਇਹੋ ਜਿਹੇ ਮਨੁੱਖ ਮੁਸਾਫ਼ਰ ਪੈਂਤੀ ਚਾਲੀ ਟੱਪੇ ਹੋਏ ਹੁੰਦੇ ਸਨ। ਜਵਾਨ ਮੁੰਡੇ ਜੇ ਅੰਬਾ ਦੀਆਂ ਅੱਖਾਂ ਵੱਲ ਦੇਖਦੇ ਤਾਂ ਉਨ੍ਹਾਂ ਦੀਆਂ ਅੱਖਾਂ ਵਿਚ ਅੰਬਾ ਨੂੰ ਸ਼ਰਾਰਤ ਦੀ ਲਿਸ਼ਕ ਦਿਸਦੀ, ਜਿਵੇਂ ਉਹ ਅੰਬਾ ਉੱਤੇ ਹੱਸ ਰਹੇ ਹੋਣ। ਅਤੇ ਉਸ ਅਣਹੋਈ ਸਰੂਪਾਂ ਵਾਕਰ ਉਸ ਦੇ ਮੂੰਹ ਦੀ ਧੁੱਦਲ ਉੱਤੇ ਕਣੀਆਂ ਪਈਆਂ ਹੋਣ, ਪਰ ਅੰਬਾ ਇਹੋ ਜਿਹੇ ਜਵਾਨ ਮੁੰਡਿਆਂ ਦਾ ਏਡਾ ਖ਼ਿਆਲ ਹੀ ਨਹੀਂ ਕਰਦੀ, ਝੱਟ ਟਿਕਟ ਕੱਟ ਕੇ ਪੈਸੇ ਲੈ ਕੇ ਪਰੇ ਹੁੰਦੀ। ਪਰ ਅੱਧਖੜ ਮਨੁੱਖਾਂ ਪਾਸ ਟਿਕਟ ਕੱਟਣ ਜਾਣ ਦਾ ਉਸ ਨੂੰ ਰਸ ਆ ਜਾਂਦਾ। ਉਨ੍ਹਾਂ ਦੇ ਕੋਲ ਖਲੋ ਕੇ ਅੰਬਾ ਨੂੰ ਆਪਣੇ ਲੜਕਪਣ ਉੱਤੇ ਮਾਣ ਜਿਹਾ ਹੋ ਜਾਂਦਾ। ਇਕ ਦਿਨ ਤਾਂ ਇਕ ਅਜਿਹੇ ਮੁਸਾਫ਼ਰ ਨੇ ਆਪਣੇ ਸਾਥੀ ਨਾਲ ਜੋ ਉਸ ਦੀ ਪੰਜ ਕੁ ਜੁਆਕਾਂ ਵਾਲੀ ਥਲ ਥਲ ਕਰਦੀ ਵਹੁਟੀ ਹੀ ਸੀ, ਅੰਬਾ ਦੀ ਉਮਰ ਦਾ ਅੰਦਾਜ਼ਾ ਸਤਾਰਾਂ ਕੁ ਸਾਲ ਦਾ ਹੀ ਲਗਾਇਆ ਸੀ। ਏਡੀ ਛੋਟੀ ਉਮਰ ਦੀਆਂ ਕੁੜੀਆਂ ਨੂੰ ਮੁਲਾਜ਼ਮ ਰਖ ਲੈਣ ਦੀ ਕਾਨੂੰਨ ਵਲੋਂ ਆਗਿਆ ਨਹੀਂ ਹੋਣੀ ਚਾਹੀਦੀ, ਉਸ ਨੇ ਆਖਿਆ ਸੀ। ਉਸ ਦੀ ਥਲ ਥਲ ਕਰਦੀ ਸਾਥਣ ਨੇ ਜਵਾਬ ਦਿੱਤਾ ਸੀ, ਇਹ ਸਤਾਰਾਂ ਸਾਲ ਦੀ ਨਹੀਂ, ਘਟੋ ਘਟ ਵੀਹ ਸਾਲ ਦੀ ਹੋਵੇਗੀ। ਅੰਬਾ ਦਾ ਜੀ ਕੀਤਾ ਕਿ ਜੇ ਕਾਨੂੰਨ ਆਗਿਆ ਦਿੰਦਾ ਹੋਵੇ, ਅਤੇ ਉਸ ਦਾ ਮਰਦ ਵੀ ਉਸ ਦੇ ਨਾਲ ਨਾ ਉਤਰੇ ਤਾਂ ਅੰਬਾ ਉਸ ਨੂੰ ਇਕ ਪਲ ਭੀ ਬਸ ਵਿਚ ਬੈਠਣ ਨਾ ਦੇਵੇ। ਤੇ ਬਾਕੀ ਖਲੋਤੇ ਖਲੋਤੇ ਥੱਕ ਜਾਣ ਵਾਲੀ ਗੱਲ, ਦਾ ਵੀ ਅੰਬਾ ਪਾਸ ਇਕ ਇਲਾਜ ਸੀ, ਭਾਵੇਂ; ਇਸ ਵਿਚ ਜ਼ਰਾ ਕੁਝ ਸ਼ਰਾਰਤ ਦਾ ਅੰਸ਼ ਆ ਜਾਂਦਾ ਸੀ ਪਰ ਅੰਬਾ ਸੋਚਦੀ ਇਤਨੀ ਕੁ ਸ਼ਰਾਰਤ ਇਸ ਉਮਰ ਵਿਚ ਮੁਆਫ਼ ਹੋਣੀ ਚਾਹੀਦੀ ਹੈ ਤੇ ਫਿਰ ਉਨ੍ਹਾਂ ਮਨੁੱਖਾਂ ਨਾਲੇ ਜੋ ਉਸ ਦੇ ਮਾਪਿਆਂ ਵਰਗੇ ਸਨ। ਉਹ ਸ਼ਰਾਰਤ ਕੇਵਲ ਇਹ ਸੀ ਕਿ ਕਈ ਵਾਰ ਟਿਕਟ ਕੱਟਣ ਸਮੇਂ ਅੰਬਾ ਕਿਸੇ ਇਹੋ ਜਿਹੇ ਮਨੁੱਖ ਨਾਲ ਲਗ ਕੇ, ਉਸ ਦੇ ਉੱਤੇ ਥੋੜ੍ਹਾ ਜਿਹਾ ਆਪਣਾ ਭਾਰ ਪਾ ਕੇ ਖਲੋ ਜਾਂਦੀ, ਤੇ ਆਦਮੀ ਵਿਚ ਜੇ ਅਜਿਹੀ ਕਮਜ਼ੋਰੀ ਹੁੰਦੀ ਕਿ ਅੰਬਾ ਨੂੰ ਸਾਫ਼ ਦਿਸ ਪੈਂਦਾ, ਕਿ ਉਹ ਆਦਮੀ ਜਿਸ ਨਾਲ ਉਹ ਇਉਂ ਸਹਾਰਾ ਲੈ ਕੇ ਖੜੀ ਹੁੰਦੀ, ਇਸ ਕਾਰਣ ਬੜਾ ਖੁਸ਼ ਹੁੰਦਾ।

ਪਰ ਨਿਗੁਣਿਆ, ਜੇ ਤੂੰ ਕੰਵਾਰਾ ਜਾਂ ਏਡੀ ਵੱਡੀ ਉਮਰ ਹੋਣ ਦੇ ਕਾਰਣ ਤਿੰਨਾਂ ਜੁਆਕਾਂ ਦਾ ਪਿਉ ਰੰਡਾ ਵੀ ਹੋਵੇਂ ਤੇ ਮੇਰਾ ਭਰਾ ਤੈਨੂੰ ਮੇਰੇ ਸਾਕ ਲਈ ਆਖੇ ਤਾਂ

ਤੂੰ ਮੈਨੂੰ ਵੇਖਣਾ ਮੰਗੇਂ ਤੇ ਮੇਰੇ ਮੂੰਹ ਤੇ ਮਾਤਾ ਦੇ ਦਾਗ਼ਾਂ ਨੂੰ ਦੇਖ ਕੇ ਸਿਰ ਫੇਰ ਜਾਵੇਂ, ਅੰਬਾ ਸੋਚਦੀ। ਉਸ ਨੂੰ ਯਾਦ ਸੀ ਅਜਿਹੇ ਹੀ ਇਕ ਪੈਂਤੀ ਸਾਲ ਤੋਂ ਟੱਪੇ ਹੋਏ ਤਿੰਨ ਜੁਆਕਾਂ ਦੇ ਪਿਉ ਨੇ ਜਿਸ ਦੀ ਪਹਿਲੀ ਪਤਨੀ ਮਰੀ ਨੂੰ ਮਸਾਂ ਛੇ ਕੁ ਮਹੀਨੇ ਹੋਏ ਸਨ, ਉਸ ਨੂੰ ਕਿਸੇ ਬਹਾਨੇ ਦੇਖਿਆ ਸੀ ਤੇ ਫਿਰ ਆਖ ਦਿੱਤਾ ਸੀ ਕਿ ਅੰਬਾ ਦੇ ਮੂੰਹ ਦੇ ਦਾਗ਼ਾਂ ਦੀ ਉਸ ਨੂੰ ਏਡੀ ਪਰਵਾਹ ਨਹੀਂ ਸੀ ਜੇ ਅੰਬਾ ਦਾ ਕੱਦ ਜ਼ਰਾ ਲੰਬਾ ਹੁੰਦਾ। ਉਦੋਂ ਤੋਂ ਅੰਬਾ ਨੂੰ ਆਪਣੇ ਕੱਦ ਦੇ ਮੱਧਰੇ ਹੋਣ ਦਾ ਇਹਸਾਸ ਵੀ ਜ਼ਰਾ ਚੁਭਵਾਂ ਜਿਹਾ ਹੋਣ ਲਗ ਗਿਆ ਸੀ।

ਇਕ ਦਿਨ ਅਜਿਹੇ ਹੀ ਇਕ ਤੀਹ ਸਾਲ ਦੇ ਮੁਸਾਫ਼ਰ ਦੇ ਉੱਤੇ ਜਰਾ ਭਾਰ ਪਾ ਕੇ ਅੰਬਾ ਟਿਕਟ ਕੱਟ ਰਹੀ ਸੀ ਕਿ ਉਸ ਮੁਸਾਫ਼ਰ ਨੇ ਹੌਲੀ ਜਿਹੇ ਆਪਣੀ ਬਾਂਹ ਅੰਬਾ ਦੀ ਪਿੱਠ ਪਿਛੇ ਲਗਾ ਦਿੱਤੀ ਸੀ, ਉਸ ਨੂੰ ਹੋਰ ਸਹਾਰਾ ਦੇਣ ਲਈ। ਉਸ ਦੇ ਇਸ ਤਰ੍ਹਾਂ ਕਰਨ ਪੁਰ ਅੰਬਾ ਇਸ ਸੁਪਨੇ ਵਿਚ ਜਾਗ ਪਈ ਸੀ। ਉਸ ਨੇ ਸਾਵਧਾਨ ਆਪਣੇ ਭਾਰ ਖੜੀ ਹੋ ਕੇ ਉਸ ਮੁਸਾਫ਼ਰ ਵੱਲ ਤਕਿਆ ਸੀ ਤਾਂ ਉਸ ਦੀ ਹੈਰਾਨੀ ਦੀ ਹੱਦ ਨਹੀਂ ਸੀ ਰਹੀ, ਇਹ ਦੇਖ ਕੇ ਇਹੋ ਮੁਸਾਫ਼ਰ ਤਿੰਨ ਕੁ ਸਾਲ ਪਹਿਲਾਂ ਅੰਬਾ ਦੇ ਸਾਕ ਤੋਂ ਨਾਂਹ ਕਰ ਚੁਕਾ ਸੀ। ਅੰਬਾ ਦਾ ਜੀ ਕੀਤਾ ਉਸ ਦੇ ਮੂੰਹ ਉੱਤੇ ਚਪੇੜ ਮਾਰੇ ਤੇ ਪੁਛੇ ਖਸਮਾਂ ਨੂੰ ਖਾਣਿਆਂ, ਹੁਣ ਮੇਰੇ ਚਿਹਰੇ ਤੇ ਦਾਗ ਸਾਫ਼ ਹੋ ਗਏ ਨੇ ਕਿ ਮੈਂ ਦੋ ਇੰਚ ਉਚੇਰੀ ਹੋ ਗਈ ਹਾਂ ? ਇਸ ਸਮੇਂ ਅੰਬਾ ਨੂੰ ਇਸਤਰੀ ਸਭਾ ਦੀ ਸਕੱਤਰ ਸਲੱਖਣਾ ਦੀ ਗੱਲ ਯਾਦ ਆ ਗਈ ਸੀ ਕਿ ਹੁਣ ਦੀ ਇਸਤਰੀ, ਸਮਾਜ ਦੇ ਜ਼ੁਲਮ ਹੇਠਾਂ ਲਿਤੜ ਕੇ ਵੇਸਵਾ ਨਹੀਂ ਬਣੇਗੀ। ਆਰਥਿਕ ਸਵਾਧੀਨਤਾ ਸਥਾਪਤ ਕਰ ਕੇ ਟਾਕਰਾ ਕਰੇਗੀ। ਇਸ ਸਮੇਂ ਅੰਬਾ ਨੂੰ ਆਪਣੀ ਇਸ ਆਰਥਿਕ ਸਵਾਧੀਨਤਾ ਦਾ ਇਕ ਸੁਹਣਾ, ਜਿੱਤ ਭਰਿਆ ਅਨੁਭਵ ਹੋਇਆ ਸੀ ਤੇ ਉਹ ਇਸ ਤੀਹ ਸਾਲ ਦੀ ਉਮਰ ਦੇ ਮੁਸਾਫ਼ਰ ਨੂੰ ਮੁਆਫ਼ ਕਰ ਕੇ ਦੂਜੇ ਥਾਂ ਜਾ ਖੜੀ ਹੋਈ ਸੀ।

ਇਸ ਵਿਚ ਸ਼ੱਕ ਨਹੀਂ ਕਿ ਜਿਸ ਦਿਨ ਤੋਂ ਅੰਬਾ ਇਸ ਨੌਕਰੀ ਉੱਤੇ ਲਗੀ ਸੀ, ਉਸਨੂੰ ਆਪਣੀ ਸਿਹਤ ਵਿਚ ਫ਼ਰਕ ਪੈਂਦਾ ਹੋ ਰਿਹਾ ਮਹਿਸੂਸ ਹੁੰਦਾ ਸੀ। ਉਸ ਨੂੰ ਭੁੱਖ ਖ਼ੂਬ ਦਿਲ ਖੋਲ੍ਹ ਕੇ ਲਗਦੀ ਸੀ ਅਤੇ ਭਾਵੇਂ ਉਹ ਇਨ੍ਹਾਂ ਰਾਸ਼ਨ ਵਾਲੇ ਦਿਨਾਂ ਵਿਚ ਰੋਟੀ ਪਹਿਲੋਂ ਜਿੰਨੀ ਹੀ ਖਾਂਦੀ ਸੀ, ਉਸ ਨੂੰ ਇਸ ਵਿਚੋਂ ਵਧੇਰੇ ਖ਼ੁਰਾਕ ਮਿਲਦੀ ਪ੍ਰਤੀਤ ਹੁੰਦੀ ਸੀ। ਪਹਿਲੇ ਹਫ਼ਤੇ ਜਿਵੇਂ ਉਸ ਦੀਆਂ ਲੱਤਾਂ ਖਲੋਤੀ ਦੀਆਂ ਟੁੱਟਣ ਲਗ ਜਾਂਦੀਆਂ ਸਨ, ਜਿਸ ਗੱਲ ਨੇ ਉਸ ਦਾ ਹੌਂਸਲਾ ਹੀ ਕਰੀਬ ਕਰੀਬ ਤੋੜ ਦਿੱਤਾ ਸੀ, ਤੇ ਉਸ ਨੂੰ ਡਰ ਲਗਦਾ ਸੀ ਕਿ ਉਹ ਸ਼ਾਇਦ ਬੀਮਾਰ ਹੋ

ਜਾਵੇ ਜਿਸ ਕਾਰਣ ਭਾਵੇਂ ਉਸ ਪਾਸੋਂ ਇਹ ਨੌਕਰੀ ਹੀ ਖੁਸ ਜਾਵੇ। ਪਰ ਦੂਜੇ ਹਫ਼ਤੇ ਤੋਂ ਉਸ ਦੀਆਂ ਲੱਤਾਂ ਥੋੜ੍ਹੀਆਂ ਥੱਕਣ ਲਗ ਪਈਆਂ ਸਨ, ਤੇ ਉਸ ਨੂੰ ਲਗਦਾ ਸੀ ਜਿਵੇਂ ਉਹ ਰੋਜ਼ ਪਹਿਲੋਂ ਨਾਲੋਂ ਤਕੜੀ ਹੋ ਰਹੀ ਸੀ। ਤੇ ਕੋਈ ਮੰਨੇ ਚਾਹੇ ਨਾ ਮੰਨੇ, ਉਸ ਨੂੰ ਸ਼ੀਸ਼ੇ ਵਿਚ ਆਪਣੇ ਚਿਹਰੇ ਦੇ ਦਾਗ਼ ਵੀ ਕੁਝ ਮੱਧਮ ਪੈਂਦੇ ਜਾਪਦੇ ਸਨ। ਇਸ ਮੌਕੇ ਉਹ ਆਪਣੀਆਂ ਉਂਗਲਾਂ ਦੇ ਪੋਟੇ; ਆਪਣੀਆਂ ਗਲ੍ਹਾਂ ਉੱਤੇ ਉਹਨੀਂ ਥਾਈਂ ਫੇਰਦੀ ਜਿਥੇ ਇਹ ਦਾਗ਼ ਵਧੇਰੇ ਡੂੰਘੇ ਸਨ, ਜਾਣੋਂ ਉਸ ਨੂੰ ਸ਼ੀਸ਼ੇ ਉੱਤੇ ਇਤਬਾਰ ਨਹੀਂ ਸੀ ਪੈਂਦਾ। ਉਸ ਦੀਆਂ ਉਂਗਲਾਂ ਦੇ ਪੋਟੇ ਖ਼ਬਰੇ ਉਸ ਦੇ ਸਾਹਮਣੇ ਹੋਣ ਕਰ ਕੇ ਝੂਠੀ ਮੂਠੀ ਤੇ ਖ਼ਬਰੇ ਸੱਚੇ ਭਾਵ ਨਾਲ ਸ਼ਾਹੀਦੀ ਦਿੰਦੇ ਜਾਪਦੇ ਕਿ ਇਹ ਦਾਗ਼ ਘਟ ਡੂੰਘੇ ਹੋ ਰਹੇ ਸਨ। ਪਰ ਫਿਰ ਅੰਬਾ ਆਪਣੇ ਆਪ ਨੂੰ ਆਖਦੀ ਹੁਣ ਮੈਨੂੰ ਇਨ੍ਹਾਂ ਦੇ ਡੂੰਘੇ ਜਾ ਗੂੜ੍ਹੇ ਹੋਣ ਦੀ ਪ੍ਰਵਾਹ ਨਹੀਂ, ਮੈਂ ਕਿਹੜਾ ਹੁਣ ਵਿਆਹ ਦੀ ਪਰੀਖਿਆ ਵਿਚ ਪੈਣਾ ਹੈ ? ਅਤੇ ਭਾਵੇਂ ਇਹ ਮੰਨਿਆਂ ਨਹੀਂ ਜਾ ਸਕਦਾ ਕਿ ਅੰਬਾ ਦੇ ਮਨ ਵਿਚ ਵਿਆਹ ਦੀ ਭਾਵਨਾ ਨਹੀਂ ਰਹੀ ਸੀ ਅਤੇ ਅਜਿਹੀ ਭਾਵਨਾ ਦਾ ਮਾਰਿਆ ਜਾਣਾ ਵੀ ਕੋਈ ਚੰਗੀ ਗੱਲ ਨਹੀਂ, ਇਹ ਜ਼ਰੂਰ ਸੀ ਕਿ ਅੰਬਾ ਦਾ ਵਰ ਘਰ ਪ੍ਰਾਪਤ ਨਾ ਹੋਣ ਦਾ ਝੁਰੇਵਾਂ ਬਹੁਤ ਘਟਦਾ ਜਾ ਰਿਹਾ ਸੀ।

ਕਲ ਉਸ ਨੂੰ ਮਹੀਨਾ ਖ਼ਤਮ ਹੋਣ ਪੁਰ ਤਨਖਾਹ ਮਿਲੀ ਸੀ, ਪੂਰਾ ਸੌ ਰੁਪਿਆ। ਇਹ ਸੌ ਰੁਪਿਆ ਲੈ ਕੇ ਅੰਬਾ ਜਿਹੜੇ ਉਤਸ਼ਾਹ ਨਾਲ ਘਰ ਪਹੁੰਚੀ ਸੀ, ਉਹ ਸ਼ਾਇਦ ਉਸ ਨੂੰ ਜੇ ਉਹ ਵਿਆਹੀ ਹੁੰਦੀ, ਪਹਿਲੇ ਬੱਚੇ ਦੇ ਜਣੇਪੇ ਲਈ ਪੇਕੇ ਘਰ ਆਉਂਦੀ ਨੂੰ ਵੀ ਨਾ ਹੁੰਦੀ। ਉਸ ਨੇ ਇਹ ਸੌ ਰੁਪਿਆ ਲਿਜਾ ਕੇ ਆਪਣੇ ਪਾਸ ਨਹੀਂ ਸੀ ਰਖਿਆ। ਉਹ ਇਸ ਤਰ੍ਹਾਂ ਖੁਦਗਰਜ਼ ਤੇ ਨਿਰਮੋਹੀ ਨਹੀਂ ਸੀ। ਪਰ ਨਾ ਹੀ ਉਸ ਨੇ ਇਹ ਰੁਪਿਆ ਲਿਜਾ ਕੇ ਮਾਂ ਨੂੰ ਦਿੱਤਾ ਸੀ, ਕਿਉਂਕਿ ਮਾਂ ਹੁਣ ਉਨ੍ਹਾਂ ਦੇ ਘਰ ਦੀ ਕਰਤਾ ਧਰਤਾ ਨਹੀਂ ਸੀ। ਇਹ ਸੌ ਰੁਪਿਆ ਉਸ ਨੇ ਜਾ ਕੇ ਆਪਣੀ ਭਰਜਾਈ ਨੂੰ ਦਿੱਤਾ ਸੀ, ਨੀਤੀ ਦੀ ਇਹ ਹੀ ਮੰਗ ਸੀ ਤੇ ਉਂਜ ਵੀ ਜੇ ਉਸ ਨੇ ਇਹ ਰੁਪਏ ਸਾਂਭ ਕੇ ਰਖਣੇ ਸਨ ਤਾਂ ਭਰਜਾਈ ਨੂੰ ਛੱਡ ਕੇ ਹੋਰ ਕਿਸ ਪਾਸ ਰਖ ਸਕਦੀ ਸੀ ? ਅੰਬਾ ਦਾ ਭਰਾ ਘਰ ਦਾ ਕਰਤਾ ਧਰਤਾ ਵੀ ਤਾਂ ਰੁਪਿਆ ਪੈਸਾ ਲਿਆ ਕੇ ਭਰਜਾਈ ਨੂੰ ਹੀ ਦਿੰਦਾ ਸੀ। ਭਰਜਾਈ ਹੀ ਇਸ ਘਰ ਦੀ ਭੰਡਾਰਨ ਸੀ।

''ਅੰਬਾ ਬੀਬੀ, ਤੂੰ ਆਪਣੇ ਰੁਪਏ ਅਲਹਿਦਾ ਰਖ, ਆਪਣੇ ਭਰਾ ਕੋਲ ਜਾਂ

ਡਾਕਖ਼ਾਨੇ ਵਿਚ ਜਮ੍ਹਾ ਕਰਵਾ ਦੇ। ਅਸਾਂ ਤੇਰੇ ਪੈਸੇ ਨਹੀਂ ਵਰਤਣੇ," ਭਰਜਾਈ ਨੇ ਆਖਿਆ ਸੀ।

"ਮੇਰਾ ਬੈਂਕ ਤਾਂ ਭਰਜਾਈ ਜੀ ਤੁਸੀਂ ਹੀ ਹੋ", ਅੰਬਾ ਨੇ ਜਵਾਬ ਦਿੱਤਾ ਸੀ।

"ਇਸ ਪੁਰ ਭਰਜਾਈ ਨੇ ਅੰਬਾ ਨੂੰ ਜੱਫੀ ਵਿਚ ਲੈ ਕੇ ਅੰਬਾ ਦਾ ਦਾਗਾਂ ਵਾਲਾ ਮੱਥਾ ਵੀ ਹਲਕਾ ਜਿਹਾ ਚੁੰਮਿਆ ਸੀ।

ਅੰਬਾ ਨੂੰ ਭਰਜਾਈ ਬੜੀ ਚੰਗੀ ਲਗੀ ਸੀ ਤੇ ਉਸ ਨੇ ਵੀ ਅਗੋਂ ਉਸ ਨੂੰ ਪਿਆਰ ਨਾਲ ਜ਼ੋਰ ਦਾ ਘੁਟਿਆ ਸੀ। ਸਚ ਹੈ ਕਮਾਂਦੇ ਖਾਂਦੇ ਨੂੰ ਦੁਨੀਆਂ ਪਿਆਰ ਕਰਦੀ ਹੈ ਤੇ ਪਿਆਰੀ ਭੀ ਲਗਦੀ ਹੈ।

ਪਰ ਗੱਲ ਤਾਂ ਕਰਨ ਵਾਲੀ ਅਜ ਦੀ ਹੈ; ਜਦੋਂ ਅੰਬਾ ਇਕ ਮੁਸਾਫ਼ਰ ਨੂੰ ਆਪਣੇ ਨਾਲ ਘਰ ਲਿਆਈ ਸੀ। ਉਹ ਮੁਸਾਫ਼ਰ ਜ਼ੋਰ ਲਾ ਰਿਹਾ ਸੀ ਗੁਆਂਢ ਦੇ ਕਿਸੇ ਘਰ ਜਾਣ ਲਈ ਤੇ ਅੰਬਾ ਉਸ ਨੂੰ ਕਹਿ ਰਹੀ ਸੀ ਘਬਰਾ ਨਾ, ਹੁਣੇ ਤੇਰੇ ਨਾਲ ਜਾ ਕੇ ਛੱਡ ਔਨੀ ਆਂ, ਮੂੰਹ ਹੱਥ ਧੋ ਲੈ।

ਅੱਜ ਜਿਸ ਵੇਲੇ ਅੰਬਾ ਆਪਣੇ ਦਿਨ ਦੇ ਅਖੀਰੀ ਫੇਰੇ ਕਸ਼ਮੀਰੀ ਦਰਵਾਜ਼ੇ ਵੱਲ ਨੂੰ ਆ ਰਹੀ ਸੀ; ਜਿਥੋਂ ਉਸ ਆਪਣੀ ਦਿਨ ਦੀ ਨੌਕਰੀ ਪੂਰੀ ਕਰ ਕੇ ਘਰ ਨੂੰ ਆਉਣਾ ਸੀ, ਤਾਂ ਉਸ ਨੂੰ ਇਹ ਮੁਸਾਫ਼ਰ ਬਸ ਵਿਚ ਮਿਲਿਆ ਸੀ। ਅੰਬਾ ਰੋਜ਼ ਵਾਕਰ ਹੀ ਕਿਤੇ ਜਵਾਨ ਮੁੰਡਿਆਂ ਤੇ ਇਸਤਰੀਆਂ ਤੋਂ ਬਚ ਕੇ ਖੜੀ ਹੋ ਕੇ ਤੇ ਕਿਤੇ ਅੱਧਖੜ ਮਨੁੱਖਾਂ ਨਾਲ ਸਹਾਰਾ ਟੇਕ ਕੇ ਟਿਕਟਾਂ ਦਿੰਦੀ ਆ ਰਹੀ ਸੀ ਕਿ ਪਹਿਲੀ ਸੀਟ ਉਤੇ ਆ ਕੇ ਉਸ ਨੇ ਮੁਸਾਫ਼ਰ ਪਾਸੋਂ "ਕਿਥੇ ਜਾਣਾ ਏ ?" ਪੁਛਿਆ ਸੀ। ਇਸ ਮੁਸਾਫ਼ਰ ਦਾ ਚਿਹਰਾ ਉਤਰਿਆ ਹੋਇਆ ਸੀ ਤੇ ਅੱਖਾਂ ਵਿਚ ਕੁਝ ਹੰਝੂ ਵੀ ਡਲ੍ਹਕੇ ਹੋਏ ਸਨ; ਪਰ ਆਪਣੇ ਕੰਮ ਵਿਚ ਵਿਗੁਤੀ ਅੰਬਾ ਨੇ ਉਸ ਦੀਆਂ ਅੱਖਾਂ ਵੱਲ ਕਿਥੋਂ ਦੇਖਣਾ ਸੀ ? ਕੇਵਲ ਉਸ ਮੁਸਾਫ਼ਰ ਦੇ ਭਰੜਾਏ ਹੋਏ ਬੋਲ ਨੇ ਅੰਬਾ ਦਾ ਧਿਆਨ ਉਸ ਵੱਲ ਖਿਚਿਆ ਸੀ।

"ਸਰੂਪਾਂ" ਅੰਬਾ ਨੇ ਹੈਰਾਨ ਹੋ ਕੇ ਆਖਿਆ ਸੀ।

"ਤੂੰ ਅੰਬਾ," ਉਸ ਭਰੜਾਏ ਹੋਏ ਬੋਲ ਨੇ ਜ਼ਰਾ ਸਾਫ਼ ਹੋ ਕੇ ਕਿਹਾ ਸੀ, "ਤੂੰ ਨੌਕਰੀ ਕਰ ਲਈ ਹੈ ?"

ਇਹ ਪਰਤੱਖ ਸੀ ਤੇ ਅੰਬਾ ਨੇ ਉਸ ਨੂੰ ਪਰਤੱਖ ਦਾ ਪਰਮਾਣ ਕੀ ਦੇਣਾ ਸੀ ? ਫਿਰ ਜਦ ਸਰੂਪਾਂ ਨੇ ਕਸ਼ਮੀਰੀ ਦਰਵਾਜ਼ਾ ਕਹਿ ਕੇ ਲੋੜੀਂਦਾ ਕਰਾਇਆ ਕਢ ਕੇ ਪੇਸ਼ ਕੀਤਾ ਸੀ, ਤਾਂ ਅੰਬਾ ਨੇ ਰਿਵਾਜਨ ਹੀ ਉਹ ਪੈਸੇ ਲੈਣ ਤੋਂ ਇਕ ਵਾਰ ਨਾਂਹ

ਕਰ ਦਿੱਤੀ ਸੀ, ਪਰ ਫਿਰ ਆਪਣੀ ਨੌਕਰੀ ਦੀ ਮਜਬੂਰੀ ਸਮਝ ਕੇ ਲੈ ਲਏ ਸਨ।

ਤਾਂ ਵੀ ਅੰਬਾ ਦੇ ਮਨ ਵਿਚ ਸਰੂਪਾਂ ਲਈ ਨਿੱਘ ਸੀ ਤੇ ਅੰਬਾ ਪੈਸੇ ਲੈ ਕੇ ਟਿਕਟ ਕਟ ਕੇ ਉਸ ਦੇ ਪਾਸ ਹੀ ਬੈਠ ਗਈ ਸੀ। ਉਦੋਂ ਸਰੂਪਾਂ ਨੇ ਦਸਿਆ ਸੀ ਕਿ ਉਹ ਕਿਉਂ ਇਕੱਲੀ ਅੱਜ ਇਸ ਬਸ ਵਿਚ ਕਸ਼ਮੀਰੀ ਦਰਵਾਜ਼ੇ ਆਪਣੇ ਪੇਕੇ ਘਰ ਜਾ ਰਹੀ ਸੀ ਤੇ ਕਿਉਂ ਉਸ ਦੀਆਂ ਅੱਖਾਂ ਵਿਚ ਹੰਝੂ ਸਨ। ਸਰੂਪਾਂ ਨੇ ਦਸਿਆ ਸੀ ਕਿ ਉਸ ਦਾ ਪਤੀ ਜੋ ਵਡੇ ਦਫ਼ਤਰ ਵਿਚ ਇਕ ਛੋਟਾ ਅਫ਼ਸਰ ਸੀ, ਆਪਣੇ ਘਰ ਇਕ ਦੂਜੀ ਇਸਤਰੀ ਲੈ ਆਇਆ ਸੀ, ਜੋ ਸਰੂਪਾਂ ਨਾਲੋਂ ਸੁਹਣੀ ਵੀ ਨਹੀਂ ਸੀ ਅਤੇ ਅੱਜ ਲੜਾਈ ਝਗੜੇ ਤੋਂ ਬਾਅਦ ਉਸ ਨੇ ਸਰੂਪਾਂ ਨੂੰ ਬਾਹੋਂ ਪਕੜ ਕੇ ਘਰੋਂ ਬਾਹਰ ਕੱਢ ਦਿੱਤਾ ਸੀ।

ਪਰ ਅੰਬਾ ਨੂੰ ਪੂਰਨ ਭਾਂਤ ਆਪਣੇ ਜੀਵਨ ਦੀ ਸਫ਼ਲਤਾ ਦਾ ਅਨੁਭਵ ਉਦੋਂ ਹੋਇਆ, ਜਦੋਂ ਅੰਬਾ ਸਰੂਪਾਂ ਨੂੰ ਉਸ ਦੇ ਪੇਕੇ ਛੱਡ ਕੇ ਵਾਪਸ ਆਈ। ਅੰਬਾ ਦੀ ਭਰਜਾਈ ਨੇ ਉਸ ਨੂੰ ਦਸਿਆ ਕਿ ਉਸ ਤਿੰਨ ਬੱਚਿਆਂ ਦੇ ਪਿਉ ਰੰਡੇ ਮਨੁੱਖ, ਜੋ ਕੁਝ ਸਾਲ ਪਹਿਲੋਂ ਅੰਬਾ ਦੇ ਸਾਕ ਤੋਂ ਨਾਂਹ ਕਰ ਚੁੱਕਿਆ ਸੀ, ਤੇ ਜਿਵੇਂ ਕੇਵਲ ਅੰਬਾ ਨੂੰ ਹੀ ਪਤਾ ਸੀ, ਇਕ ਦਿਨ ਅੰਬਾ ਨੂੰ ਬਸ ਵਿਚ ਉਸ ਦੀ ਨਵੀਂ ਪ੍ਰਾਪਤ ਹੋਈ ਸ਼ਕਤੀ ਦਾ ਸਬੂਤ ਦੇ ਚੁੱਕੇ ਸੀ, ਅੰਬਾ ਦੇ ਸਾਕ ਲਈ ਸੁਨੇਹਾ ਭੇਜਿਆ ਸੀ।

ਸੁਜਾਨ ਸਿੰਘ

ਖ਼ੂਨ

ਜ਼ਿਲ੍ਹਾ ਅੰਬਾਲਾ ਦੇ ਇਕ ਪਿੰਡ ਦੇ ਨਿਕੇ ਜਿਹੇ, ਮਹਾਂ ਵਿਦਿਆਲੇ ਦਾ ਮੈਂ ਅਧਿਆਪਕ ਸਾਂ। ਮੈਂ ਉਥੋਂ ਅੰਬਾਲੇ ਜਾਣਾ ਸੀ, ਇਕ ਕਾਨਫ਼ਰੰਸ ਦੇਖਣ, ਇਕ ਮਿੱਤਰ ਨੂੰ ਮਿਲਣ, ਡਾਕਟਰ ਤੋਂ ਦੰਦ ਦਾ ਇਲਾਜ ਕਰਵਾਉਣ ਤੇ ਖਵਰੇ ਹੋਰ ਕੀ ਕੀ ਕਾਰਨ, ਜੋ ਹੁਣ ਮੈਨੂੰ ਯਾਦ ਨਹੀਂ। ਜਿਸ ਸਟੇਸ਼ਨ ਤੋਂ ਮੈਂ ਗੱਡੀ ਚੜ੍ਹਨਾ ਸੀ, ਉਹ ਕੋਈ ਪੰਜ ਮੀਲ ਦੀ ਵਿੱਥ ਤੇ ਸੀ। ਮੈਂ ਤਪਦੇ ਸੂਰਜ ਦੀ ਦੁਪਹਿਰ ਵਿੱਚ ਦੋ ਕੁ ਮੀਲ ਪੈਂਡਾ ਕਰ ਚੁੱਕਾ ਸਾਂ ਜਦ ਪਹੇ ਵਿਚ ਮੈਨੂੰ ਦੋ 'ਅੰਨੇ' ਟੋਹਣੀ ਨਾਲ ਰਾਹ ਟੋਹ ਟੋਹ ਕੇ ਤੁਰੇ ਜਾਂਦੇ ਦਿਸੇ। ਮੈਂ ਕੋਲੋਂ ਲੰਘ ਹੀ ਤੁਰਿਆ ਸਾਂ ਜਦ ਉਨ੍ਹਾਂ ਵਿੱਚੋਂ ਅਗਲੇ ਨੇ ਅੰਮ੍ਰਿਤਸਰੀ ਪੰਜਾਬੀ ਵਿਚ 'ਸਰਦਾਰ ਜੀ' ਕਰ ਕੇ ਆਵਾਜ਼ ਮਾਰੀ ਮੈਂ ਹੈਰਾਨ ਹੋ ਕੇ ਖੜੋ ਗਿਆ।

"ਕਿਥੇ ਜਾਣਾ ਜੇ, ਸਰਦਾਰ ਜੀ ?" ਉਸ ਫਿਰ ਪੁਛਿਆ।

ਮੈਂ ਹੈਰਾਨ ਸਾਂ ਕਿ ਉਹ ਮੈਨੂੰ ਸਰਦਾਰ ਜੀ ਦੀ ਥਾਂ ਮੀਆਂ ਜੀ ਕਿਉਂ ਨਹੀਂ ਕਹਿੰਦਾ, ਜਦ ਕਿ ਉਸ ਦੀਆਂ ਅੱਖਾਂ ਵਿਚ ਡੇਲੇ ਹੀ ਨਹੀਂ ਹਨ। ਪਰ ਖ਼ੈਰ ਮੈਂ ਉੱਤਰ ਦਿੱਤਾ, "ਨਗਾਵੇ ਟੇਸ਼ਨ।"

ਗੱਡੀ ਆਉਣ ਵਿਚ ਕਿੰਨੀ ਦੇਰ ਹੈ ? ਉਸ ਕੁਝ ਅਧੀਨਗੀ ਜਿਹੀ ਨਾਲ ਪੁਛਿਆ।

ਮੈਂ ਕੋਟ ਦੀ ਬਾਂਹ ਖਿਚ ਕੇ ਘੜੀ ਦੇਖਦਿਆਂ ਕਿਹਾ, "ਚਾਲੀ ਕੁ ਮਿੰਟ।"

ਫਿਰ ਉਸ ਅੰਨੇ ਨੇ ਮਿੰਨਤ ਨਾਲ ਕਿਹਾ, "ਸਰਦਾਰ ਜੀ, ਜੇ ਤਕਲੀਫ਼ ਨਾ ਮੰਨੋ ਤਾਂ ਸਾਨੂੰ ਵੀ ਉਥੇ ਲੈ ਚਲੋ, ਇਸ ਤਰ੍ਹਾਂ ਤੇ ਅਸੀਂ ਪਹੁੰਚ ਨਹੀਂ ਸਕਦੇ।"

ਮੈਨੂੰ ਤਰਸ ਆ ਗਿਆ ਤੇ ਮੈਂ ਗਰਮੀ ਤੋਂ ਬਚਣ ਲਈ ਕੋਟ ਬਾਂਹ ਤੇ ਪਾ ਕੇ ਉਸ ਦੀ ਡੰਗੋਰੀ ਫੜ ਲਈ। ਟੋਇਆਂ ਟਿੱਬਿਆਂ ਤੋਂ ਬਚਾਉਂਦਾ, ਵਕ਼ਤ ਦੀ ਤੰਗੀ ਨੂੰ ਸਮਝਦਾ, ਮੈਂ ਆਪਣੀ ਤੇਜ਼ ਚਾਲੇ ਤੁਰਨ ਲੱਗ ਪਿਆ। ਰਾਹ ਵਿਚ ਮੈਂ ਪੁਛਿਆ, "ਯਾਰ ਸੂਰਮਾਂ ਸਿਹਾਂ, ਤੂੰ ਕਿਵੇਂ ਪਛਾਣ ਲਿਆ ਕਿ ਮੈਂ ਸਿੱਖ ਹਾਂ ?"

ਉਸ ਥੋੜ੍ਹਾ ਜਿਹਾ ਹੱਸ ਕੇ ਕਿਹਾ, "ਤੁਹਾਡੇ ਬੂਟਾਂ ਦੀ ਚਾਲ ਤੋਂ।"

"ਹੱਛਾ!" ਮੈਂ ਹੈਰਾਨੀ ਨਾਲ ਸੁਣ ਹੀ ਰਿਹਾ ਸਾਂ ਕਿ ਉਹ ਛੇਤੀ ਹੀ ਮੁੜ ਕੇ ਬੋਲਿਆ, "ਤੁਸੀਂ ਅੰਬਰਸਰੀਏ ਹੋ ਲੰਮੇ ਹੋ ਪਤਲੇ ਹੋ ਨਾਲੇ...ਕੁਝ ਕੁਝ ਸ਼ੁਕੀਨ ਜਿਹੇ ਜਾਪਦੇ ਹੋ।"

ਮੈਂ ਪੈਰੋ ਪੈਰ ਵੱਧਦੀ ਹੈਰਾਨੀ ਨੂੰ ਦਬਾਉਂਦਿਆਂ ਕਿਹਾ, "ਉਹ ਕਿੱਦਾਂ?"

"ਸਰਦਾਰ ਜੀ ਤੁਹਾਡੀ ਬੋਲੀ ਦਸਦੀ ਹੈ।"

ਮੈਂ ਸਮਝ ਗਿਆ ਕਿ ਇਹ ਕੋਈ ਮਾਮੂਲੀ ਆਦਮੀ ਨਹੀਂ ਅਤੇ ਫਿਰ ਪੁਛਿਆ. "ਯਾਰੋ ਜਾਣਾ ਕਿੱਥੇ ਜੇ?"

ਦੂਜਾ ਸੂਰਮਾ ਜੋ ਹਾਲੀ ਤਕ ਨਹੀਂ ਸੀ ਬੋਲਿਆ, ਬੜੀ ਸੁਰੀਲੀ ਆਵਾਜ਼ ਨਾਲ ਕਹਿਣ ਲੱਗਾ, "ਸਰਦਾਰ ਜੀ, ਅੰਬਾਲੇ।"

"ਕੀ ਕਰਨ?"

"ਕਾਨਫਰੰਸ ਵਿਚ...ਸਰਦਾਰ ਜੀ, ਓਥੇ ਇਕ ਕਾਨਫਰੰਸ ਹੋਣੀ ਹੈ। ਉਥੇ ਰਾਗ ਵੀ ਹੋਣਗੇ।"

"ਹਛਾ! ਤੁਸੀਂ ਰਾਗੀ ਹੋ?"

ਪਹਿਲੇ ਨੇ ਕਿਹਾ. "ਨਹੀਂ ਜੀ, ਐਵੇਂ ਮਾਮੂਲੀ ਠੀਹਾ-ਠੱਪਾ ਕਰ ਲਈਦਾ ਹੈ। ਮੈਂ ਜੋੜੀ ਵਜ਼ਾਉਨਾ ਹਾਂ ਤੇ ਮੇਰੇ ਨਾਲ ਦਾ ਗਾਉਂਦਾ ਹੈ।

ਇਸ ਤਰ੍ਹਾਂ ਰਾਗ ਉਤੇ ਗੱਲਾਂ ਛਿੜ ਪਈਆਂ, ਜਿਨ੍ਹਾਂ ਦੇ ਦੌਰਾਨ ਵਿਚ ਉਨ੍ਹਾਂ ਦਸਿਆ. ਰਾਗ ਕੀ ਹੈ, ਗੁਰਬਾਣੀ ਤੇ ਰਾਗ ਦਾ ਕੀ ਸੰਬੰਧ ਹੈ। ਗੁਰਬਾਣੀ ਵਿਚ ਰਾਗ ਨਾਲ 'ਘਰ' ਅੱਖਰ ਦਾ ਕੀ ਅਰਥ ਹੈ, ਸੁਰ ਕੀ ਹੁੰਦੀ ਹੈ, ਤਾਲ ਕੀ ਹੈ, ਸੁਰਾਂ ਤਾਲ ਵਿਚ ਕਿਵੇਂ-ਬੰਨ੍ਹਦੀਆਂ ਹਨ, ਇਕ ਰਾਗ ਦਾ ਦੂਸਰੇ ਨਾਲ ਫ਼ਰਕ ਕਿਵੇਂ ਬਣਦਾ ਹੈ ਮੋਟੇ ਮੋਟੇ ਰਾਗਾਂ ਦੇ ਗਾਣ ਸਮੇਂ ਕਿਹੜੇ ਹੁੰਦੇ ਹਨ ਤੇ ਰੁੱਤਾਂ ਕਿਹੜੀਆਂ, ਆਦਿ! ਉਨ੍ਹਾਂ ਨੇ ਬਾਜ਼ਾਰੀ, ਚਿਮਟਾ-ਪਾਰਟੀਆਂ ਤੇ ਆਮ ਗ਼ਜ਼ਲਾਂ ਗਾਣ ਵਾਲਿਆਂ ਤੇ ਕਰੜੀ ਪੜਚੋਲ ਕੀਤੀ। ਜਿਹੜੀ ਥੋੜ੍ਹੀ ਬਹੁਤ ਰਾਗ ਦੀ ਸਮਝ ਮੈਨੂੰ ਸੀ, ਉਸ ਤੋਂ ਉਹ ਸੱਚੇ ਪ੍ਰਤੀਤ ਹੋਣ ਲੱਗੇ। ਅੰਬਾਲੇ ਜਾ ਕੇ ਗਾਣ ਦਾ ਉਤਸ਼ਾਹ ਤੇ ਉਮਾਹ ਉਨ੍ਹਾਂ ਵਿਚ ਬਹੁਤ ਸੀ। ਸਟੇਸ਼ਨ ਤੋਂ ਅੱਧ ਕੁ ਮੀਲ ਦੀ ਵਿੱਥ ਤੇ ਦੂਸਰੇ ਸੂਰਮੇ ਨੇ ਸਾਡੇ ਕਦਮਾਂ ਦੇ ਤਾਲ ਤੇ ਬੰਨ੍ਹ ਕੇ ਇਕ ਚੀਜ਼ ਗਾਉਣੀ ਸ਼ੁਰੂ ਕੀਤੀ। ਮਾਲੂਮ ਹੁੰਦਾ ਹਿੰਦੁਸਤਾਨੀ ਗਾਇਨਾਚਾਰ ਕ੍ਰਿਸ਼ਨਾ ਰਾਵ ਤੋਂ ਉਹ ਮੈਨੂੰ ਤਾਲ ਵਿਚ ਪੱਕਾ ਮਾਲੂਮ

ਹੁੰਦਾ ਸੀ ਤੇ ਸਿਨੇਮਾ ਦੇ ਮਾਹਿਰ ਗਵੱਈਏ ਸਹਿਗਲ ਕੋਲੋਂ ਵੀ ਮਿੱਠਾ। ਉਸ ਦੀ ਮੀਂਡ ਤੇ ਗੁਜ ਕੇ. ਸੀ. ਡੇ. ਨੂੰ ਪਰ੍ਹੇ ਸੁਟਦੀ ਸੀ ਤੇ ਤਾਨ ਨਰਾਇਣ ਰਾਉ ਨੂੰ ਮਾਤ ਪਾਉਂਦੀ ਸੀ। ਮੈਂ ਮੁੜ ਕੇ ਪਿਛਾਂਹ ਨੂੰ ਦੇਖਿਆ। ਉਸ ਦੀਆਂ ਗੱਲਾਂ ਦੀ ਲਾਲੀ ਪਰਸੰਸਾ ਦੀਆਂ ਚਾਹਵਾਨ ਅੱਖਾਂ ਵਾਂਗ ਕਿਸੇ ਵੱਲ ਦੇਖ ਰਹੀ ਸੀ। ਜੇ ਮੈਂ ਸੋਹਣੀ ਕੁੜੀ ਹੁੰਦਾ ਤਾਂ ਸਾਰੀ ਦੁਨੀਆਂ ਨੂੰ ਛੱਡ ਉਸ ਨਾਲ ਪਿਆਰ ਕਰਦਾ। ਜੇ ਮੈਂ ਅਮੀਰ ਹੁੰਦਾ...ਆਹ! ਮੈਂ ਅਮੀਰ ਨਹੀਂ ਸਾਂ। ਸਾਲਾਂ ਤੋਂ ਬੇਕਾਰ ਨੂੰ ਚਾਰ ਮਹੀਨੇ ਲਈ ਕਾਰ ਮਿਲੀ ਸੀ। ਪਿਛਲੇ ਘਾਪੇ ਹੀ ਨਹੀਂ ਮਿਲੇ ਸਨ। ਮੈਂ ਸੋਚ ਰਿਹਾ ਸਾਂ ਕਿਤੇ ਸੂਟ ਤੇ ਟਾਈ ਹੇਠੋਂ ਮੇਰੀ ਗ਼ਰੀਬੀ ਇਨ੍ਹਾਂ ਜਾਦੂਗਰ ਅੰਨ੍ਹਿਆਂ ਨੂੰ ਦਿਸ ਨਾ ਪਵੇ। ਉਸ ਦਾ ਗੀਤ ਮੁੱਕ ਚੁੱਕਾ ਸੀ। ਮੈਂ ਦਾਦ ਕੋਈ ਨਾ ਦਿੱਤੀ, ਸਗੋਂ ਪੁੱਛਿਆ, "ਅੰਬਾਲੇ ਦੀ ਟਿਕਟ ਕਿੰਨੇ ਦੀ ਆਉਂਦੀ ਹੈ?"

ਗਾਉਣ ਵਾਲੇ ਸੂਰਮੇ ਨੇ ਕਿਹਾ, "ਸਾਨੂੰ ਕੀ ਪਤਾ ਸਰਦਾਰ ਜੀ!"

"ਕੀ ਤੁਸੀਂ ਕਦੇ ਅੰਬਾਲੇ ਨਹੀਂ ਗਏ?"

"ਅਸੀਂ ਸੂਰਮੇ, ਪੈਸੇ ਨਹੀਂ ਖ਼ਰਚਦੇ, ਵਿਦੌਟ ਚੜ੍ਹਦੇ ਹਾਂ ਤੇ ਰੇਲ ਵਾਲੇ ਸਾਡੇ ਤੇ ਤਰਸ ਖਾਂਦੇ ਹਨ।"

ਮੈਂ "ਹੂੰ ਕਿਹਾ ਹੀ ਸੀ ਕਿ ਗੱਡੀ ਮੈਨੂੰ ਸਟੇਸ਼ਨ ਤੇ ਆਉਂਦੀ ਦਿੱਸੀ। ਮੈਂ ਡੰਗੋਰੀ ਛੱਡ ਕੇ ਕਿਹਾ, "ਸਿੱਧੇ ਰਸਤੇ ਛੇਤੀ ਛੇਤੀ ਪਹੁੰਚੋ, ਨੱਸ ਕੇ ਟਿਕਟ ਲੈ ਲਵਾਂ।"

ਗੱਡੀ ਸਟੇਸ਼ਨ ਤੇ ਖੜੀ ਸੀ। ਮੇਰੀ ਟਾਈ ਦੇ ਰੋਹਬ ਵਿਚ ਆ ਕੇ ਸਟੇਸ਼ਨ-ਮਾਸਟਰ ਨੇ ਖਿੜਕੀ ਮੁੜ ਖੋਲ੍ਹ ਕੇ ਟਿਕਟ ਦੇ ਦਿੱਤੀ। ਗੱਡੀ ਚਲਣ ਵਾਲੀ ਸੀ। ਮੈਂ ਵਿਚ ਬੈਠ ਗਿਆ। ਠੀਕ ਉਸੇ ਵੇਲੇ ਮੈਨੂੰ ਸੂਰਮੇ ਚੇਤੇ ਆਏ, ਬੂਹਾ ਬੰਦ ਹੋ ਗਿਆ ਸੀ। ਉਹ ਜੰਗਲੇ ਨਾਲ ਖੜੇ ਸਨ। ਸਟੇਸ਼ਨ ਮਾਸਟਰ ਉਨ੍ਹਾਂ ਨੂੰ ਅੰਦਰ ਨਹੀਂ ਸੀ ਆਉਣ ਦਿੰਦਾ। ਨਾਲ ਦੇ ਡੱਬੇ ਵਿਚੋਂ ਲਮਕਦੇ ਸਿਪਾਹੀ ਨੂੰ ਮੈਂ ਉਨ੍ਹਾਂ ਵੱਲ ਇਸ਼ਾਰੇ ਨਾਲ ਤਕਾਇਆ। ਉਸ ਸਟੇਸ਼ਨ ਮਾਸਟਰ ਕੋਲ ਸਿਫ਼ਾਰਸ਼ ਕੀਤੀ, ਪਰ ਉਸ ਨੇ ਆਕੜ ਕੇ ਕਿਹਾ, "ਇਹ ਮੇਰਾ ਕੰਮ ਹੈ?" ਗੱਡੀ ਫਪ ਫਪ ਕਰ ਕੇ ਤੁਰ ਪਈ। ਦੋ ਅੰਨ੍ਹੇ ਜੰਗਲਦਾਰ ਬੂਹੇ ਨਾਲ ਮੌਤ ਵਰਗੀ ਨਿਰਾਸ਼ਾ ਵਿਚ ਡੁੱਬੇ! ਤੇ ਗੱਡੀ ਦੇ ਤੁਰਨ ਦੀ ਆਵਾਜ਼! ਮੈਂ ਚੀਕ ਉਠਿਆ, "ਖ਼ੂਨ! ਖ਼ੂਨ!"

"ਕਿਸ ਦਾ ਖ਼ੂਨ?" ਕਹਿੰਦੇ ਇਕ ਪੜ੍ਹੇ ਲਿਖੇ ਸ਼ੁਕੀਨ ਨੂੰ ਆਪਣੀ ਸੀਟ ਤੋਂ ਮੈਂ ਆਪਣੇ ਵੱਲ ਘਬਰਾ ਕੇ ਆਉਂਦਿਆਂ ਦੇਖਿਆ।

''ਆਸਾਂ ਦਾ !'' ਮੈਂ ਸ਼ੁਦਾ ਦੇ ਜ਼ੋਰ ਵਿਚ ਮੱਥੇ ਤੇ ਹੱਥ ਮਾਰ ਕੇ ਪਿੱਟਿਆ ।

''ਕਿਸ ਦੀਆਂ, ''ਆਸਾਂ' ਦਾ ?''

''ਉਨ੍ਹਾਂ ਅੰਨ੍ਹਿਆਂ ਦੀਆਂ ਆਸਾਂ ਦਾ ।'' ਮੈਂ ਬਾਹਰ ਇਸ਼ਾਰਾ ਕਰਦਿਆਂ ਕਿਹਾ ।

''ਸੈਨਸਿਟਿਵ ਫੂਲ !'' ਉਸ ਆਖਿਆ ਤੇ ਆਪਣੀ ਥਾਂ ਤੇ ਜਾ ਬੈਠਾ ।

ਨੌਰੰਗ ਸਿੰਘ

ਮੁਰਕੀਆਂ

"ਹੂੰ ਹੂੰ ਹਾਏ" ਬੀਮਾਰ ਮਾਂ ਅੰਦਰ ਹੂੰਗਾਰਾ ਮਾਰਦੀ ਸੀ। ਕਰੀਮੂ ਤੇ ਰਹੀਮੂ ਦੋਵੇਂ ਖ਼ਰੋਟ ਪਏ ਖੇਡਦੇ ਸਨ :

"ਤੂੰ ਮੀਰੀ...ਚੱਲ ਸੁੱਟ" ਕਰੀਮੂ ਨੇ ਕਿਹਾ।

ਰਹੀਮੂ ਨੇ ਪਚਾਮਿਆਂ ਤੋਂ ਖਲੋ ਕੇ ਖ਼ਰੋਟਾਂ ਦੀ ਲੱਪ ਖੁੱਤੀ ਵੱਲ ਵਗਾਹੀ। ਕੁਝ ਪੈ ਗਏ ਤੇ ਬਾਕੀ ਦੇ ਬਾਹਰ, ਖਿੰਡਰਿਆਂ ਵੱਲ ਦੇਖਦਿਆਂ ਉਸ ਆਪਣੇ ਵੱਡੇ ਭਰਾ ਕਰੀਮੂ ਤੋਂ ਪੁਛਿਆ :

"ਦਸ ਚੋਟ ਕਿਹੜੇ ਤੇ ਲਾਵਾਂ ?"

"ਲਾ ਵਿਚਕਾਰਲੇ ਦੇ।"

ਰਹੀਮੂ ਨੇ ਸ਼ਿਸਤ ਬੰਨ੍ਹ ਕੇ ਅੱਗੇ ਨੂੰ ਝੁਕ, ਕੇ ਦੱਸੇ ਖ਼ਰੋਟ ਤੇ ਖ਼ਰੋਟ ਵਗਾਹਿਆ। ਪਰ ਨਿਸ਼ਾਨਾ ਉੱਕ ਗਿਆ "ਹਾਂ...ਹਾਂ...ਉੱਕ ਗਿਆ" ਕਰੀਮੂ ਉੱਚੀ ਸਾਰੀ ਹੱਸ ਉਠਿਆ।

"ਹਾਏ...ਹਾਏ...ਵੇ ਪਾਣੀ ਦਾ ਘੁਟ ਮੂੰਹ ਵਿਚ ਪਾ ਜਾਓ ਵੇ।" ਅੰਦਰੋਂ ਮਾ ਟੁੱਟਵੀਂ ਆਵਾਜ਼ ਵਿਚ ਬੋਲੀ।

"ਦੇ ਦਿੰਦੇ ਆਂ ਪਾਣੀ ਵੀ !" ਕਰੀਮੂ ਨੇ ਖ਼ਰੋਟ ਹੂੰਝਦਿਆਂ ਆਖਿਆ ਤੇ ਕਾਹਲੀ ਨਾਲ ਉਸ ਨਿਯਤ ਥਾਂ ਤੇ ਖ਼ਰੋਟ-ਖੁੱਤੀ ਵਿਚ ਪਾਣ ਜਾ ਖੜੋਤਾ ਤੇ ਅੱਗੇ ਨੂੰ ਬਾਂਹ ਕਰਕੇ ਖੁੱਤੀ ਵੱਲ ਸੁੱਟੇ। ਨਾਲੇ ਉਸ ਰਹੀਮੂ ਤੋਂ ਪੁਛਿਆ

"ਕਿੰਨੇ ਪਏ ਨੀ ?"

"ਇਕੋ ਪਿਆ ਕੁਲ" ਰਹੀਮੂ ਇਸ ਤੇ ਡਾਢਾ ਖੁਸ਼ ਸੀ। ਉਸ ਚੋਟ ਲਾਣ ਲਈ ਇਕ ਖ਼ਰੋਟ ਵੱਲ ਇਸ਼ਾਰਾ ਕੀਤਾ। ਪਰ ਨਹੀਂ ਕਰੀਮੂ ਤੋਂ ਚੋਟ ਲੱਗੀ ਕਿ ਨਾ। ਪਰ ਉਹ ਇਹ ਜਾਣ ਕੇ ਕਿ ਉਸ ਦੀ ਚੋਟ ਖ਼ਰੋਟ ਤੇ ਵੱਜ ਗਈ ਏ ਉਹ ਸਾਰੇ ਖਰੋਟ ਹੂੰਝਣ ਦਾ ਹੱਕਦਾਰ ਹੈ, ਅੱਗੇ ਵੱਧਿਆ। ਪਰ ਰਹੀਮੂ ਨੇ ਇਉਂ ਕਰਨ ਤੋਂ ਉਸ ਨੂੰ ਡੱਕਿਆ। ਉਹਦਾ ਖ਼ਿਆਲ ਸੀ ਚੋਟ ਨਹੀਂ ਵੱਜੀ ਤੇ ਐਵੇਂ ਉਹ ਸਾਰੇ ਖ਼ਰੋਟ ਚੁੱਕ ਨਹੀਂ ਸਕਦਾ। ਪਰ ਕਰੀਮੂ ਆਖੀ ਜਾਏ ਚੋਟ ਲੱਗੀ ਏ। ਰਹੀਮੂ ਆਖੇ

ਤੂੰ ਰੋਂਦੂ ਏਂ। ਵਧਾਣ ਵੱਧ ਗਿਆ। ਦੋਵੇਂ ਗੁੱਥਮ-ਗੁੱਥਾ ਹੋ ਪਏ। ਕਰੀਮੂ ਵੱਡਾ ਸੀ। ਉਸ ਰਹੀਮੂ ਦੇ ਦੰਦਾਂ ਤੇ ਹੂਰਾ ਕੱਢ ਮਾਰਿਆ ਤੇ ਲਹੂ ਵਗ ਪਿਆ।

ਬੁੱਢੀ ਮਾਂ ਅੰਦਰੋਂ ਇਕੋ ਸਾਹੇ 'ਹਾਏ ਹਾਏ' ਕਰਦੀ ਪਾਣੀ ਮੰਗਦੀ ਰਹੀ। ਉਹਦੇ ਕੰਨੀਂ ਇਨ੍ਹਾਂ ਦੇ ਵਖੜਾਂਦ ਦੀ ਵਾਜ ਪੈ ਪੈ ਉਹਨੂੰ ਵਧੇਰੇ ਦੁੱਖੀ ਕਰਦੀ ਸੀ। ਉਹਦੇ ਤਿਹਾਏ ਬੁਲ੍ਹਾਂ ਤੇ ਸਿਕੜੀਆਂ ਆ ਗਈਆਂ ਸਨ। ਪਰ ਕਿਸੇ ਉਹਦੀ ਨਾ ਸੁਣੀ।

ਅੱਜ ਹੀ ਨਹੀਂ, ਅੱਗੇ ਵੀ ਅਨੇਕਾਂ ਵਾਰ ਇਹ ਦੋਵੇਂ ਖੇਡਦੇ ਖੇਡਦੇ ਲੜ ਪੈਂਦੇ ਹੁੰਦੇ ਸਨ, ਇਕ ਦੂਜੇ ਦੇ ਝਗੇ ਖੋਹ ਘਤਦੇ। ਘਰੂਟਾਂ ਨਾਲ ਮੂੰਹ ਛਿੱਲੇ ਜਾਂਦੇ ਪਰ ਮੁੜ ਗੁੱਸਾ ਢਿੱਲਾ ਹੋਣ ਤੇ ਦੋਵੇਂ ਉਹੋ ਜਿਹੇ ਹੋ ਜਾਂਦੇ।

ਦੋਹਾਂ ਦੇ ਪਿੰਡੇ ਘੱਟੇ ਨਾਲ ਅਟੇ ਹੋਏ, ਪੈਰ ਨੰਗੇ ਨਖੱਟੂ ਜਿਹੇ ਉਹ ਪਿੰਡਾਂ ਦੀਆਂ ਗਲੀਆਂ ਵਿਚ ਭੌਂਦੇ ਰਹਿੰਦੇ ਹੁੰਦੇ ਸਨ। ਲੋਕੀ ਉਨ੍ਹਾਂ ਵੱਲ ਤੱਕਦੇ ਪਰ ਕੋਈ ਉਨ੍ਹਾਂ ਨੂੰ ਮੂੰਹ ਨਾ ਲਾਉਂਦਾ—ਹੋਰ ਕੋਈ ਮੁੰਡਾ ਵੀ ਉਨ੍ਹਾਂ ਨਾਲ ਨਾ ਖੇਡਦਾ। ਸਦਾ ਭਾਂਤ ਭਾਂਤ ਦੀਆਂ ਗੱਲਾਂ ਉਨ੍ਹਾਂ ਬਾਰੇ ਚਲਦੀਆਂ ਰਹਿੰਦੀਆਂ ਸਨ।

ਸੋਲਾਂ ਤੇ ਚੌਦਾਂ ਵਰ੍ਹਿਆਂ ਦੇ ਕਰੀਮੂ ਰਹੀਮੂ ਖ਼ਰੋਟਾਂ ਨਾਲ ਖੁੱਤੀ ਖੇਡਦੇ ਲੋਕਾਂ ਨੂੰ ਉੱਕਾ ਨਾ ਭਾਉਂਦੇ, ਇਹ ਖੇਡ ਨਿੱਕੇ ਬੱਚਿਆਂ ਦੀ ਜੋ ਹੋਈ। ਪਰ ਇਹ ਦੋਵੇਂ ਭਰਾ ਘੜੇ ਹੋਏ ਹੀ ਵੱਖਰੀ ਮਿੱਟੀ ਦੇ ਸਨ। ਖ਼ਰੋਟਾਂ ਤੋਂ ਹਟ ਕੌਡੀਆਂ ਨੂੰ ਜੁੱਟ ਜਾਂਦੇ। ਕਈ ਵਾਰ ਉਥੇ ਵੀ ਜੂਤ-ਪਟਾਂਗ ਹੋ ਕੇ ਰੁੱਸੇ ਰੁੱਸੇ ਪਿੰਡ ਦੀਆਂ ਹੱਟੀਆਂ ਤੇ ਜਾ ਬਹਿੰਦੇ। ਓਥੇ ਲੋਕਾਂ ਦੀਆਂ ਐਧਰਲੀਆਂ ਉਧਰਲੀਆਂ ਸਲੂਣੀਆਂ ਅਲੂਣੀਆਂ ਵਿਚ ਇਨ੍ਹਾਂ ਦੇ ਕੰਨ ਰਸੇ ਰਹਿੰਦੇ। ਆਥਣ ਨੂੰ ਘਰ ਪਰਤਣ ਵੇਲੇ ਮੁੜ ਦੋਹਾਂ ਦੀ ਗਲਵੱਕੜੀ ਪਈ ਹੁੰਦੀ ਸੀ।

ਮਾਂ ਨੂੰ ਬੀਮਾਰ ਪਿਆਂ ਮਹੀਨੇ ਤੋਂ ਉੱਤੇ ਹੋ ਗਿਆ ਸੀ। ਹਕੀਮ ਜਾਂ ਡਾਕਟਰ ਨੂੰ ਸੱਦਣ ਦੀ ਉਸ ਘਰ ਵਿਚ ਪੁੱਜਤ ਹੀ ਕਿੱਥੇ ਸੀ। ਪਰ ਲਾਗਲੇ ਸ਼ਹਿਰ ਦੇ ਸਰਕਾਰੀ ਹਸਪਤਾਲੋਂ ਮੁਫ਼ਤ ਦਵਾਈਆਂ ਲਿਆਉਣ ਦੀ ਵਿਹਲ ਵੀ ਤੇ ਕਰੀਮੂ ਰਹੀਮੂ ਨੂੰ ਨਹੀ ਸੀ ਲਭਦੀ।

ਜਦੋਂ ਉਹ ਖ਼ਰੋਟ ਤੇ ਕੌਡੀਆਂ ਖੇਡ ਹਟਦੇ ਤੇ ਹਟਾਂ ਤੇ ਕੋਈ ਗੱਲਾਂ ਕਰਨ ਵਾਲਾ ਬੰਦਾ ਵੀ ਉਨ੍ਹਾਂ ਨੂੰ ਦਿਖਾਈ ਨਾ ਦਿੰਦਾ ਤਾਂ ਉਹ ਆਪਣੀਆਂ ਗੁਲੇਲਾਂ ਤੇ ਗੋਲੀਆਂ ਚੁਕ ਕੇ ਬਾਹਰ ਸ਼ਿਕਾਰ ਨੂੰ ਟੁਰ ਵਗਦੇ। ਜੰਡਾਂ, ਫਰਵਾਹਾਂ, ਵਣਾਂ ਥੱਲੇ

ਖਲੂੰ ਕੇ ਉੱਤੇ ਬੈਠੇ ਪੰਛੀਆਂ ਨੂੰ ਲਭਦੇ । ਜੇ ਕੋਈ ਕਬੂਤਰ, ਘੁੱਗੀ, ਤਿਲੀਅਰ ਜਾਂ ਤਿੱਤਰ ਉਨ੍ਹਾਂ ਨੂੰ ਕਿਸੇ ਦਰੱਖਤ ਉੱਤੇ ਦਿੱਸ ਪੈਂਦਾ ਤਾਂ ਦੋਵੇਂ ਡੰਡ ਪਾ ਦਿੰਦੇ— ਔਹ ਬੈਠਾ ਏ, ਔਹ ਬੈਠਾ ਏ ਤੇ ਆਪਣੀਆਂ ਗੁਲੇਲਾਂ ਦੀਆਂ ਤੰਦਾਂ ਖਿੱਚਦੇ, ਪਰ ਜਨੌਰ ਪਹਿਲਾਂ ਹੀ ਰੌਲਾ ਸੁਣ ਕੇ ਉੱਡ ਚੁੱਕੇ ਹੁੰਦੇ ਸਨ ।

ਉਨ੍ਹਾਂ ਤੋਂ ਅੱਜ ਤੀਕਰ ਕਦੇ ਕੋਈ ਪੰਛੀ ਨਹੀਂ ਸੀ ਮੋਇਆ । ਹਾਰ ਕੇ ਉਹ ਕਿਸੇ ਵਗਦੇ ਸੂਏ ਦੇ ਕੰਢੇ ਖਲੋਤੇ ਬਿਛ ਦੀ ਛਾਵੇਂ ਬਹਿ ਜਾਂਦੇ । ਕਦੇ ਬੁੱਕਾਂ ਨਾਲ ਪਾਣੀ ਪੀਂਦੇ ਤੇ ਕਦੇ ਟਾਵੀਆਂ ਟਾਵੀਆਂ ਗੱਲਾਂ ਕਰਦੇ ।

"ਲੋਕੀਂ ਪਤਾ ਨਹੀਂ ਕਿਦਾਂ ਸ਼ਿਕਾਰ ਖੇਡ ਲੈਂਦੇ ਨੇ" ਕਰੀਮੂ ਉਂਗਲਾਂ ਨਾਲ ਗਾਰਾ ਕੁਰੇਦਦਾ ਨਿਵੇਂ ਜਿਹੇ ਆਖਦਾ ।

"ਖ਼ਬਰੇ ਉਨ੍ਹਾਂ ਦੀਆਂ ਗੁਲੇਲਾਂ ਤੇ ਗੋਲੀਆਂ ਕਿਦਾਂ ਦੀਆਂ ਹੁੰਦੀਆਂ ਹੋਣਗੀਆਂ ?" ਦੂਜਾ ਉੱਤਰ ਦਿੰਦਾ ।

"ਸਾਥੋਂ ਤੇ ਨਹੀਂ ਮੋਇਆ ਕਦੇ ਕੋਈ ਪੰਛੀ ।"

ਫਿਰ ਇਕ ਨਿਰਾਸਤਾ ਜਿਹੀ ਉਨ੍ਹਾਂ ਦੇ ਚਿਹਰਿਆਂ ਤੇ ਛਾ ਜਾਂਦੀ । ਉਹ ਕਿੰਨਾ ਚਿਰ ਚੁੱਪ ਚੁਪੀਤੇ ਬੈਠੇ ਘਾਹ ਦੀਆਂ ਤਿਣਾਂ ਉਖੇੜਦੇ ਰਹਿੰਦੇ । ਕਦੇ ਉੱਠ ਕੇ ਲੱਤਾਂ ਸੂਏ ਵਿਚ ਲਮਕਾ ਬਹਿੰਦੇ ਤੇ ਕਦੇ ਗੁਲੇਲਾਂ ਦੀਆਂ ਗੋਲੀਆਂ ਨਾਲ ਹੀ ਖੁੱਤੀ ਦਾ ਭੌਂਸ ਪੂਰੀਆਂ ਕਰਦੇ । ਕਈ ਵਾਰੀ ਇਉਂ ਹੀ ਬਾਹਰ ਭੌਂਦਿਆਂ ਭੌਂਦਿਆਂ ਨੂੰ ਦਿਨ ਬਤੀਤ ਹੋ ਜਾਂਦਾ ।

ਆਥਣ ਹੋ ਗਈ ਸੀ । ਵਾਗੀ ਹੇਕਾਂ ਲਾਉਂਦੇ ਘਰਾਂ ਨੂੰ ਪਰਤ ਰਹੇ ਸਨ । ਹਲੋਂ ਛੁਟੇ ਬਲਦਾਂ ਦੀਆਂ ਟੱਲੀਆਂ ਟਣਕਣ ਲਗੀਆਂ । ਕਰੀਮੂ ਤੇ ਰਹੀਮੂ ਆਪਣੀਆਂ ਗੁਲੇਲਾਂ ਮੋਢਿਆਂ ਤੇ ਟੰਗੀ ਪਿੰਡ ਨੂੰ ਪਰਤ ਗਏ । ਹੌਲੀ ਹੌਲੀ ਜਾਂਦੇ ਲੰਕਾਂ ਦੇ ਡੰਗਰਾਂ ਨੂੰ ਤੱਕ ਕੇ ਉਨ੍ਹਾਂ ਨੂੰ ਕੋਈ ਖ਼ਿਆਲ ਜਿਹਾ ਆ ਗਿਆ ਤੇ ਉਹ ਕੁਝ ਬੋਲਦੇ ਜਾਂਦੇ ਸਨ । ਜਦੋਂ ਉਨ੍ਹਾਂ ਦਾ ਪਿਉਂ ਜੀਉਂਦਾ ਸੀ, ਉਨ੍ਹਾਂ ਦੇ ਘਰ ਦੋ ਝੋਟੀਆਂ ਹੁੰਦੀਆਂ ਸਨ । ਇਕ ਪਹਿਲਣ ਤੇ ਇਕ ਦੂਜੇ ਸੂਏ । ਨਾਲੇ ਇਕ ਵਹਿੜਕੀ ਵੀ ਸੀ । ਉਹ ਉਨ੍ਹਾਂ ਤਿਹਾਂ ਨੂੰ ਚਾਰਦੇ ਹੁੰਦੇ ਸਨ । ਇਉਂ ਹੀ ਹੇਕਾਂ ਲਾਉਂਦੇ ਘਰ ਨੂੰ ਮੁੜਦੇ ਹੁੰਦੇ ਸਨ ਉਦੋਂ ।

"ਫਿਰ ਉਹ ਵਹਿੜੀ ਤੇ ਮੱਝਾਂ ਕਿਥੇ ਗਈਆਂ ?" ਰਹੀਮੂ ਨੇ ਆਪਣੇ ਵੱਡੇ ਭਰਾ ਤੋਂ ਪੁੱਛਿਆ ।

"ਅੱਬਾ ਜੂਏ ਵਿਚ ਹਾਰ ਚੁੱਕਿਆਂ ਸੀ ਉਨ੍ਹਾਂ ਨੂੰ ਤੇ...ਤੈਨੂੰ ਨਹੀਂ ਪਤਾ ?"

''ਚਲੋ ਠੀਕ ਹੋਇਆ, ਸਾਂਭ ਸੰਭਾਲੀ ਦਾ ਟੰਟਾ ਗਲੋਂ ਲੱਥਾ ।'' ਰਹੀਮੂ ਨੇ ਖੁਸ਼ ਹੋ ਕੇ ਕਿਹਾ ।

ਘੁਸਮੁਸਾ ਜਿਹਾ ਹੋ ਗਿਆ ਸੀ ਜਦੋਂ ਉਹ ਇਕ ਖੇਤ ਦੀ ਵੱਟ ਉੱਤੇ ਆਣ ਖਲੋਤੇ । ਆਕਾਸ਼ ਉੱਤੇ ਜੇ ਤਾਰਾ ਚੜ੍ਹਿਆ ਵੀ ਸੀ ਤਾਂ ਉਹ ਖ਼ੁਰਾਂ ਦੇ ਘੱਟੇ ਨਾਲ ਫਿਜ਼ਾ ਅੱਟੀ ਹੋਈ ਹੋਣ ਕਰਕੇ ਵਿਖਾਲੀ ਨਹੀਂ ਸੀ ਦਿੰਦਾ । ਚਿੜੀਆਂ ਬਾਜਰੇ ਦੇ ਸਿੱਟਿਆਂ ਉੱਤੇ ਅੰਤਿਮ ਠੂੰਗੇ ਭਰ ਕੇ ਉੱਡ ਚੁੱਕੀਆਂ ਸਨ । ਕਰੀਮੂ ਤੇ ਰਹੀਮੂ ਦੇ ਖੱਬੇ ਪਾਸੇ ਇਕ ਮੱਕੀ ਦੀ ਪੈਲੀ ਡਰੇ ਹੋਏ ਬੱਚੇ ਵਾਂਗ ਚੁਪ ਖਲੋਤੀ ਸੀ। ਪਹਿਲਵਾਨ ਦੇ ਡੌਲਿਆਂ ਵਰਗੀਆਂ ਛਲੀਆਂ ਹਰੇਕ ਟਾਂਡੇ ਨਾਲ ਜੁੜੀਆਂ ਹੋਇਆਂ ਦਿਸਦੀਆਂ ਸਨ ।

''ਪਤਾ ਈ ਕਰੀਮੂ, ਇਹ ਸਾਡੀਆਂ ਪੈਲੀਆਂ ਹੁੰਦੀਆਂ ਸਨ ਕਦੇ ?''

ਹਾਂ ਪਤਾ ਏ । ਕਈ ਵਾਰ ਲਕੜਾਂ ਲੈ ਕੇ ਮੁੜਦੀ ਮਾਂ ਇਥੋਂ ਦੀ ਲੰਘਦੀ ਦਸਿਆ ਕਰਦੀ ਏ । ਮੈਂ ਉਦੋਂ ਨਿਕਾ ਜਿਹਾ ਹੁੰਦਾ ਸਾਂ ।''

''ਇਹ ਵੀ ਉਸੇ ਰਾਹ ਅੱਬਾ ਨੇ ਭੇਜਿਆਂ ਜਿਹੜੇ ਰਾਹ ਵਹਿੜਕੀ ਤੇ ਝੋਟੀਆਂ ਗਈਆਂ ਸਨ ।'' ਇਉਂ ਆਖਦਾ ਆਖਦਾ ਕਰੀਮੂ ਹੱਸ ਪਿਆ, ਨਾਲ ਹੀ ਰਹੀਮੂ ਵੀ । ਦੋਵੇਂ ਹੀ ਖਿੜ ਖਿੜ ਕਰਦੇ ਦੂਹਰੇ ਹੁੰਦੇ ਜਾਂਦੇ ਸਨ । ਉਨ੍ਹਾਂ ਦੀਆਂ ਅੱਖਾਂ ਵਿਚ ਪਾਣੀ ਆ ਗਿਆ, ਜੀਕਰ ਉਹ ਰੋ ਰਹੇ ਹੁੰਦੇ ਨੇ ।

ਇੰਨੇ ਨੂੰ ਇਕ ਹਵਾ ਦਾ ਰੁਮਕਾ ਵਗਿਆ । ਉਹ ਦੋਵੇਂ ਖ਼ਾਮੋਸ਼ ਜਿਹੇ ਹੋ ਕੇ ਮੱਕੀ ਦੇ ਪੱਤਿਆਂ ਦੀ ਖੜ ਖੜ ਕਿੰਨਾ ਚਿਰ ਸੁਣਦੇ ਰਹੇ ।

''ਅੱਬਾ ਇਥੇ ਹੱਲ ਵਾਹੁੰਦਾ ਹੁੰਦਾ ਸੀ ।'' ਵੱਡੇ ਨੇ ਹੌਕਾ ਜਿਹਾ ਭਰ ਕੇ ਆਖਿਆ । ਹੁਣ ਨਾ ਸਾਡੇ ਵਾਹੁਣ ਨੂੰ ਭੋਂ ਏ, ਨਾ ਜੋਣ ਨੂੰ ਢੱਗੇ ।''

''ਚਲ ਚੰਗਾ ਏ ਏਦਾਂ ਈ ..ਕੀ ਲੈਣਾ ਜੇ ਗੱਲ ਫਾਹੇ ਪਾ ਕੇ ।'' ਰਹੀਮੂ ਨੇ ਬੇਪਰਵਾਹੀ ਨਾਲ ਗੁਲੇਲ ਦੀਆਂ ਤਣੀਆਂ ਖਿਚਦਿਆਂ ਆਖਿਆ । ਫਿਰ ਦੋਵੇਂ ਚੁੱਪ ਹੋ ਗਏ । ਉਨ੍ਹਾਂ ਦੇ ਚਿਹਰੇ ਉਨ੍ਹਾਂ ਦੇ ਅੰਤਰੀਵ ਅਹਿਸਾਸਾਂ ਨੂੰ ਪਰਗਟ ਪਏ ਕਰਦੇ ਸਨ । ਇੰਨੇ ਨੂੰ ਕਰੀਮੂ ਨੇ ਆਖਿਆ :

''ਚਲ ਰਹੀਮੂ ਵਗ ਚਲੀਏ, ਕੋਈ ਛੱਲੀਆਂ ਦੇ ਚੋਰ ਜਾਣ ਕੇ ਸਾਨੂੰ ਕੁੱਟ ਹੀ ਨਾ ਕੱਢੇ ।'' ਤੇ ਦੋਵੇਂ ਕਾਹਲੀ ਕਾਹਲੀ ਉਲਾਂਘਾਂ ਭਰਦੇ ਪਿੰਡ ਨੂੰ ਤੁਰ ਪਏ, ਜਿੱਥੇ ਦੀਵੇ ਬਲ ਚੁੱਕੇ ਸਨ ।

ਜਿੰਦਣ ਦੀ ਮਾਂ ਬਿਮਾਰ ਪਈ ਸੀ । ਦੋਵੇਂ ਇਕੋ ਵੇਲੇ ਰੋਟੀ ਖਾਂਦੇ ਹੁੰਦੇ

ਸਨ। ਮਾਂ ਲੋਕਾਂ ਦੇ ਘਰੀ ਪੀਹਣ ਦਲਣ ਕਰ ਕੇ ਖਾਣ ਲਈ ਦਾਣੇ ਇਕੱਠੇ ਕਰ ਲੈਂਦੀ ਹੁੰਦੀ ਸੀ। ਉਹ ਦਾਣੇ ਇਨ੍ਹਾਂ ਦੇ ਨਿਤ ਦੇ ਡੰਗ ਨਹੀਂ ਸਨ ਟਪਾ ਸਕਦੇ। ਦੋਵੇਂ ਜਣੇ ਚੁਲ੍ਹਾ ਤੰਦੇ ਤੇ ਕੱਚੀਆਂ ਧੁਆਖੀਆਂ ਜਿਹੀਆਂ ਰੋਟੀਆਂ ਲੂਣ ਨਾਲ ਖਾ ਕੇ ਸੌਂ ਰਹਿੰਦੇ। ਕਦੇ ਕਦੇ ਫਾਕਿਆਂ ਵਿਚ ਹੀ ਉਨ੍ਹਾਂ ਦੀਆਂ ਰਾਤਾਂ ਗੁਜ਼ਰਦੀਆਂ ਹੁੰਦੀਆਂ ਸਨ।

ਪਿੰਡ ਦੇ ਇਨ੍ਹਾਂ ਨੂੰ ਗੰਵਾਰ ਸਮਝਦੇ ਸਨ। ਉਨ੍ਹਾਂ ਕਈ ਵਾਰ ਇਨ੍ਹਾਂ ਦੋਹਾਂ ਭਰਾਵਾਂ ਨੂੰ ਘਰ ਦੀਆਂ ਚੀਜ਼ਾਂ ਹੱਟਾਂ ਤੇ ਵੇਚਦਿਆਂ ਤੱਕਿਆ ਸੀ। ਕਿਸੇ ਦੀ ਚੋਰੀ ਪਿੰਡ ਵਿਚ ਹੋ ਜਾਂਦੀ, ਛੱਲੀਆਂ ਟੁੱਟਦੀਆਂ ਜਾਂ ਕਪਾਹ ਚੁਗੀ ਜਾਂਦੀ ਤਾ ਲੋਕਾਂ ਦਾ ਪਹਿਲਾਂ ਸ਼ੱਕ ਕਰੀਮੂ ਰਹੀਮੂ ਤੇ ਜਾਂਦਾ। ਉਨ੍ਹਾਂ ਦੇ ਘਰ ਦੀ ਤਲਾਸ਼ੀ ਹੁੰਦੀ ਪਰ ਕਦੇ ਕੋਈ ਸ਼ੈ ਉਨ੍ਹਾਂ ਦੇ ਘਰੋਂ ਬਰਾਮਦ ਨਹੀਂ ਸੀ ਹੋਈ, ਤਾਂ ਵੀ ਲੋਕਾਂ ਦਾ ਸ਼ੱਕ ਉਨ੍ਹਾਂ ਤੇ ਸਦਾ ਟਿਕਿਆ ਰਿਹਾ।

ਲੋਕਾਂ ਦੇ ਨਿਤ ਦੇ ਉਲਾਂਭਿਆਂ ਤੇ ਤਲਾਸ਼ੀਆਂ ਤੋਂ ਮਾ ਛਿੱਥੀ ਪੈ ਗਈ ਹੋਈ ਸੀ। ਕਰੀਮੂ ਤੇ ਰਹੀਮੂ ਵੀ ਇਕਾਂਤ ਵਿਚ ਬਹਿ ਕੇ ਇਨ੍ਹਾਂ ਊਜਾਂ ਨੂੰ ਮਹਿਸੂਸ ਤੇ ਕਰਦੇ, ਪਰ ਪਲ ਕੁ ਲਈ। ਮੁੜ ਉਹ ਛੇਤੀ ਹੀ ਕੋਡੀਆਂ ਖ਼ਰੋਟਾਂ ਨਾਲ ਪੱਲੇ ਭਰ ਕੇ ਬਾਹਰ ਨੂੰ ਟੁਰ ਪੈਂਦੇ ਤੇ ਉਨ੍ਹਾਂ ਸਭ ਕੁਝ ਭੁਲ ਜਾਂਦਾ।

ਲੋਕੀਂ ਇਨ੍ਹਾਂ ਨੂੰ ਮੌਕੇ ਉੱਤੇ ਫੜਨ ਲਈ ਪੈਲੀਆਂ ਵਿਚ ਲੁਕ ਲੁਕ ਬਹਿੰਦੇ। ਪਿੰਡ ਵਾਲਿਆਂ ਦਾ ਖਿਆਲ ਸੀ ਕਿ ਇਨ੍ਹਾਂ ਨੂੰ ਉਤੋਂ ਫੜ ਕੇ ਜੇਲ੍ਹਖਾਨੇ ਭਿਜਵਾ ਦਿੱਤਾ ਜਾਵੇ। ਇਹੋ ਜਿਹੇ ਵਿਚਾਰ ਸੁਣ ਕੇ ਦੋਵੇਂ ਭਰਾ ਕਦੇ ਕਦੇ ਗੱਲਾਂ ਵੀ ਕੀਤਾ ਕਰਦੇ :

"ਲੋਕੀਂ ਸਾਡੇ ਉੱਤੇ ਬਦੋ-ਬਦੀ ਦਾ ਸ਼ੱਕ ਕਿਉਂ ਕਰੀ ਜਾਂਦੇ ਨੇ ? ਅਸੀਂ ਕਦੇ ਕਿਸੇ ਦੀ ਰੀਣ ਤਕ ਨਹੀਂ ਛੁਹੀ।"

"ਐਵੇਂ ਝੱਲੇ ਨੇ" ਦੂਜਾ ਆਖਦਾ, ਤੇ ਦੋਵੇਂ ਜਣੇ ਉੱਚੀ ਉੱਚੀ ਹੱਸ ਪੈਂਦੇ।

... ...

ਮਾਂ ਦੀ ਹਾਲਤ ਦਿਨੋਂ ਦਿਨ ਵਿਗੜਦੀ ਜਾਂਦੀ ਸੀ। ਉਹ ਦੋਵੇਂ ਰਾਤ ਵੇਲੇ ਮਾਂ ਕੋਲ ਆ ਬਹਿੰਦੇ। ਮਾਂ ਦੇ ਮੂੰਹ ਨੂੰ ਤੱਕਦੇ। ਮਾਂ ਬੜੀਆਂ ਸੋਗੀ ਗੱਲਾਂ ਉਨ੍ਹਾਂ ਨੂੰ ਸੁਣਾਂਦੀ, ਬਹੁਤੀਆਂ ਉਨ੍ਹਾਂ ਦੇ ਪਿਉ ਬਾਰੇ।

"ਭਾਵੇਂ ਉਹਨੂੰ ਜੂਏ ਦੀ ਆਦਤ ਸੀ, ਪਰ ਉਹ ਬੜਾ ਚੰਗਾ ਮਨੁੱਖ ਸੀ, ਤੁਹਾਡਾ ਅੱਬਾ, ਬੱਚਾ।"

"ਹਾਂ ਮਾਂ, ਬੜਾ ਚੰਗਾ ਸੀ", ਕਰੀਮੂ ਖ਼ੁਸ਼ੀ ਨਾਲ ਬੋਲਿਆ।

"ਮੈਨੂੰ ਹਲ ਛਡ ਕੇ ਕੁਛੜ ਚੁਕ ਲੈਂਦਾ, ਛੱਲੀਆਂ ਦਿੰਦਾ, ਗੰਨੇ ਵੀ—ਵੇਲੇ ਵੇਲੇ ਕਿੰਨੀਆਂ ਹੋਰ ਚੀਜ਼ਾਂ। ਸਾਥੋਂ ਮੁੱਕਦੀਆਂ ਹੀ ਨਾ...ਹੈਂ ਨਾ ਕਰੀਮੂ !" ਰਹੀਮੂ ਬੋਲਿਆ।

"ਦਾਣੇ ਹੀ ਦਾਣੇ ਹੁੰਦੇ ਸਨ ਸਾਡੇ ਕੋਠਿਆਂ ਵਿਚ, ਉਦੋਂ", ਕਰੀਮੂ ਮਾਂ ਵੱਲ ਤੱਕਦਾ ਬੋਲਿਆ, "ਰੱਜ ਰੋਟਿਆਂ ਖਾਂਦੇ ਹੁੰਦੇ ਸਾਂ। ਪਰ ਹੁਣ ਤੇ ਮਾਂ ਸਾਡੇ ਕੋਠੇ ਖ਼ਾਲੀ ਪਏ ਨੀ—"

ਇਕ ਪਲ ਲਈ ਕੋਠੇ ਵਿਚ ਹੂਕ ਜਿਹੀ ਛਾ ਗਈ। ਤਿੰਨਾਂ ਨੇ ਦੀਵੇ ਦੀ ਮੱਧਮ ਹੁੰਦੀ ਜੋਤ ਵੱਲ ਤੱਕਿਆ। ਮਾਂ ਦੀਆਂ ਅੱਖਾਂ ਗਿੱਲੀਆਂ ਸਨ। ਉਸ ਗਲੇਡੂ ਭਰ ਕੇ ਮੁੜ ਆਖਿਆ।

"ਉਹ ਮੈਨੂੰ ਬੜਾ ਪਿਆਰ ਕਰਦਾ ਸੀ ਤੁਹਾਡਾ ਅੱਬਾ, ਬੱਚਾ! ਵੇਂਹਦੇ ਜੇ ਇਹ ਮੇਰੇ ਕੰਨਾਂ ਦੀਆਂ ਮੁਰਕੀਆਂ ? ਜਦੋਂ ਮੇਰਾ ਵਿਆਹ ਹੋਇਆ ਸੀ ਉਦੋਂ ਬਣਵਾਈਆਂ ਸਨ, ਤੁਹਾਡੇ ਅੱਬਾ ਨੇ ਇਹ ਸੋਨੇ ਦੀਆਂ ਮੁਰਕੀਆਂ।"

ਕਰੀਮੂ ਤੇ ਰਹੀਮੂ ਦੀਆਂ ਨਜ਼ਰਾਂ ਮਾਂ ਦੀਆਂ ਮੁਰਕੀਆਂ ਤੇ ਜੰਮੀਆਂ ਹੋਇਆਂ ਸਨ। ਮਾਂ ਨੂੰ ਹਟਕੋਰੇ ਜਿਹੇ ਆਉਣ ਲਗ ਪਏ, ਉਹ ਮੁੜ ਬੋਲੀ :

"ਬੜੇ ਔਖੇ ਵੇਲੇ ਆਏ ਬੱਚਾ। ਜਦੋਂ ਜੂਏ ਵਿਚ ਉਹ ਸਭ ਕੁਝ ਲਾ ਬੈਠਾ ਸੀ, ਓਦੋਂ ਘਰ ਦਾ ਲਾਂਘਾ ਟਪਾਣ ਲਈ ਮੈਂ ਆਖਿਆ ਸੀ ਇਹ ਮੁਰਕੀਆਂ ਵੇਚ ਦਿਓ। ਪਰ ਉਸ ਆਖਿਆ, ਨਹੀਂ ਮੈਂ ਸਾਰੀ ਉਮਰ ਹੀ ਤੇਰੇ ਕੰਨਾਂ ਵਿਚ ਇਹ ਲਮਕਦੀਆਂ ਵੇਖਾਂਗਾ।"

ਮਾਂ ਦੀਆਂ ਝੁਰੜੀਆਂ ਵਿੱਚ ਹੰਝੂਆਂ ਦੀਆਂ ਤਤੀਰੀਆਂ ਫ਼ਸੀਆਂ ਹੋਇਆ ਸਨ। ਕਰੀਮੂ ਤੇ ਰਹੀਮੂ ਸੁੰਨ ਹੋਏ ਬੈਠੇ ਰਹੇ। ਮਾਂ ਕੁਝ ਰੁਕ ਕੇ ਬੋਲੀ :

"ਮੈਂ ਉਮਰ ਭਰ ਇਨ੍ਹਾਂ ਮੁਰਕੀਆਂ ਨੂੰ ਸਾਂਭ ਸਾਂਭ ਰਖਦੀ ਆਈ ਹਾਂ ਪੁੱਤਰ ...ਜੇ ਮੈਂ...ਮਰ ਗਈ ਇਹ ਮੇਰੇ ਨਾਲ ਹੀ ਕਬਰ ਵਿਚ ਦਬਾ ਦੇਣੀਆਂ, ਤੁਹਾਡੇ ਅੱਬਾ ਦੀ ਯਾਦ।" ਉਹਦਾ ਗਲਾ ਰੁਕ ਗਿਆ ਤੇ ਅੱਗੇ ਉਹ ਕੁਝ ਨਾ ਕਹਿ ਸਕੀ।

ਬਿੰਦ ਕੁ ਮਗਰੋਂ ਦੋਵੇਂ ਭਰਾ ਉਠ ਕੇ ਬਾਹਰ ਨਿਕਲ ਆਏ। ਆਕਾਸ਼ ਚੋ ਤਾਰੇ ਬਿੱਲੀ ਦੀਆਂ ਅੱਖਾਂ ਵਾਂਗ ਲੱਟ ਲੱਟ ਪਏ ਝਾਕਦੇ ਸਨ, ਮਾਨੋਂ ਉਨ੍ਹਾਂ ਨੂੰ ਘੂਰਕ ਰਹੇ ਨੇ। ਦੋਵੇਂ ਨਾਲ ਡੱਠੀਆਂ ਮੰਜੀਆਂ ਤੇ ਪੈ ਕੇ ਗੱਲਾਂ ਜਿਹੀਆਂ ਕਰਨ ਲਗ ਪਏ।

"ਮਾਂ ਐਵੇਂ ਨਿਤ ਮਰਨ ਮਰਨ ਕਰਦੀ ਰਹਿੰਦੀ", ਕਰੀਮੂ ਬੋਲਿਆ।

"ਰੱਬ ਕਰੇ, ਨਾ ਮਾਂ ਮਰੇ, ਤੇ ਨਾ ਹੀ ਉਹਦੀਆਂ ਮੁਰਕੀਆਂ ਦੱਬੀਆਂ ਜਾਣ", ਰਹੀਮੂ ਨੇ ਆਖਿਆ।

"ਹਾਂ ਉਹ ਜਿਉਂਦੀ ਹੀ ਰਹੇ ਤੇ ਵੇਖਦੀ ਰਹੇ ਆਪਣੀਆਂ ਮੁਰਕੀਆਂ ਨੂੰ।" ਫਿਰ ਦੋਵੇਂ ਚੁੱਪ ਕਰ ਗਏ।

"ਸੋਨਾ ਵੀ ਕਦੀ ਦੱਬੀਦਾ ਏ ਭੋਂ ਵਿਚ ਭਲਾ ?" ਰਹੀਮੂ ਨੇ ਪੁਛਿਆ।

"ਕਾਹਨੂੰ, ਮਾਂ ਤੇ ਸੁਦੈਣ ਆ। ਲੋਕੀਂ ਤੇ ਸਗੋਂ ਸੋਨਾ ਧਰਤੀ 'ਚੋ ਕੱਢਦੇ ਹੁੰਦੇ ਨੇ।"

"ਕਿੰਨੇ ਕੰਮ ਆਉਂਦਾ ਏ...। ਸੋਨੇ ਦੇ ਪੈਸੇ, ਪੈਸਿਆਂ ਦੇ ਦਾਣੇ ਤੇ ਰੋਟੀਆਂ..." ਇਉਂ ਗੱਲਾਂ ਕਰਦੇ ਉਹ ਸੌ ਗਏ।

ਕਈ ਦਿਨ ਹੋਰ ਲੰਘ ਗਏ। ਓੜਕ ਰਿੜ੍ਹਕਦੀ ਮਾਂ ਦਾ ਅੰਤ ਹੋ ਗਿਆ। ਦੋਹਾਂ ਭਰਾਵਾਂ ਨੜੋਇਆ ਤਿਆਰ ਕੀਤਾ। ਕੋਈ ਉਨ੍ਹਾਂ ਦੀ ਸਹਾਇਤਾ ਨੂੰ ਨਾ ਪਹੁੰਚਿਆ। ਉਨ੍ਹਾਂ ਆਪੀਂ ਕਬਰ ਪੁੱਟੀ ਤੇ ਅੰਤਮ ਦਰਸ਼ਨਾਂ ਲਈ ਮਾਂ ਦਾ ਮੂੰਹ ਨੰਗਿਆਂ ਕੀਤਾ। ਦੋਹਾਂ ਕੰਨਾਂ ਵਿਚ ਦੋ ਸੋਨੇ ਦੀਆਂ ਮੁਰਕੀਆਂ ਉਸੇ ਤਰ੍ਹਾਂ ਲਮਕ ਰਹੀਆਂ ਸਨ—ਉਨ੍ਹਾਂ ਦੇ ਪਿਉ ਦੀ ਯਾਦਗਾਰ।

ਮਾਂ ਨੂੰ ਚੰਗੀ ਤਰ੍ਹਾਂ ਦਫਨਾ ਕੇ ਦੋਵੇਂ ਘਰ ਪਰਤ ਆਏ। ਕੋਈ ਦਿਲਬਰੀ ਲਈ ਉਨ੍ਹਾਂ ਕੋਲ ਨਾ ਬੈਠਾ, ਨਾ ਹੀ ਪਿੰਡ ਵਿਚ ਕਿਸੇ ਨੂੰ ਉਨ੍ਹਾਂ ਦੀ ਮਾਂ ਦਾ ਗ਼ਮ ਸੀ। ਰਾਤੀਂ ਦੋਵੇਂ ਭੁੱਖੇ ਭਾਣੇ ਮੰਜਿਆਂ ਤੇ ਚੁਪ ਚਾਪ ਜਿਹੇ ਪੈ ਗਏ। ਕੁਝ ਚਿਰ ਮਗਰੋਂ ਕਰੀਮੂ ਦੇ ਮੂੰਹੋਂ ਨਿਕਲਿਆ :

"ਚਲੋ ਜੀ ਤੁਰ ਗਈ ਮਾਂ ਵੀ ਅੱਜ।"

"ਹੁਣ ਉਹ ਕਿਥੇ ਜਾਏਗੀ ਕਰੀਮੂ ?" ਰਹੀਮੂ ਨੇ ਵੀ ਚੁਪ ਤੋੜੀ।

"ਬਹਿਸ਼ਤੀ।"

"ਮੁਰਕੀਆਂ ਵੀ ਨਾਲ ਈ ?"

"ਮੁਰਕੀਆਂ ?" ਕਰੀਮੂ ਕੋਈ ਉੱਤਰ ਨਾ ਦੇ ਸਕਿਆ। ਓੜਕ ਦੋਹਾਂ ਨੂੰ ਨੀਂਦਰ ਆ ਗਈ।

ਧਰੂਆਂ ਦੁਆਲੇ ਘੁੰਮਣ ਵਾਲੀ ਸਤ-ਰਿਸ਼ੀਆਂ ਦੀ ਖਿੱਤੀ ਕਿਤੇ ਦੀ ਕੀਤੇ ਜਾ ਢੁੱਕੀ ਸੀ। ਕਿੰਨੇ ਹੀ ਤਾਰੇ ਆਕਾਸ਼ੋਂ ਬੁਝ ਚੁੱਕੇ ਸਨ ਜਦ ਰਹੀਮੂ ਕਸਮੇੜ ਜਿਹੇ ਖਾਂਦਾ ਜਾਗਿਆ। ਰਾਤ ਏਡੀ ਡਰੌਣੀ ਸੀ ਜੇਡਾ ਉਨ੍ਹਾਂ ਦੀ ਮੋਈ ਮਾਂ ਦਾ ਚਿਹਰਾ।

ਉਸ ਸਹਿਜੇ ਜਿਹੇ ਭਰਾ ਨੂੰ ਜਗਾ ਕੇ ਆਖਿਆ :

"ਭੁੱਖ ਲਗੀ ਉ", ਰਹੀਮੂ ਬੋਲਿਆ ।

"ਘਰ ਵਿਚ ਤੇ ਕੁਝ ਨਹੀਂ ।" ਕਰੀਮੂ ਬੋਲਿਆ ।

ਫਿਰ ਕਿੰਨਾ ਚਿਰ ਦੋਵੇਂ ਗੁੰਮ ਜਿਹੇ ਪਏ ਰਹੇ । ਪਰ ਰਹੀਮੂ ਨੇ ਮੁੜ ਆਖਿਆ :

"ਖ਼ਰੋਟ ਭੰਨ ਕੇ ਖਾ ਲਵਾਂ ?"

"ਖੇਡਾਂਗੇ ਕਾਹਦੇ ਨਾਲ ?"

ਮੁੜ ਇਕ ਹੂਕ ਜਿਹੀ ਛਾ ਗਈ ।

"ਤੇ ਫਿਰ ?"

"ਫਿਰ ?"

ਇਕੋ ਵਾਰ ਇਕੋ ਫੁਰਨਾ ਜੀਕਰ ਦੋਹਾਂ ਨੂੰ ਫੁਰ ਪਿਆ ਹੁੰਦਾ ਏ, ਬਿਨਾਂ ਹੋਰ ਕੁਝ ਬੋਲਿਆਂ ਦੋਵੇਂ ਉਠ ਖਲੋਤੇ । ਮਲਕੜੇ ਜਿਹੇ ਇਕ ਨੇ ਕਹੀ ਚੁੱਕੀ ਤੇ ਦੂਜੇ ਨੇ ਕੰਧਾਲ ਤੇ ਸਹਿਜੇ ਸਹਿਜੇ ਦੋਵੇਂ ਬਾਹਰ ਨਿਕਲ ਗਏ ।

... ...

ਰਾਤ ਮੌਤ ਜੇਡੀ ਖ਼ਾਮੋਸ਼ ਸੀ । ਸੱਜਰੀ ਦੱਬੀ ਮਾਂ ਦੀ ਕਬਰ ਉਤੇ ਦੋ ਕਾਲੇ ਵਜੂਦ ਅਹਿੱਲ ਖਲੋਤੇ ਸਨ, ਜੀਕਰ ਮ੍ਰਿਤੂ ਦੇ ਪਰਛਾਵੇਂ ਹੁੰਦੇ ਹਨ । ਕਿੰਨਾ ਚਿਰ ਕੋਈ ਆਵਾਜ਼ ਉਥੇ ਪੈਦਾ ਨਾ ਹੋਈ, ਕੁਝ ਚਿਰ ਮਗਰੋਂ ਕੁਝ ਸਾਂ ਸਾਂ ਹੋਈ ।

"ਕਰੀਮੂ......ਮਾਰ ਵੀ......ਟੱਕ", ਸਹਿਜੇ ਹੀ ਰਹੀਮੂ ਦੇ ਮੂੰਹੋਂ ਮਸਾਂ ਨਿਕਲਿਆ ।

"ਤੂੰ ਵੀ ਤੇ......?" ਕਰੀਮੂ ਨੇ ਕੰਬਦੀਆਂ ਬਾਹਾਂ ਨਾਲ ਕਹੀ ਆਪਣੇ ਵੱਲ ਝੁਕਾਂਦਿਆਂ ਕਿਹਾ ।

ਉਨ੍ਹਾਂ ਦੀਆਂ ਹਿਕਾਂ ਠਕ ਠਕ ਵੱਜ ਰਹੀਆਂ ਸਨ । ਕਹੀ ਤੇ ਕੰਧਾਲਾ ਜੀਕਰ ਉਨ੍ਹਾਂ ਤੋਂ ਚੁੱਕੇ ਹੀ ਨਹੀਂ ਸਨ ਜਾਂਦੇ । ਕਬਰ ਪੁੱਟਣ ਲਈ ਹਥਿਆਰਾਂ ਨੂੰ ਉਭਾਰ ਕੇ ਉਹ ਟੱਕ ਮਾਰਨਾ ਚਾਹੁੰਦੇ ਸਨ ਪਰ ਬਾਹਵਾਂ ਜੀਕਰ ਸੱਤਿਆ-ਹੀਣ ਹੋ ਗਈਆਂ ਹੁੰਦੀਆਂ ਹਨ । ਰਾਤ ਦੀ ਖ਼ਾਮੋਸ਼ੀ ਵਿੱਚੋਂ ਇਕ ਬੇ-ਮਾਲੂਮੀ ਜਿਹੀ ਆਵਾਜ਼ ਉਨ੍ਹਾਂ ਦੇ ਕੰਨਾਂ ਵਿੱਚ ਗੂੰਜ ਉੱਠੀ, ਜੀਕਰ ਆਕਾਸ਼ ਤੇ ਪਾਤਾਲ ਦੋਵੇਂ ਬੋਲ ਉਠੇ ਹੁੰਦੇ ਹਨ ।

"ਕਬਰ...ਵਿਚ ਮੇਰੇ ਨਾਲ ਦਬਾ ਦੇਣੀਆਂ...ਮੇਰੀਆਂ ਮੁਰਕੀਆਂ, ਤੁਹਾਡੇ ਅੱਬਾ ਦੀ ਯਾਦ, ਬੱਚਾ !"

"ਮਾਂ...?" ਰਹੀਮੂ ਦੇ ਮੂੰਹੋਂ ਬੇ-ਤਹਾਸ਼ਾ ਇਉਂ ਨਿਕਲਿਆ ਜੀਕਰ ਉਹ ਰੋ ਪਿਆ ਹੁੰਦਾ ਏ।

"ਚਲ ਰਹੀਮੂ..." ਕਰੀਮੂ ਕੇਵਲ ਇੰਨਾ ਹੀ ਆਖ ਸਕਿਆ।

ਹਥਿਆਰ ਦੋਹਾਂ ਦੇ ਹੱਥੋਂ ਢਹਿ ਪਏ। ਤਾਰਿਆਂ ਦੀ ਲੋ ਵਿਚ ਉਨ੍ਹਾਂ ਘਰ ਨੂੰ ਮੁੜੇ ਜਾਂਦਿਆਂ ਦੀਆਂ ਅੱਖਾਂ ਵਿਚ ਹੰਝੂ ਚਮਕ ਰਹੇ ਸਨ।

ਕਰਤਾਰ ਸਿੰਘ ਦੁੱਗਲ

ਕਿਉਂ ਉਹੀ ਕਿਉਂ ?

ਇਕ ਅੱਖ ਦੇ ਫੋਰ ਵਿਚ ਸਭ ਕੁਝ ਹੋ ਗਿਆ, ਹਰੀ ਬੱਤੀ ਹਟੀ, ਪਰ ਇਸ ਪਾਸਿਉਂ ਇਕ ਮੋਟਰ ਤੇ ਦੋ ਸਾਈਕਲ ਵਾਲੇ ਲੰਘ ਚੁੱਕੇ ਸਨ। ਹਰੀ ਹਟੀ, ਪੀਲੀ ਜਗੀ ਤੇ ਖੱਬੇ ਹੱਥੋਂ ਆਪਣੀ ਪੂਰੀ ਰਫ਼ਤਾਰ ਨਾਲ ਆ ਰਹੀ ਇਕ ਜੀਪ ਨੇ ਰੁਕਣਾ ਜ਼ਰੂਰੀ ਨਾ ਸਮਝਿਆ। ਅਗਲੇ ਹੀ ਛਿਣ ਤੇ ਉਸ ਪਾਸੇ ਹਰੀ ਬੱਤੀ ਹੋਣ ਵਾਲੀ ਸੀ। ਇਸ ਪਾਸਿਉਂ ਗੁਜਰੀ ਮੋਟਰ ਤੇ ਨਿਕਲ ਗਈ, ਇਕ ਸਾਈਕਲ ਵਾਲਾ ਵੀ ਲੰਘ ਗਿਆ ਸੀ, ਪਰ ਖੱਬੇ ਹੱਥੋਂ ਆ ਰਹੀ ਜੀਪ ਨੇ ਦੂਜੇ ਸਾਈਕਲ ਵਾਲੇ ਨੂੰ ਜਿਵੇਂ ਉਲਾਹ ਕੇ ਸਾਹਮਣੇ ਸੁਟ ਪਾਇਆ। ਤੇ ਫਿਰ ਇਸ ਤੋਂ ਪਹਿਲੇ ਕਿ ਜੀਪ ਰੁਕ ਸਕਦੀ, ਉਹਦੇ ਪਹੀਏ ਸਾਈਕਲ ਵਾਲੇ ਉਤੋਂ ਲੰਘ ਗਏ।

ਸਾਹਮਣੇ ਚੌਕ ਵਿਚ ਸਾਈਕਲ ਵਾਲਾ ਪਿਆ ਸੀ। ਲਹੂ ਦੀ ਢੰਨ ਵਿਚ। ਉਸ ਦੀ ਮਿੱਧੀ ਹੋਈ ਖੋਪੜੀ ਵਿਚੋਂ ਨਿਕਲੇ ਮਗ਼ਜ਼ ਤੇ ਛਿਟੇ ਇੰਜ ਖਿਲਰੇ ਸਨ ਜਿਵੇਂ ਦਹੀਂ ਦਾ ਕੂੰਡਾ ਟੁੱਟਾ ਹੋਵੇ। ਜੀਪ ਦੀ ਸਾਈਕਲ ਨਾਲ ਟੱਕਰ ਦੀ ਆਵਾਜ਼, ਸਾਈਕਲ ਵਾਲੇ ਦੀ ਚੀਖ਼ ਤੇ ਫਿਰ ਸਭ ਕੁਝ ਖ਼ਤਮ ਹੋ ਗਿਆ। ਮੂਧੇ ਪਏ ਸਾਈਕਲ ਵਾਲੇ ਨੇ ਦੋ ਵਾਰੀ ਆਪਣੀ ਲੱਤ ਨੂੰ ਜਿਵੇਂ ਛੰਡਿਆ ਤੇ ਫਿਰ ਉਹ ਠੰਡਾ ਹੋ ਗਿਆ। ਅਹਿੱਲ, ਬੇਜਾਨ। ਇਸ ਤੋਂ ਪਹਿਲੇ ਕਿ ਉਹ ਆਪਣੀਆਂ-ਆਪਣੀਆਂ ਮੋਟਰਾਂ ਨੂੰ ਛਡ ਕੇ ਚੌਕੇ ਦੇ ਵਿਚਕਾਰ ਲਾਸ਼ ਕੋਲ ਪੁਜੇ, ਲਹੂ ਤੇ ਮਗ਼ਜ਼ ਸਾਈਕਲ ਵਾਲੇ ਦੇ ਫੱਟੜ ਮੂੰਹ ਤੇ ਮੱਖੀਆ ਭਿਣ ਭਿਣਾ ਰਹੀਆਂ ਸਨ।

ਚਿਚਲਾਂਦੀ ਧੁੱਪ ਸੀ। ਸੜਕ ਤੇ ਲੋਕੀਂ ਜ਼ਿਆਦਾਤਰ ਸਰਕਾਰੀ ਅਫ਼ਸਰ ਜਾ ਡਿਪਲੋਮੈਟ ਸਨ, ਦੁਪਹਿਰ ਦੇ ਖਾਣੇ ਲਈ ਨਿਕਲੇ। ਇਕ ਨਜ਼ਰ ਇਸ ਬੇਦਰਦ ਹਾਦਸੇ ਨੂੰ ਵੇਖ ਕੇ ਹਰ ਕੋਈ ਆਪੋ ਆਪਣੇ ਰਾਹ ਤੁਰ ਗਿਆ। ਹੁਣੇ ਪੁਲਿਸ ਆ ਜਾਣੀ ਹੈ। ਕੌਣ ਇਸ ਕਜੀਏ ਵਿਚ ਪਵੇ।

ਤੇ ਸੜਕ ਤੇ ਉਸ ਵੇਲੇ ਜਾ ਰਹੇ ਅਨੇਕ ਰਾਹ ਗੁਜ਼ਰੂਆਂ ਵਾਂਗ ਉਹ ਵੀ ਆਪਣੀ ਮੋਟਰ ਤੇ ਬੈਠਾ ਘਰ ਤੁਰ ਗਿਆ। ਰਸਤੇ ਵਿਚ ਆਏ ਬਾਕੀ ਚੌਕਾਂ ਵਿਚ ਉਹ ਜ਼ਿਆਦਾ ਸਾਵਧਾਨ ਸੀ ਤੇ ਬਸ !

ਘਰ ਪੁੱਜ ਕੇ ਉਸ ਸੜਕ ਤੇ ਹਾਦਸੇ ਬਾਰੇ ਕਿਸੇ ਨਾਲ ਗੱਲ ਨਹੀਂ ਕੀਤੀ। ਖਾਣੇ ਦੀ ਮੇਜ਼ ਤੇ ਉਨ੍ਹਾਂ ਦੀ ਬੱਚੀ ਸੀ। ਅਤਿਅੰਤ ਕੋਮਲ ਚਿਤ, ਪਿਆਰੀ ਜਿਹੀ ਚੀਜ਼, ਖਾਣਾ ਖਾਂਦੀ ਕਹਿਣ ਲੱਗੀ, "ਡੈਡੀ ਲਗਦਾ ਏ ਜਿਵੇਂ ਤੁਸੀਂ ਕੁਝ ਸੋਚ ਰਹੇ ਹੋਵੋ। ਮੰਮੀ ਨੇ ਕਈ ਵਾਰ ਤੁਹਾਨੂੰ ਕਿਹਾ ਹੈ, ਖਾਣਾ ਖਾਂਦੇ ਤੁਸੀਂ ਨਾ ਸੋਚਿਆ ਕਰੋ। ਖਾਣਾ ਖਾਂਦੇ ਸੋਚਦੇ ਤੁਹਾਨੂੰ ਉੱਥੂ ਆ ਜਾਂਦਾ ਹੈ।"

"ਸਾਡੇ ਪਿਤਾ ਜੀ ਦਫ਼ਤਰ ਨੂੰ ਦਫ਼ਤਰ ਛਡ ਆਂਦੇ ਸਨ", ਉਹਦੀ ਤ੍ਰੀਮਤ ਨੇ ਆਪਣੀ ਵਿਆਹੁਤਾ ਜ਼ਿੰਦਗੀ ਵਿਚ ਕੋਈ ਸੌਵੀਂ ਵਾਰ ਇਹ ਸ਼ਬਦ ਦੁਹਰਾਏ। "ਕਦੀ ਉਹ ਕੋਈ ਦਫ਼ਤਰ ਦੀ ਮਿਸਲ ਘਰ ਨਹੀਂ ਸਨ ਲਿਆਂਦੇ।"

"ਫ਼ਾਈਲ ਤੇ ਡੈਡੀ ਵੀ ਨਹੀਂ ਲਿਆਂਦੇ"; ਬੇਟੀ ਨੇ ਪਿਤਾ ਦਾ ਸਾਥ ਦਿੱਤਾ। "ਪਰ ਫ਼ਾਈਲਾਂ ਵਿਚ ਜੋ ਕੁਝ ਹੁੰਦਾ ਹੈ, ਉਸ ਨੂੰ ਚੁਕੀ ਫਿਰਦੇ ਨੇ ਆਪਣੇ ਮਨ ਤੇ।"

ਇਤਨੇ ਵਿਚ ਨੌਕਰ ਨੇ ਫਰਿੱਜ ਵਿਚੋਂ ਅੰਬ ਕਢ ਕੇ ਮੇਜ਼ ਤੇ ਰਖ ਦਿੱਤੇ ਤੇ ਗੱਲ ਆਈ ਗਈ ਹੋ ਗਈ।

ਪਰ ਨਹੀਂ; ਖਾਣਾ ਖਾ ਕੇ ਹਟਿਆ, ਆਰਾਮ ਲਈ ਆਪਣੇ ਪਲੰਗ ਤੇ ਲੇਟਿਆ ਉਹ ਫਿਰ ਸੋਚ ਰਿਹਾ ਸੀ—ਆਖ਼ਰ ਕਿਉਂ ਉਹ ਸਾਈਕਲ ਵਾਲਾ ਇੰਜ ਇਕ ਛਿਣ-ਦੇ-ਛਿਣ ਮਿਧਿਆ ਗਿਆ ਸੀ ? ਉਸ ਕੀ ਕਸੂਰ ਕੀਤਾ ਸੀ ? ਜੇ ਉਸ ਦਾ ਕਸੂਰ ਨਹੀਂ ਸੀ, ਤਾਂ ਉਹਦੇ ਨਾਲ ਦੂਜੀ ਸਾਈਕਲ ਵਾਲਾ ਕਿਉਂ ਬਚ ਗਿਆ ? ਉਨ੍ਹਾਂ ਅੱਗੇ ਅੱਗੇ ਜਾ ਰਿਹਾ ਮੋਟਰ ਵਾਲਾ ਬਚ ਗਿਆ ਸੀ। ਜੀਪ ਦਾ ਕੁਝ ਨਹੀਂ ਵਿਗੜਿਆ ਸੀ। ਜੀਪ ਚਲਾ ਰਹੇ ਡਰਾਈਵਰ ਨੂੰ ਝਰੀਟ ਤਕ ਨਹੀਂ ਸੀ। ਆਖ਼ਰ ਉਹ ਸਾਈਕਲ ਵਾਲਾ ਹੀ ਕਿਉਂ ? ਕਿਸੇ ਨੂੰ ਉਹਦਾ ਨਾਂ ਵੀ ਨਹੀਂ ਪਤਾ ਸੀ।

ਕੋਈ ਘਰ ਨਹੀਂ ਪੁਜੇਗਾ। ਅਖ਼ਬਾਰਾਂ ਵਿਚ ਹਾਦਸੇ ਦੀ ਖ਼ਬਰ ਛਪੇਗੀ। ਘਰ ਵਾਲੇ ਇਕ ਦੋ ਦਿਨ ਉਡੀਕ ਕੇ ਥਾਣੇ ਰਿਪੋਰਟ ਕਰਨਗੇ। ਇਧਰ ਉਧਰ ਟੋਲਣਗੇ ਫਿਰ ਮੁਰਦੇ ਖ਼ਾਨੇ ਲਾਸ਼ ਸ਼ਨਾਖ਼ਤ ਕਰਨਗੇ। ਫਿਰ ਲਾਸ਼ ਦਾ ਉਨ੍ਹਾਂ ਨੂੰ ਕਬਜ਼ਾ ਦੇ ਦਿੱਤਾ ਜਾਵੇਗਾ।

ਤੇ ਫਿਰ ਉਹ ਜੀਅ ਭਰ ਕੇ ਰੋ ਲੈਣਗੇ! ਮਾਂ ਆਪਣੀ ਛਾਤੀ ਪਿਟ ਲਵੇਗੀ। ਤ੍ਰੀਮਤ ਆਪਣੇ ਵਾਲ ਖੋਹ ਲਵੇਗੀ। ਭੈਣਾਂ ਵੈਣ ਪਾਉਂਦੀਆਂ ਆਪਣੇ ਗਲੇ ਫਾੜ ਲੈਣਗੀਆਂ। ਆਂਢੀ ਗੁਆਂਢੀ ਹੱਥ ਮਲ ਮਲ ਕੇ ਤੁਰ ਗਏ ਦੀਆਂ ਗੱਲਾਂ ਕਰਨਗੇ। ਫਿਰ ਕਹਾਣੀ ਖ਼ਤਮ ਹੋ ਜਾਵੇਗੀ।

ਉਹ ਸੋਚ ਰਿਹਾ ਸੀ ਆਖ਼ਰ ਕਿਉਂ ਉਹ ਸਾਈਕਲ ਵਾਲਾ ਇੰਜ ਇਕ ਛਿਣ

ਵਿਚ ਮਿੱਧਿਆ ਗਿਆ ? ਉਸ ਕੀ ਕਸੂਰ ਕੀਤਾ ਸੀ ?

ਇੰਜ ਸੋਚਦਾ ਉਹ ਮੁੜ ਦਫਤਰ ਚਲਾ ਗਿਆ ਰਸਤੇ ਵਿਚ ਹਰ ਚੌਕ ਤੇ ਵਿਸ਼ੇਸ਼ ਇਹਤਿਆਤ। ਹਾਦਸੇ ਵਾਲੇ ਚੌਕ ਵਿਚ ਉਸ ਵੇਖਿਆ, ਲਾਸ਼ ਸੜਕ ਤੋਂ ਹਟਾ ਲਈ ਗਈ ਸੀ। ਲਹੂ ਦੀ ਢੰਨ ਉਂਜ ਦੀ ਉਂਜ ਸੀ ਪੁਲਿਸ ਵਾਲੇ ਅੱਗੇ ਪਿੱਛੇ ਖਲੋਤੇ ਸਨ।

ਹੋ ਸਕਦਾ ਹੈ ਲਾਸ਼ ਨੂੰ ਸ਼ਨਾਖ਼ਤ ਕਰ ਲਿਆ ਗਿਆ ਹੋਵੇ—ਦਫ਼ਤਰ ਆਪਣੇ ਕਮਰੇ ਵਿਚ ਬੈਠਾ ਉਹ ਸੋਚ ਰਿਹਾ ਸੀ। ਖ਼ਬਰੇ ਨਾਲ ਦੀ ਹੀ ਕਾਲੋਨੀ ਵਿਚੋਂ ਆਇਆ ਹੋਵੇ। ਉਹਦੇ ਘਰ ਵਾਲਿਆਂ ਨੂੰ ਪਤਾ ਲਗ ਚੁੱਕਾ ਹੋਵੇਗਾ। ਤਾਂ ਵੀ ਪੁਲਿਸ ਵਾਲੇ ਪੋਸਟ ਮਾਰਟਮ ਤੋਂ ਬਿਨਾਂ ਲਾਸ਼ ਦਾ ਕਬਜ਼ਾ ਨਹੀਂ ਦੇਣਗੇ। ਚੀਰ ਫਾੜ ਕਰ ਕੇ ਮੁਰਦਾ ਖ਼ਰਾਬ ਕਰਨਗੇ। ਸਾਫ਼ ਸੜਕ ਤੇ ਹਾਦਸਾ ਹੋਇਆ ਸੀ, ਤਾਂ ਵੀ ਪੁਲਿਸ ਵਾਲੇ ਆਪਣੀ ਕਾਰਵਾਈ ਪੂਰੀ ਕਰਨਗੇ। ਆਦਮੀ ਮਰ ਗਿਆ ਸੀ। ਕੋਈ ਮੱਖੀ ਨਹੀਂ ਮੋਈ ਸੀ।

ਹਸਪਤਾਲ ਵਿਚ ਮੁਰਦੇ ਦੀ ਚੀਰ-ਫਾੜ ਇੰਜ ਹੁੰਦੀ ਹੈ ਜਿਵੇਂ ਕਸਾਈ ਬਕਰੇ ਨੂੰ ਕੋਂਹਦੇ ਹਨ। ਛਾਤੀ ਨੂੰ ਵੱਢ ਕੇ ਦੇਖਣਗੇ, ਕਿਸੇ ਉਸ ਨੂੰ ਜ਼ਹਿਰ ਤੇ ਨਹੀਂ ਦਿੱਤਾ ਸੀ। ਹੋਰ ਕੋਈ ਧੋਖਾ ਤੇ ਨਹੀਂ ਉਸ ਨਾਲ ਹੋਇਆ ਸੀ। ਮੈਡਿਕਲ ਕਾਲਿਜ ਦੇ ਮੁੰਡੇ ਕੜੀਆਂ ਨੂੰ ਮੁਰਦੇ ਦੇ ਚੀਰੇ ਹੋਏ ਅੰਗ ਵਿਖਾਏ ਜਾਣਗੇ, ਉਸਦਾ ਦਿਲ, ਉਹਦਾ ਕਲੇਜਾ, ਉਹਦੀਆਂ ਆਂਦਰਾਂ, ਉਹਦੇ ਫੇਫੜੇ, ਉਹਦੇ ਤਿਲੀ, ਉਹਦੇ ਗੁਰਦੇ। ਬਾਹਰ ਉਹਦੇ ਰਿਸ਼ਤੇਦਾਰ ਉਡੀਕ ਰਹੇ ਹੋਣਗੇ, ਮੁਰਦੇ ਲਈ ਤੇ ਅੰਦਰ ਮੈਡ਼ੀਕਲ ਕਾਲਿਜ ਦੇ ਮੁੰਡੇ ਕੁੜੀਆਂ ਗਲੇ ਤੋਂ ਲੈ ਕੇ ਧੁੰਨੀ ਤਕ ਵੇਤਰੀ ਮੁਰਦੇ ਦੀ ਲਾਸ਼ ਦਾ ਨਿਰੀਖਣ ਕਰ ਰਹੇ ਹੋਣਗੇ। ਕੋਈ ਦਿਲ ਨੂੰ ਚੀਰ ਕੇ ਵੇਖਣਗੇ, ਕੋਈ ਕਲੇਜੇ ਨੂੰ ਫਾੜ ਕੇ ਝਾਕਣਗੇ। ਕੋਈ ਮੁਰਦੇ ਦੇ ਫੇਫੜਿਆਂ ਤੋਂ ਕੁਤਰੇ ਮਾਸ ਦੇ ਟੁਕੜੇ ਦਵਾਈਆਂ ਵਿਚ ਮਿਲਾ ਕੇ ਉਨ੍ਹਾਂ ਦਾ ਪ੍ਰਤੀਕਰਮ ਵਾਚਣਗੇ। ਤੇ ਫਿਰ ਕੋਈ ਡਾਕਟਰ ਬਣਨ ਜਾ ਰਹੀ ਹੁਸੀਨ ਕੁੜੀ ਸਹਿਸਾ ਕਰੇਗੀ, ਹੁਣ ਇਸ ਦੀ ਖੋਪਰੀ ਨੂੰ ਆਰੀ ਨਾਲ ਕੱਟ ਕੇ ਇਹਦਾ ਮਗ਼ਜ਼ ਵੇਖਦੇ ਹਾਂ। ਤੇ ਉਹ ਤਾਵਲੀ ਤਾਵਲੀ ਲਾਸ਼ ਦੇ ਉੱਤਲੇ ਹਿੱਸੇ ਉੱਤੇ ਚਾਦਰ ਹਟਾਏਗੀ। ਇਸ ਮੁਰਦੇ ਦੀ ਖੋਪੜੀ ਤੇ ਹੈ ਹੀ ਨਹੀਂ। ਖੋਪੜੀ ਤੇ ਸੜਕ ਦੇ ਚੌਕ ਤੇ ਚੀਨਾ ਚੀਨਾ ਹੋ ਗਈ ਸੀ। ਮੁਰਦੇ ਦਾ ਮਗ਼ਜ਼ ਤੇ ਸੜਕ ਤੇ ਡੁਲ ਗਿਆ ਸੀ, ਜਿਵੇਂ ਦਹੀਂ ਦਾ ਕੂੰਡਾ ਫੁੱਟ ਜਾਂਦਾ ਹੈ। ਇਸ ਲਾਸ਼ ਦੇ ਮਗ਼ਜ਼ ਨੂੰ ਤੇ ਮੱਖੀਆਂ ਕਦੋਂ ਦੀਆਂ ਚੱਟਮ ਕਰ ਚੁੱਕੀਆਂ ਸਨ ਤੇ ਫਿਰ ਉਹ ਡਾਕਟਰੀ ਦੀ ਹੁਸੀਨ ਵਿਦਿਆਰਥਣ

ਜਿਵੇਂ ਨਿਰਾਸ਼ ਹੋ ਜਾਵੇਗੀ। ਕਿਤਨਾ ਬੇਹੂਦਾ ਮੁਰਦਾ ਹੈ। ਉਨ੍ਹਾਂ ਨੂੰ ਮਗਜ਼ ਵੇਖਣ ਲਈ ਫਿਰ ਕਿਸੇ ਦਿਨ ਆਉਣਾ ਹੋਵੇਗਾ। ਇਤਨੀ ਗਰਮੀ ਇਸ ਸ਼ਹਿਰ ਵਿਚ ਪਹਿਲੇ ਕਦੇ ਨਹੀਂ ਪਈ। ਲਾਸ਼ ਵਿਚੋਂ ਜਿਵੇਂ ਬੂ ਆ ਰਹੀ ਹੋਵੇ ਤੇ ਮੈਡੀਕਲ ਕਾਲਿਜ ਦੇ ਮੁੰਡੇ ਕੁੜੀਆਂ ਆਪਣੇ ਆਪਣੇ ਰੁਮਾਲ ਨੱਕਾਂ ਤੇ ਰਖੀ ਨਿਕਲ ਜਾਣਗੇ।

ਦਫ਼ਤਰ ਆਪਣੇ ਕਮਰੇ ਵਿਚ ਕੱਲ-ਮੁਕੱਲਾ ਬੈਠਾ ਮੁੜ ਮੁੜ ਉਹ ਸੋਚਣ ਲਗ ਪੈਂਦਾ ਆਖ਼ਰ ਕਿਉਂ ਉਹ ਸਾਈਕਲ ਵਾਲਾ ਇੰਜ ਇਕ ਛਿਣ ਦੇ ਛਿਣ ਵਿਚ ਮਿੱਧਿਆ ਗਿਆ? ਉਸ ਕੀ ਕਸੂਰ ਕੀਤਾ ਸੀ? ਆਖ਼ਰ ਉਹੀ ਕਿਉਂ?

ਉਹਦਾ ਆਪਣੇ ਕੰਮ ਵਿਚ ਮਨ ਨਹੀਂ ਸੀ ਲੱਗ ਰਿਹਾ। ਮੁੜ ਮੁੜ ਚੌਕ ਦਾ ਉਹ ਭਿਆਨਕ ਚਿੱਤਰ ਉਹਦੀਆਂ ਅੱਖੀਆਂ ਦੇ ਸਾਹਮਣੇ ਘੁੰਮਣ ਲਗ ਪੈਂਦਾ ਤੇ ਉਸ ਸ਼ਾਮ ਉਹ ਵਕਤ ਤੋਂ ਪਹਿਲਾਂ ਹੀ ਘਰ ਮੁੜ ਆਇਆ।

ਖ਼ਬਰੇ ਨਿੱਕੇ ਨਿੱਕੇ ਬੱਚੇ ਹੋਣਗੇ ਉਹਦੇ। ਬੱਚੇ ਕਿਉਂ ਨਹੀਂ ਹੋਣਗੇ। ਆਪਣੇ ਦੇਸ਼ ਵਿਚ ਇਸ ਉਮਰ ਵਿਚ ਕਿਸ ਦੇ ਬੱਚੇ ਨਹੀਂ ਹੁੰਦੇ? ਤਿੰਨ-ਚਾਰ ਤੇ ਜ਼ਰੂਰ ਹੋਣਗੇ। ਭਾਵੇਂ ਜ਼ਿਆਦਾ ਵੀ ਹੋਣ। ਹੁਣ ਉਹ ਉਹਦੇ ਪਿਛੇ ਰਹਿ ਗਿਆਂ ਦੇ ਬਾਰੇ ਸੋਚ ਰਿਹਾ ਸੀ। ਕੁਰਬਲ ਕੁਰਬਲ ਕਰ ਰਹੇ ਕੀੜਿਆਂ ਵਾਂਗ। ਵਿਚਾਰੇ ਵਿਲਕ ਰਹੇ ਹੋਣਗੇ। ਹੋ ਸਕਦਾ ਹੈ, ਉਹਦਾ ਜ਼ਿੰਦਗੀ ਦਾ ਬੀਮਾ ਹੋਵੇ। ਜ਼ਿੰਦਗੀ ਦੇ ਬੀਮੇ ਨਾਲ ਹਾਦਸੇ ਦਾ ਬੀਮਾ। ਹਾਦਸੇ ਵਿਚ ਮਰਨ ਵਾਲੇ ਨੂੰ ਬੀਮੇ ਦੀ ਦੂਣੀ ਰਕਮ ਮਿਲ ਜਾਂਦੀ ਹੈ। ਤੇ ਉਹਦੀ ਮੁਸਕੜੀ ਨਿਕਲ ਗਈ। ਹਾਦਸੇ ਵਿਚ ਮਰਨ ਵਾਲੇ ਨੂੰ ਥੋੜ੍ਹੇ ਰਕਮ ਮਿਲਦੀ ਹੈ। ਪੈਸਾ ਤੇ ਮਿਲਦਾ ਹੈ ਉਹਦੇ ਪਿਛੇ ਰਹਿ ਗਏ ਕਿਸੇ ਨੂੰ।

ਤੇ ਫਿਰ ਉਸ ਨੂੰ ਤਾਜੀ ਦਾ ਕਿੱਸਾ ਯਾਦ ਆਣ ਲੱਗ ਪਿਆ। ਮਿਸਜ਼ ਮੁਮਤਾਜ਼ ਮਦਨ ਉਨ੍ਹਾਂ ਦੀ ਗੁਆਂਢਣ ਸੀ, ਜਦੋਂ ਉਹ ਪਾਲਮ ਰਹਿੰਦੇ ਸਨ। ਉਹਦਾ ਖਾਵੰਦ ਮਦਨ ਮੋਹਨ ਹਵਾਬਾਜ਼ ਸੀ। ਅਕਸਰ ਬਾਹਰ ਰਹਿੰਦਾ ਸੀ। ਇਤਨਾ ਸੋਹਣਾ ਜੋੜਾ ਸੀ ਉਨ੍ਹਾਂ ਦਾ। ਜਦੋਂ ਉਹ ਘਰ ਹੁੰਦਾ, ਤ੍ਰੀਮਤ ਖਾਵੰਦ ਹਰ ਛਿਣ ਚਹਿਕਦੇ ਰਹਿੰਦੇ, ਕਦੀ ਹੱਸ ਰਹੇ, ਕਦੀ ਖਾ ਰਹੇ। ਉਨ੍ਹਾਂ ਦਾ ਬੱਚਾ ਸੀ, ਚੰਦ ਦਾ ਟੋਟਾ ਲਾਹ ਕੇ ਕੋਈ ਲੈ ਆਇਆ ਹੋਵੇ। ਉਹ ਹਮੇਸ਼ਾਂ ਤਾਜੀ ਨੂੰ ਕਹਿੰਦਾ, ਤੇਰਾ ਸ਼ੌਹਰ ਹਵਾਬਾਜ਼ ਹੈ। ਇਹ ਤੁਹਾਡਾ ਬੱਚਾ ਜ਼ਰੂਰ ਕਿਸੇ ਹੋਰ ਦੇਸ਼ ਵਿਚੋਂ ਲਿਆਂਦਾ ਹੈ। ਗੋਰਾ ਝਿੱਲੀਆਂ ਬਿੱਲੀਆਂ ਅੱਖਾਂ ਹਰ ਵੇਲੇ ਹੱਸੂ ਹੱਸੂ ਕਰ ਰਿਹਾ। ਤੇ ਫਿਰ

ਇਕ ਦਿਨ ਤਾਜੀ ਦਾ ਖਾਵੰਦ ਹਵਾਈ ਜਹਾਜ਼ ਲੈ ਕੇ ਉੱਡਿਆ ਤੇ ਮੁੜ ਕੇ ਨਹੀਂ ਆਇਆ। ਦੂਰ ਪੱਛਮ ਦੇ ਕਿਸੇ ਪਹਾੜ ਨਾਲ ਉਹਦਾ ਹਵਾਈ ਜਹਾਜ਼ ਟਕਰਾ ਗਿਆ ਦਸੀਦਾ ਸੀ। ਨਾ ਹਵਾਈ ਜਹਾਜ਼ ਮਿਲਿਆ ਨਾ ਜਹਾਜ਼ ਵਿੱਚ ਸਵਾਰ ਮੁਸਾਫ਼ਰ, ਨਾ ਚਾਲਕ। ਪਹਾੜ ਦੀ ਬਰਫ਼ ਨਾਲ ਲੱਦੀ ਕਿਸੇ ਚੋਟੀ ਵਿੱਚ ਦਬ ਕੇ ਰਹਿ ਗਏ। ਹਵਾਈ ਜਹਾਜ਼ ਦੀ ਤਲਾਸ਼ ਲਈ ਉਡੇ ਦੂਜੇ ਹਵਾਈ ਜਹਾਜ਼ ਉਸ ਹਵਾਈ ਜਹਾਜ਼ ਦੇ ਮਲਬੇ ਦੀਆਂ ਕੇਵਲ ਤਸਵੀਰਾਂ ਲੈ ਸਕੇ ਹਨ। ਤਾਜੀ ਨੇ ਸੁਣਿਆ ਤੇ ਸਿਰ ਪਿੱਟ ਕੇ ਰਹਿ ਗਈ। ਕਿਤਨੇ ਦਿਨ ਅਧਮੋਈ ਜਿਹੀ ਪਈ ਰਹੀ। ਨਾ ਖਾਂਦੀ, ਨਾ ਪੀਂਦੀ। ਇੰਜ ਤੇ ਉਹ ਬਚੇਗੀ ਨਹੀਂ। ਤੇ ਦੋਸਤ ਰਿਸ਼ਤੇਦਾਰ ਉਹਦਾ ਮਨ ਪਰਚਾਂਦੇ ਰਹਿੰਦੇ ਸਨ। ਉਹ ਬੱਚਾ ਰੁਲ ਗਿਆ ਸੀ। ਤੇ ਫਿਰ ਉਸ ਦੇ ਤੁਰ ਗਏ ਸ਼ੌਹਰ ਦੀਆਂ ਰਸਮਾਂ ਹੋਣ ਲਗ ਪਈਆਂ। ਇਕ ਰਸਮ, ਦੂਜੀ ਰਸਮ। ਫਿਰ ਹਮਦਰਦਾਂ ਦਾ ਆਉਣਾ ਬੰਦ ਹੋ ਗਿਆ, ਸਾਕ-ਸੰਬੰਧੀ ਜਿਹੜੇ ਆਏ ਸਨ, ਆਪੋ-ਆਪਣੇ ਘਰੀਂ ਚਲੇ ਗਏ। ਫਿਰ ਉਸਦੇ ਖ਼ਾਵੰਦ ਦੇ ਦਫ਼ਤਰ ਨੇ ਹਵਾਬਾਜ਼ ਦੀ ਸਾਰੀ ਰਕਮ ਉਸ ਦੀ ਬੇਵਾ ਨੂੰ ਭੇਜੀ, ਕੋਈ ਪੰਜਾਹ ਹਜ਼ਾਰ ਰੁਪਿਆ। ਇੰਨਸ਼ੋਰੈਂਸ ਵਾਲੇ ਉਸ ਦੇ ਘਰ ਵਾਲੇ ਦੀਆਂ ਦੋ ਪਾਲਸੀਆਂ ਦਾ ਲਖ ਰੁਪਿਆ ਲੈ ਕੇ ਆਏ। ਤਾਜੀ ਨੂੰ ਇਸ ਸਾਰੀ ਰਕਮ ਦੀ ਸੰਭਾਲ ਦਾ ਇੰਤਜ਼ਾਮ ਕਰਨਾ ਸੀ। ਹੋਰ ਕਈ ਕੰਮ ਸਨ। ਦੋ ਮਹੀਨੇ ਹੋਰ ਤੇ ਉਹਨੂੰ ਸਰਕਾਰੀ ਘਰ ਖ਼ਾਲੀ ਕਰਨਾ ਹੋਵੇਗਾ। ਬਾਜ਼ਾਰ ਜਾਣਾ ਹੁੰਦਾ ਏ ਤੇ ਤਾਜੀ ਹੁਣ ਆਪ ਮੋਟਰ ਚਲਾਂਦੀ। ਮੋਟਰ ਪੁਰਾਣੀ ਸੀ। ਤਾਜੀ ਨੇ ਨਵੀਂ ਮੋਟਰ ਖ਼ਰੀਦ ਲਈ। ਮੋਟਰ ਕਿਤੇ ਖ਼ਰਾਬ ਨਾ ਹੋ ਜਾਵੇ, ਉਸ ਡਰਾਈਵਰ ਨੌਕਰ ਰੱਖ ਲਿਆ। ਡਰਾਈਵਰ ਸੀ ਤੇ ਉਹਨੂੰ ਵਿਹਲੇ ਬਿਠਾਣ ਦੀ ਥਾਂ ਤਾਜੀ ਸਵੇਰੇ ਸ਼ਾਮ ਬਾਹਰ ਤੁਰੀ ਰਹਿੰਦੀ। ਇਕਦਮ ਹਜ਼ਾਰਾਂ ਕੰਮ ਨਿਕਲ ਆਏ ਸਨ। ਕਦੀ ਬਾਜ਼ਾਰ, ਕਦੀ ਕਲੱਬ, ਕਦੀ ਹੋਟਲ। ਤਾਜ਼ੀ ਲੋਕਾਂ ਦੇ ਜਾਂਦੀ। ਲੋਕੀਂ ਉਸ ਨੂੰ ਲੈਣ ਆਂਦੇ। ਤੇ ਫਿਰ ਤਾਜੀ ਦੇ ਘਰ ਪਾਰਟੀਆਂ ਜੰਮਣ ਲੱਗ ਪਈਆਂ। ਅੱਧੀ ਅੱਧੀ ਰਾਤ ਤੀਕ ਸ਼ਰਾਬ ਉਡਦੀ ਰਹਿੰਦੀ, ਤਾਸ਼ ਚਲਦੀ ਰਹਿੰਦੀ। ਕਦੀ ਤਾਜੀ ਜਿੱਤ ਜਾਂਦੀ, ਕਦੀ ਹਾਰ ਜਾਂਦੀ। ਡੇਢ ਲੱਖ ਰੁਪਿਆ ਮਰਨ ਵਾਲਾ ਛਡ ਗਿਆ ਸੀ। ਤਾਜੀ ਅੱਖੀਆਂ ਮੀਟ ਕੇ ਰੋੜ੍ਹਨ ਲੱਗੇ ਤਾਂ ਵੀ ਕਿਤੇ ਖਤਮ ਨਹੀਂ ਹੋਣਾ ਸੀ। ਤੇ ਫਿਰ ਸੁਣਿਆ ਗਿਆ ਤਾਜੀ ਨੇ ਉਸੇ ਕਾਲੋਨੀ ਵਿੱਚ ਇਕ ਹੋਰ ਹਵਾਬਾਜ਼ ਨਾਲ ਵਿਆਹ ਕਰ ਲਿਆ। ਉਸ ਆਪਣੀ ਪਹਿਲੀ ਤ੍ਰੀਮਤ ਨੂੰ ਛੱਡ ਦਿੱਤਾ। ਤਾਜੀ ਦਾ ਨਵਾਂ ਸ਼ੌਹਰ ਕਹਿੰਦਾ ਮੈਂ ਤੇ ਪਹਿਲੇ ਹੀ ਆਪਣੀ ਘਰ ਵਾਲੀ

ਨੂੰ ਛੱਡਣ ਵਾਲਾ ਸਾਂ। ਤਾਜੀ ਦੇ ਬੱਚੇ ਦੇ ਦਾਦਾ ਦਾਦੀ ਕਹਿੰਦੇ ਅਸੀਂ ਆਪਣੇ ਪੋਤਰੇ ਨੂੰ ਮਤ੍ਰੇਏ ਪਿਉ ਕੋਲ ਨਹੀਂ ਰਹਿਣ ਦੇਣਾ। ਤਾਜੀ ਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਸੀ। ਉਸ ਆਪਣੇ ਚੰਨ ਵਰਗੇ ਪੁੱਤਰ ਨੂੰ ਭੇਜ ਦਿੱਤਾ। ਤਾਜੀ ਕਹਿੰਦੀ ਅਸੀਂ ਹੋਰ ਬੱਚੇ ਜਣ ਲਵਾਂਗੇ। ਇਕ ਦੋ ਜਿੰਨੇ ਸਾਡਾ ਜੀਅ ਕਰੇਗਾ। ਉਸ ਨੂੰ ਕਿਹੜੀ ਪਰਵਾਹ ਸੀ, ਡੇਢ ਲੱਖ ਰੁਪਿਆ ਤੇ ਉਸ ਦਾ ਪਹਿਲਾ ਖਾਵੰਦ ਛੱਡ ਕੇ ਗਿਆ ਸੀ। ਦੂਜੇ ਦੀ ਤਨਖ਼ਾਹ ਚੋਖੀ ਸੀ। ਪਹਿਲੇ ਤੋਂ ਕਿਤੇ ਜ਼ਿਆਦਾ।

ਘਰ ਮੁੜਿਆ, ਅਖ਼ਬਾਰ ਲੈ ਕੇ ਪੜ੍ਹਨ ਲਈ ਬੈਠਾ ਉਹ ਮੁੜ ਮੁੜ ਸੋਚਣ ਲਗ ਪੈਂਦਾ—ਆਖ਼ਰ ਕਿਉਂ ਉਹ ਸਾਈਕਲ ਵਾਲਾ ਇੰਜ ਇਕ ਛਿਣ ਦੇ ਛਿਣ ਮਿੱਧਿਆ ਗਿਆ? ਉਸ ਕੀ ਕਸੂਰ ਕੀਤਾ ਸੀ? ਆਖ਼ਰ ਉਹੀ ਸਾਈਕਲ ਵਾਲਾ ਕਿਉਂ?

ਤੇ ਇਤਨੇ ਵਿਚ ਸਾਹਮਣੇ ਟੈਲੀਫੋਨ ਦੀ ਘੰਟੀ ਵਜਣ ਲਗ ਪਈ। ਉਹਦੀ ਬੱਚੀ ਟੈਲੀਫੋਨ ਸੁਣ ਰਹੀ ਸੀ।

"ਕੌਣ ?"

"ਤੁਸੀਂ ਕੌਣ ਹੋ ?"

"ਕੀ ?"

ਤੇ ਫਿਰ ਬੱਚੀ ਨੇ ਤਾਵਲੀ ਤਾਵਲੀ ਟੈਲੀਫ਼ੋਨ ਰਖ ਦਿੱਤਾ। ਉਹਦਾ ਚਿਹਰਾ ਲਾਲ ਬਿੰਬ ਹੋ ਗਿਆ ਸੀ। ਪਸੀਨੋ ਪਸੀਨਾ ਹੋ ਰਿਹਾ ਸੀ। ਸਾਹਮਣੇ ਬੈਠਾ ਵੇਖ ਰਿਹਾ ਉਹ ਇਕ ਝਟਕੇ ਨਾਲ ਉਠਿਆ ਤੇ ਉਸ ਟੈਲੀਫੋਨ ਦਾ ਚੋਂਗਾ ਚੁਕ ਲਿਆ। ਉਧਰੋਂ ਟੈਲੀਫ਼ੋਨ ਅਜੇ ਨਹੀਂ ਕਟਿਆ ਸੀ। ਜਿਸ ਕਿਸੇ ਨੇ ਟੈਲੀਫੋਨ ਕੀਤਾ ਸੀ, ਉਹ ਲਾਈਨ ਤੇ ਹੀ ਸੀ।

"ਕੌਣ ਹੈ ?" ਉਸ ਪੁਛਿਆ

"ਮੈਂ ਤੇਰੀ ਧੀ ਦਾ ਯਾਰ !" ਇਕ ਬਦਤਮੀਜ਼ ਆਵਾਜ਼ ਉਧਰੋਂ ਬੋਲੀ।

"ਕੌਣ ਹੈਂ ਤੂੰ"......ਉਹ ਕੜਕ ਕੇ ਬੋਲਿਆ, ਪਰ ਇਤਨੇ ਵਿਚ ਅਗਲੇ ਨੇ ਟੈਲੀਫ਼ੋਨ ਉਧਰ ਬੰਦ ਕਰ ਦਿੱਤਾ।

ਟੈਲੀਫ਼ੋਨ ਦਾ ਚੋਂਗਾ ਉਂਜ-ਦਾ-ਉਂਜ਼ ਫੜੀ ਉਹ ਕਸਮਸਾ ਕੇ ਰਹਿ ਗਿਆ। ਸਾਹਮਣੇ ਉਹਦੀ ਬੱਚੀ ਖੜੋਤੀ ਸੀ, ਜਿਵੇਂ ਕਿਸੇ ਮੈਲੇ ਦੀ ਤਗਾਰੀ ਉਸ ਦੇ ਉਤੇ ਉਲਟ ਦਿੱਤੀ ਹੋਵੇ। ਤੇ ਉਹ ਬੇਬਸ ਆਪਣੇ ਹੋਠਾਂ ਨੂੰ ਵੱਢ ਰਿਹਾ ਸੀ। ਕੌਣ ਸੀ? ਉਸ ਦੀ ਮਾਸੂਮ ਬੱਚੀ ਨੂੰ ਕੀ ਕਹਿ ਰਿਹਾ ਸੀ, ਸ਼ੁਹਦਾ ਲਫੰਗਾ', ਗੰਵਾਰ ! ਜੀਅ

ਕਰਦਾ, ਉਹਦੇ ਸਾਹਮਣੇ ਹੋਵੇ ਤਾਂ ਅਜਿਹੇ ਆਦਮੀ ਨੂੰ ਗੋਲੀ ਨਾਲ ਉਡਾ ਦੇਵੇ।

ਪਰ ਉਹ ਕਿਥੇ ਸੀ ? ਉਸ ਤੇ ਟੈਲੀਫੋਨ ਬੰਦ ਕਰ ਦਿੱਤਾ ਸੀ। ਜਿਵੇਂ ਕੋਈ ਹਵਾ ਵਿਚ ਵਿਲੀਨ ਹੋ ਜਾਵੇ।

ਇਸ ਤਰ੍ਹਾਂ ਦੇ ਲੋਕ, ਇਸ ਤਰ੍ਹਾਂ ਦੇ ਕਿਸ ਨੂੰ ਕਿਵੇਂ ਸਜ਼ਾ ਦਿੱਤੀ ਜਾਂਦੀ ਹੈ ? ਕੌਣ ਸਜ਼ਾ ਦਿੰਦਾ ਹੈ ?

ਤੇ ਉਹਦੀਆਂ ਅੱਖਾਂ ਦੇ ਸਾਹਮਣੇ ਚੌਕ ਵਿਚ ਹੋਏ ਹਾਦਸੇ ਦਾ ਚਿੱਤਰ ਘੁੰਮਣ ਲਗ ਪਿਆ। ਉੱਧਰੋਂ ਨਿਕਲੀ ਮੋਟਰ ਵੀ ਗੁਜ਼ਰ ਗਈ। ਇਕ ਸਾਈਕਲ ਵਾਲਾ ਵੀ ਲੰਘ ਗਿਆ, ਪਰ ਖੱਬੇ ਪਾਸਿਉਂ ਆ ਰਹੀ ਜੀਪ ਨੇ ਦੂਜੇ ਸਾਈਕਲ ਵਾਲੇ ਨੂੰ ਉਲਾਰ ਕੇ ਸਾਹਮਣੇ ਸੁੱਟ ਪਾਇਆ। ਤੇ ਫਿਰ ਇਸ ਤੋਂ ਪਹਿਲੇ ਕਿ ਜੀਪ ਰੁਕਦੀ, ਉਹਦੇ ਪਹੀਏ ਸਾਈਕਲ ਦੇ ਉਤੋਂ ਲੰਘ ਗਏ। ਸਾਹਮਣੇ ਚੌਕ ਵਿਚ ਸਾਈਕਲ ਵਾਲਾ ਪਿਆ ਸੀ, ਲਹੂ ਦੀ ਢੰਨ ਵਿਚ ਉਹਦੀ ਮਿੱਧੀ ਹੋਈ ਖੋਪੜੀ ਵਿਚੋਂ ਨਿਕਲੇ ਮਗਜ਼ ਦੇ ਛਿੱਟੇ ਇੰਜ ਖਿਲਰੇ ਸਨ, ਜਿਵੇਂ ਦਹੀਂ ਦਾ ਕੂੰਡਾ ਟੁੱਟਾ ਹੋਵੇ। ਇਸ ਤੋਂ ਪਹਿਲਾਂ ਕਿ ਉਹ ਲੋਕ ਉਥੇ ਪੁੱਜੇ, ਲਹੂ ਤੇ, ਮਗਜ਼ ਤੇ, ਸਾਈਕਲ ਵਾਲੇ ਦੇ ਮੂੰਹ ਤੇ ਮੱਖੀਆਂ ਭਿਣਭਿਣਾ ਰਹੀਆਂ ਸਨ।

ਸੰਤੋਖ ਸਿੰਘ ਧੀਰ

ਕੋਈ ਇਕ ਸਵਾਰ

ਸੂਰਜ ਦੀ ਟਿੱਕੀ ਨਾਲ ਤਾਂਗਾ ਜੋੜ ਕੇ ਅੱਡੇ ਵਿਚ ਲਾਉਂਦਿਆਂ ਬਾਰੂ ਤਾਂਗੇ ਵਾਲੇ ਨੇ ਹੋਕਾ ਦਿੱਤਾ, "ਜਾਂਦਾ ਕੋਈ ਇਕ ਸਵਾਰ ਖੰਨੇ ਦਾ ਬਈ ਓ......"

ਸਿਆਲ ਵਿਚ ਇੰਨੇ ਸਾਝਰੇ ਸਬੱਬ ਨਾਲ ਭਾਵੇਂ ਕੋਈ ਸਵਾਰ ਆ ਜਾਵੇ, ਨਹੀਂ ਤਾਂ ਰੋਟੀ ਟੁੱਕ ਖਾ ਕੇ ਧੁੱਪ ਚੜ੍ਹੇ ਹੀ ਘਰੋਂ ਬਾਹਰ ਨਿਕਲਦੈ ਬੰਦਾ। ਪਰ ਬਾਰੂ ਇਹ 'ਸਬੱਬ' ਤੋਂ ਕਿਉਂ ਖੁੰਝੇ ? ਪਾਲੇ ਵਿਚ ਠਰਦਿਆਂ ਵੀ ਉਹ ਸਭ ਤੋਂ ਪਹਿਲਾਂ ਆਪਣਾ ਤਾਂਗਾ ਅੱਡੇ ਵਿਚ ਲਾਉਣ ਦੀ ਸੋਚਦਾ।

ਬਾਰੂ ਨੇ ਬਾਜ਼ਾਰ ਵੱਲ ਮੂੰਹ ਕਰ ਕੇ ਏਕਣ ਜ਼ੋਰ ਨਾਲ ਹੋਕਾ ਮਾਰਿਆ, ਜਿਵੇਂ ਉਹਨੂੰ ਕੁਲ ਇਕੋ ਸਵਾਰ ਚਾਹੀਦਾ ਹੈ। ਪਰ ਬਾਜ਼ਾਰ ਵੱਲੋਂ ਇਕ ਵੀ ਸਵਾਰ ਨਾ ਆਇਆ। ਫਿਰ ਉਹਨੇ ਪਿੰਡਾਂ ਤੋਂ ਆਉਂਦੀਆਂ ਵੱਖ ਵੱਖ ਡੰਡੀਆਂ ਵੱਲ ਅੱਖਾਂ ਚੁੱਕ ਕੇ ਆਸ ਨਾਲ ਤਕਦਿਆਂ ਹੋਕਾ ਲਾਇਆ। ਪਤਾ ਨਹੀਂ ਕਦੇ ਕਦੇ ਸਵਾਰੀਆਂ ਨੂੰ ਕੀ ਸੱਪ ਸੁੰਘ ਜਾਂਦਾ ਹੈ। ਬਾਰੂ ਸੜਕ ਦੇ ਇਕ ਪਾਸੇ ਫੜ੍ਹੀ ਵਾਲੇ ਕੋਲ ਬੈਠ ਕੇ ਬੀੜੀ ਪੀਣ ਲੱਗਾ।

ਬਾਰੂ ਦਾ ਚੁਸਤ ਘੋੜਾ ਨਿਚਲਾ ਹੋ ਕੇ ਖਲੋ ਨਹੀਂ ਸੀ ਸਕਦਾ। ਦੋ ਤਿੰਨ ਵਾਰ ਘੋੜੇ ਨੇ ਨਾਸਾਂ ਫੁਲਾਂ ਕੇ ਫਰਾਟੇ ਮਾਰੇ, ਪੂੰਛ ਹਿਲਾਈ ਤੇ ਫਿਰ ਆਪੇ ਦੋ ਤਿੰਨ ਕਦਮ ਤੁਰ ਪਿਆ। "ਬਸ ਓ, ਬਸ ਪੁੱਤਰਾ! ਕਾਹਲਾ ਕਿਉਂ ਪੈਨੈਂ—ਚਲਦੇ ਆਂ —ਆ ਲੈਣ ਦੇ ਕਿਸੇ ਅੱਖਾਂ ਦੇ ਅੰਨ੍ਹੇ ਤੇ ਗੱਠ ਦੇ ਪੂਰੇ ਨੂੰ।" ਮੌਜ ਨਾਲ ਹਸਦਿਆਂ ਬਾਰੂ ਨੇ ਨੱਠ ਕੇ ਘੋੜੇ ਦੀਆਂ ਵਾਗਾਂ ਫੜੀਆਂ ਤੇ ਉਨ੍ਹਾਂ ਨੂੰ ਕਸ ਕੇ ਤਾਂਗੇ ਦੇ ਬੰਬ ਨਾਲ ਬੰਨ੍ਹ ਦਿੱਤਾ।

ਸਟੇਸ਼ਨ ਉਤੇ ਗੱਡੀ ਨੇ ਕੂਕ ਮਾਰੀ। ਰੇਲ ਦੀ ਕੂਕ ਬਾਰੂ ਦੇ ਦਿਲ ਵਿਚ ਖੁਭ ਗਈ। ਉਹਨੇ ਰੇਲ ਨੂੰ ਮਾਂ ਦੀ ਗਾਲ੍ਹ ਕੱਢੀ, ਤੇ ਨਾਲੇ ਰੇਲ ਬਣਾਉਣ ਵਾਲੇ ਨੂੰ। "ਪਹਿਲੋਂ ਜਨਤਾ ਲੰਘੀ ਸੀ, ਹੁਣ ਡੱਬਾ। ਸਾਲੀਆਂ ਘੰਟੇ-ਘੰਟੇ ਮਗਰੋਂ ਗੱਡੀਆਂ ਚਲਣ ਲਗ ਪਈਆਂ!" ਤੇ ਫਿਰ ਬਾਰੂ ਨੇ ਜ਼ੋਰ ਨਾਲ ਸਵਾਰ ਲਈ ਹੋਕਾ ਮਾਰਿਆ।

ਇਕ ਬੀੜੀ ਉਹਨੇ ਹੋਰ ਸੁਲਗਾਈ ਤੇ ਇੰਨਾ ਲੰਮਾ ਸੂਟਾ ਖਿੱਚਿਆ ਕਿ ਅੱਧੀ ਬੀੜੀ ਫੂਕ ਦਿੱਤੀ। ਬਾਰੂ ਨੇ ਧੂੰਏਂ ਦੇ ਫਰਾਟੇ ਛਡਦਿਆਂ ਬੀੜੀ ਨੂੰ ਗਾਲ੍ਹ ਕੱਢ ਕੇ ਸੁਟ ਦਿੱਤਾ। ਮਿਰਚਾਂ ਵਾਂਗ ਧੂੰਆ ਉਹਦੇ ਮੂੰਹ ਵਿਚ ਲੜਨ ਲਗਾ ਸੀ।

ਘੋੜੇ ਤੋਂ ਟਿਕ ਨਹੀਂ ਸੀ ਹੁੰਦਾ। ਉਹਨੇ ਇਕ ਦੋ ਵਾਰ ਪੌੜ ਚੁੱਕ ਚੁੱਕ ਧਰਤੀ ਉੱਤੇ ਮਾਰੇ। ਮੂੰਹ ਵਿਚ ਲੋਹੇ ਦੀ ਲਗਾਮ ਚੱਬ ਚੱਬ ਬੂਥੀ ਘੁਮਾਈ। ਗੱਡੀ ਦੀਆਂ ਚੂਲਾਂ ਜੜਕੀਆਂ, ਸਾਜ ਧਰਕਿਆ ਖੰਭਾਂ ਦੀ ਰੰਗ-ਬਰੰਗੀ ਕਲਗੀ ਹਵਾ ਵਿਚ ਫਰਕੀ ਤੇ ਗਲ ਨਾਲ ਲਟਕਾਏ ਰੇਸ਼ਮੀ ਰੁਮਾਲ ਹਿਲਣ ਲੱਗੇ। ਬਾਰੂ ਨੂੰ ਆਪਣੇ ਘੋੜੇ ਦੀ ਚੁਸਤੀ ਉੱਤੇ ਮਾਣ ਹੋਇਆ, ਉਹਨੇ ਬੁਲ੍ਹਾਂ ਨਾਲ ਪੁਚਕਾਰ ਕੇ ਆਖਿਆ, "ਬਸ ਓ ਵੈਲੀਆ, ਕਰਦੇ ਆ ਹੁਣੇ ਹਵਾ ਨਾਲ ਗੱਲਾਂ......!"

"ਘੋੜਾ ਤੇਰਾ ਚਤੰਨ ਬੜੈ ਬਾਰੂ—ਟਪੂੰ ਟਪੂੰ ਕਰਦੇ ਰਹਿੰਦੈ", ਫੜ੍ਹੀ ਵਾਲੇ ਨੇ ਆਖਿਆ।

"ਕੀ ਅੰਤ ਐ !" ਬਾਰੂ ਮਾਣ ਵਿਚ ਹੁੱਬ ਕੇ ਬੋਲਿਆ, "ਲਬਾਸ ਤਾਂ ਦੇਖ ਤੂੰ-ਪਿੰਡੇ ਉੱਤੇ ਮੱਖੀ ਤਿਲਕਦੀ ਐ—ਪੁੱਤਾਂ ਆਂਗਣ ਸੇਵਾ ਕਰੀਦੀ ਐ ਨੱਥਿਆ !"

"ਪਸ਼ੂ ਬਚਦਾ ਵੀ ਤਾਂਹੀ ਐ", ਨੱਥੂ ਨੇ ਯਕੀਨ ਨਾਲ ਕਿਹਾ।

ਦਿਨ ਚੰਗਾ ਚੜ੍ਹ ਆਇਆ। ਹੋਰ ਖੰਨੇ ਜਾਣ ਵਾਲਾ ਇਕ ਸਵਾਰ ਵੀ ਅਜੇ ਤਕ ਨਾ ਸੀ ਆਇਆ। ਹੋਰ ਵੀ ਤਿੰਨ ਚਾਰ ਤਾਂਗੇ ਅੱਡੇ ਵਿਚ ਆ ਖੜੇ ਸਨ ਤੇ ਕੁੰਦਨ ਵੀ ਸੜਕ ਦੇ ਦੂਜੇ ਪਾਸੇ ਖੰਨੇ ਦੇ ਹੀ ਰੁੱਖ ਤਾਂਗਾ ਖਲ੍ਹਾਰ ਕੇ ਸਵਾਰੀਆਂ ਲਈ ਹੋਕੇ ਦੇਣ ਲੱਗ ਪਿਆ ਸੀ।

ਹੱਥ ਵਿਚ ਝੋਲਾ ਫੜੀ ਇਕ ਸ਼ੁਕੀਨ ਜਿਹਾ ਬਾਬੂ ਬਾਜ਼ਾਰ ਵਲੋਂ ਆਉਂਦਾ ਦਿੱਸਿਆ। ਬਾਰੂ ਉਹਦੀ ਚਾਲ ਪਛਾਣਨ ਲੱਗਾ। ਬਾਬੂ ਅੱਡੇ ਦੇ ਹੋਰ ਨੇੜੇ ਆ ਗਿਆ, ਪਰ ਅਜੇ ਤੱਕ ਉਹਦੇ ਪੈਰਾਂ ਨੇ ਕਿਸੇ ਪਾਸੇ ਦਾ ਰੁੱਖ ਨਾ ਸੀ ਕੀਤਾ।

"ਚੱਲ ਇਕ ਸਵਾਰ ਸਰਹੰਦ ਦਾ......ਕੋਈ ਮਲੋਹ ਜਾਂਦਾ ਬਈਓ !" ਵਾਜਾਂ ਉੱਚੀਆਂ ਹੋਣ ਲਗੀਆਂ, ਪਰ ਸਵਾਰ ਦੀ ਮਰਜ਼ੀ ਦਾ ਪਤਾ ਨਾ ਲੱਗਿਆ। ਬਾਰੂ ਨੇ ਖੰਨੇ ਦਾ ਹੋਕਾ ਲਾਇਆ। ਸਵਾਰ ਨੇ ਸਿਰ ਨਾ ਚੁੱਕਿਆ। "ਕਾਹਨੂੰ ਬੋਲਦੇ ਨੇ ਮੂੰਹੋਂ ਛੋਤੀ ਜੈਂਟਰਮੈਨ ਆਦਮੀ" ਬਾਰੂ ਨੇ ਮਨ ਵਿਚ ਨਿੰਦਿਆ ਤੇ ਬਾਬੂ ਖੰਨੇ ਦੇ ਰੁੱਖ ਖੜੇ ਤਾਂਗੇ ਕੋਲ ਆ ਖਲੋਤਾ। "ਹੋਰ ਹੈ ਬਈ ਕੋਈ ਸਵਾਰੀ !" ਉਹਨੇ ਮਸੀ ਬੋਲ ਕੇ ਪੁਛਿਆ।

ਬਾਰੂ ਨੇ ਅਦਬ ਨਾਲ ਝੋਲਾ ਫੜਨਾ ਚਾਹੁੰਦਿਆਂ ਆਖਿਆ, "ਤੁਸੀਂ ਬੈਠੋ

ਮੂਹਰੇ—ਹੁਣੇ ਹੱਕ ਦਿੰਨੇ ਆਂ ਬਸ—ਇਕ ਸਵਾਰ ਲੈ ਲਈਏ।"

ਪਰ ਬਾਬੂ ਨੇ ਝੋਲਾ ਨਾ ਫੜਾਇਆ ਤੇ ਹਵਾ ਵਿਚ ਤਕਦਾ ਚੁੱਪ ਚਾਪ ਖੜ੍ਹਾ ਰਿਹਾ। ਐਵੇਂ ਘੰਟਾ ਭਰ ਤਾਂਗੇ ਵਿਚ ਬੈਠ ਰਹਿਣ ਦਾ ਕੀ ਮਤਲਬ ?

ਬਾਰੂ ਨੇ ਜ਼ੋਰ ਨਾਲ ਇਕ ਸਵਾਰ ਲਈ ਹੋਕਾ ਦਿੱਤਾ, ਜਿਵੇਂ ਉਹਨੂੰ ਬਸ ਇਕੋ ਸਵਾਰ ਚਾਹੀਦਾ ਹੈ। ਬਾਬੂ ਜ਼ਰਾ ਟਹਿਲ ਕੇ ਟਾਂਗੇ ਦੇ ਅਗਲੇ ਪਾਇਦਾਨ ਦੇ ਜ਼ਰਾ ਕੁ ਨੇੜੇ ਹੋ ਗਿਆ। ਬਾਰੂ ਨੇ ਹੌਂਸਲੇ ਨਾਲ ਇਕ ਹੋਕਾ ਹੋਰ ਦਿੱਤਾ।

ਬਾਬੂ ਨੇ ਆਪਣਾ ਝੋਲਾ ਤਾਂਗੇ ਦੀ ਅਗਲੀ ਗੱਦੀ ਉੱਤੇ ਰਖ ਦਿੱਤਾ ਤੇ ਆਪ ਪਤਲੂਨ ਦੀਆਂ ਜੇਬਾਂ ਵਿਚ ਹੱਥ ਪਾ ਕੇ ਟਹਿਲਣ ਲੱਗ ਪਿਆ। ਬਾਰੂ ਨੇ ਘੋੜੇ ਦੀ ਪਿੱਠ ਉੱਤੇ ਪਿਆਰ ਨਾਲ ਥਾਪੀ ਮਾਰੀ ਤੇ ਫਿਰ ਤਾਂਗੇ ਦੀਆਂ ਪਿਛਲੀ-ਆਂ ਗੱਦੀਆਂ ਨੂੰ ਐਵੇਂ ਜ਼ਰਾ ਠੀਕ ਠਾਕ ਕਰਨ ਲੱਗ ਪਿਆ। ਇੰਨੇ ਵਿਚ ਇਕ ਸਾਈਕਲ ਆ ਕੇ ਤਾਂਗੇ ਕੋਲ ਰੁਕ ਗਿਆ। ਥੋੜ੍ਹੀ ਜਿਹੀ ਗੱਲ ਚੜ੍ਹੇ ਚੜ੍ਹਾਏ ਸਾਈਕਲ ਵਾਲੇ ਨੇ ਬਾਬੂ ਨਾਲ ਕੀਤੀ ਤੇ ਉਹ ਗੱਦੀ ਉਤੋਂ ਆਪਣਾ ਝੋਲਾ ਚੁਕਣ ਲੱਗਾ। ਬਾਰੂ ਨੇ ਘਟਦੇ ਦਿਲ ਨਾਲ ਆਖਿਆ, "ਹਵਾ ਸਾਹਮਣੀ ਹੈ ਬਾਬੂ ਜੀ......!" ਪਰ ਸਾਈਕਲ ਬਾਬੂ ਨੂੰ ਲੈ ਕੇ ਤੁਰਦਾ ਹੋਇਆ।

ਗੋਡੇ ਗੋਡੇ ਦਿਨ ਚੜ੍ਹ ਆਇਆ।

ਠਿੱਠ ਜਿਹਾ ਹੋ ਕੇ ਬਾਰੂ ਫਿਰ ਸੜਕ ਦੇ ਇਕ ਪਾਸੇ ਫੜ੍ਹੀ ਵਾਲੇ ਕੋਲ ਬਹਿ ਗਿਆ। ਉਹਦਾ ਜੀਅ ਕੈਂਚੀ ਦੀ ਸਿਗਰਟ ਪੀਣ ਨੂੰ ਕੀਤਾ। ਪਰ ਦੋ ਪੈਸੇ ਵਾਲੀ ਸਿਗਰਟ ਅਜੇ ਉਹ ਕਿਹੜੇ ਹੌਂਸਲੇ ਪੀਵੇ ? ਫ਼ੇਰਾ ਅੱਜ ਇਕੋ ਮਸੀਂ ਲਗਦਾ ਦੀਂਹਦਾ ਸੀ। ਚਾਰ ਆਨੇ ਸਵਾਰੀ ਐ ਖੰਨੇ ਦੀ—ਛੇ ਸਵਾਰੀਆਂ ਤੋਂ ਵੱਧ ਹੁਕਮ ਨੀਂ—ਤਿੰਨ ਰੁਪਏ ਤਾਂ ਘੋੜੇ ਦੇ ਈ ਢਿੱਡ 'ਚ ਪੈ ਜਾਂਦੇ ਨੇ। ਉਹਦੇ ਮਨ ਵਿਚ ਲਹਣ ਜਿਹੀ ਲੱਗੀ। ਇਉਂ ਇਥੇ ਉਹ ਕਿਉਂ ਬੈਠੇ ? ਉਹ ਉਠ ਕੇ ਤਾਂਗੇ ਵਿਚ ਪਿਛਲੀ ਗੱਦੀ ਉੱਤੇ ਬਹਿ ਗਿਆ, ਤਾਂ ਜੋ ਪਹਿਲੀ ਨਜ਼ਰੇ ਸੁਆਰੀ ਨੂੰ ਤਾਂਗਾ ਬਿਲਕੁਲ ਖ਼ਾਲੀ ਨਾ ਜਾਪੇ।

ਤਾਂਗੇ ਵਿਚ ਬੈਠਾ ਉਹ "ਲਾਰਾ ਲੱਪਾ..." ਗੁਣਗੁਣਾਉਣ ਲੱਗਾ, ਤੇ ਫਿਰ ਹੀਰ ਦਾ ਟੱਪਾ। ਪਰ ਛੇਤੀ ਹੀ ਉਹਦੇ ਮਨ ਵਿਚ ਅਚਵੀ ਜਿਹੀ ਲੱਗੀ। ਟੱਪੇ ਉਹਦੇ ਬੁਲ੍ਹਾਂ ਨੂੰ ਭੁੱਲ ਗਏ। ਉਹ ਦੂਰ ਫ਼ਸਲਾਂ ਵਲ ਝਾਕਣ ਲੱਗਾ। ਪੈਲੀਆਂ ਵਿਚ ਵਲ ਖਾਂਦੀਆਂ ਡੰਡੀਆਂ ਉੱਤੇ ਕੁਝ ਰਾਹੀ ਤੁਰੇ ਆਉਂਦੇ ਸਨ। ਧਿਆਨ ਨਾਲ ਬਾਰੂ ਨੇ ਨੇੜੇ ਆਉਂਦੇ ਰਾਹੀਆਂ ਵਲ ਤੱਕਿਆ। ਮੱਥੇ ਤੇ ਚਿੱਟੇ ਖੇਸਾਂ ਦੀਆਂ ਬੁਕਲਾਂ

ਮਾਰੀ ਚਾਰ ਕੁ ਜੱਟ ਜਿਹੇ ਸਨ। ਬਾਰੂ ਨੇ ਸੋਚਿਆ, ਪੋਸ਼ੀ ਉੱਤੇ ਜਾਣ ਵਾਲੇ ਹੁੰਦੇ ਨੇ ਇਹੋ ਜਿਹੇ ਚੌਧਰੀ। ਉਹਨੇ ਤਾਂਗੇ ਨੂੰ ਮੋੜ ਕੇ ਉਨ੍ਹਾਂ ਵਲ ਜਾਂਦਿਆਂ ਵਾਜ ਦਿੱਤੀ, "ਖੰਨੇ ਜਾਣੈ ਲੰਬੜਦਾਰੋ ? ਆਓ ਬੈਠੋ, ਹੱਕੋਏ......।"

ਸੁਆਰੀਆਂ ਨੇ ਕੁਝ ਜੱਕੋ ਤਕੋ ਜਿਹਾ ਕੀਤਾ, ਤੇ ਫਿਰ ਵਿਚੋਂ ਕਿਸੇ ਆਖਿਆ "ਜਾਣਾ ਤਾਂ ਹੈ— ਜੇ ਛੇੜ ਦਸੇ ਹੁਣੇ !"

ਹੁਣ ਲਓ, ਬਸ ਬੈਠਣ ਦੀ ਦੇਰ ਐ......। ਬਾਰੂ ਨੇ ਘੋੜੇ ਦੇ ਮੂੰਹ ਕੋਲੋਂ ਲਗਾਮ ਫੜ ਕੇ ਤਾਂਗੇ ਦਾ ਮੂੰਹ ਅੱਡੇ ਵੱਲ ਘੁਮਾ ਦਿੱਤਾ।

"ਤਸੀਲ ਅਪੜਨੈਂ ਅਸੀਂ ਪੋਸ਼ੀ ਉੱਤੇ, ਸਮਰਾਲੇ।"

"ਮਖਾਂ ਬੈਠੋ ਤਾਂ ਸਹੀ—ਘੁਗੀ ਨ੍ਹੀ ਖੰਘਣ ਦਿੰਦਾ।"

ਸੁਆਰੀਆਂ ਤਾਂਗੇ ਵਿਚ ਬਹਿ ਗਈਆਂ। ਇਕ ਸਵਾਰ ਦਾ ਹੋਕਾ ਦਿੰਦਿਆਂ ਬਾਰੂ ਨੇ ਤਾਂਗੇ ਨੂੰ ਅੱਡੇ ਵੱਲ ਤੋਰ ਲਿਆ।

"ਅਜੇ ਹੋਰ ਚਾਹੀਦੀ ਐ ਇਕ ਸਵਾਰੀ ?" ਵਿਚੋਂ ਇਕ ਸਵਾਰੀ ਨੇ ਤਾਂਗੇ ਵਾਲੇ ਨੂੰ 'ਆਖਰ ਤਾਂਗੇ ਵਾਲਾ ਹੀ ਨਿਕਲਿਆ' ਬੁਝ ਕੇ ਆਖਿਆ।

"ਚਲ ਕਰ ਲੈਣ ਦੇ ਇਹਨੂੰ ਵੀ ਆਪਣਾ ਘਰ ਪੂਰਾ......" ਵਿਚੋਂ ਹੀ ਕਿਸੇ ਨੇ ਉੱਤਰ ਦਿੱਤਾ, "ਅਸੀਂ ਜਾਣੈਂ ਬਿੰਦ ਮਗਰੋਂ ਅੱਪੜ ਲਾਂਗੇ।"

ਅੱਡੇ ਤੋਂ ਬਾਰੂ ਨੇ ਤਾਂਗਾ ਬਜ਼ਾਰ ਵੱਲ ਭਜਾ ਲਿਆ। ਬਜ਼ਾਰ ਦੇ ਗਭੇ ਬਾਰੂ ਨੇ ਤਾਂਗੇ ਦੇ ਬੰਬ ਉੱਤੋਂ ਤਣ ਕੇ ਹੋਕਾ ਮਾਰਿਆ, "ਜਾਂਦਾ ਕੋਈ ਕੱਲਾ ਸਵਾਰ ਖੰਨੇ ਬਈ ਓ...!"

"ਕੱਲੇ ਸਵਾਰ ਨੂੰ ਲੁੱਟਣੈ ਰਾਹ ਵਿਚ...?" ਬਾਜ਼ਾਰ ਵਿਚੋਂ ਕਿਸੇ ਉੱਚੀ ਟੋਕ ਕੇ ਬਾਰੂ ਨੂੰ ਮਸ਼ਕਰੀ ਕੀਤੀ।

ਬਾਜ਼ਾਰ ਵਿਚ ਹਾਸਾ ਪੈ ਗਿਆ। ਬਾਰੂ ਦੇ ਚਿੱਟੇ ਦੰਦ ਤੇ ਲਾਲ ਬੁੱਲ ਦਿੱਸਣ ਲੱਗੇ। ਉਹਦੀਆਂ ਗਲ੍ਹਾਂ ਫੁਲ ਕੇ ਚਮਕੀਆਂ ਤੇ ਹਾਸੇ ਵਿਚ ਹਾਸਾ ਰਲਾ ਕੇ ਸਵਾਰ ਲਈ ਹੋਕਾ ਦਿੰਦੀਆਂ ਉਹਨੇ ਘੋੜਾ ਮੋੜ ਲਿਆ। ਅੱਡੇ ਵਿਚ ਆ ਕੇ ਸੜਕ ਦੇ ਇਕ ਪਾਸੇ ਖੰਨੇ ਦੇ ਰੁੱਖ ਤਾਂਗਾ ਲਾਇਆ ਤੇ ਆਪ ਫੜ੍ਹੀ ਵਾਲੇ ਕੋਲ ਆ ਬੈਠਾ।

"ਕੀਤੀ ਨਾ ਉਹੀ ਗੱਲ......।" ਤਾਂਗੇ ਵਾਲੇ ਨੂੰ ਟਲਿਆ ਦੇਖ ਕੇ ਇਕ ਸਵਾਰ ਬੋਲਿਆ।

"ਓ ਬਈ ਤਾਂਗੇ ਆਲਿਆ, ਸਾਨੂੰ ਹੁਣ ਏਵੇਂ ਹਰਾਨ ਕਰਨੈ ?" ਇਕ ਹੋਰ ਸਵਾਰ ਨੇ ਆਖਿਆ।

"ਮਖਾ ਅਟਕਣਾ ਨ੍ਹੀ ਆਪਾਂ ਨੇ ਲੰਬੜਦਾਰਾ, ਬਸ ਇਕ ਸਵਾਰ ਦੀ ਝਾਕ ਐ—ਆ ਗਿਆ, ਚੰਗਾ, ਨਹੀਂ ਤੁਰ ਪਾਂਦੇ।" ਬਾਰੂ ਨੇ ਦਿਲ ਧਰਾਇਆ।

ਸਵਾਰੀਆਂ ਨੂੰ ਕਾਹਲੀਆਂ ਪਈਆਂ ਦੇਖ ਕੇ ਕੁੰਦਨ ਨੇ ਆਪਣੇ ਤਾਂਗੇ ਨੂੰ ਇਕ ਕਦਮ ਹੋਰ ਅੱਗੇ ਕਰਦਿਆਂ ਹੋਕਾ ਦਿੱਤਾ, "ਚੱਲ ਚਾਰੇ ਸਵਾਰ ਲੈ ਕੇ ਤੁਰਦਾ ਖੰਨੇ ਨੂੰ!" ਤੇ ਉਹ ਚਿੜਾਉਣ ਲਈ ਬਾਰੂ ਵੱਲ ਬਿਟ ਬਿਟ ਝਾਕਣ ਲੱਗਾ।

"ਟਲ ਜਾ ਓਏ; ਟਲ ਜਾ ਨਾਈਆ—ਟਲ ਜਾ ਤੂੰ ਲਛਣਾਂ ਤੋਂ।" ਬਾਰੂ ਨੇ ਕੁੰਦਨ ਵੱਲ ਅੱਖਾਂ ਕਢੀਆਂ ਤੇ ਸਵਾਰੀਆਂ ਨੂੰ ਵਰਗਲਾਉਣ ਤੋਂ ਬਚਾਉਣ ਲਈ ਉਹਨੇ ਤ੍ਰੀਵੀਆਂ ਤੇ ਕੁੜੀਆਂ ਕੱਤਰੀਆਂ ਦੀ ਆ ਰਹੀ ਰੰਗ ਬਰੰਗੀ ਟੋਲੀ ਵੱਲ ਤਕਦਿਆਂ ਕਿਹਾ, "ਚਲਦੇ ਆਂ ਸਰਦਾਰੋ ਆਪਾਂ ਹੁਣੇ ਬਸ, ਔਹ ਆ ਗਈਆਂ ਸਵਾਰੀਆਂ?"

ਸਵਾਰੀਆਂ, ਟੋਲੀ ਵੱਲ ਦੇਖ ਕੇ ਫਿਰ ਟਿਕ ਰਹੀਆਂ।

ਟੋਲੀ ਵੱਲ ਤਕਦਾ ਬਾਰੂ ਸੋਚਣ ਲਗਾ: ਵਿਆਹ ਮੁਕਲਾਵੇ ਦੀਆਂ ਸਗੀਆਂ ਰੱਤੀਆਂ ਸਵਾਰੀਆਂ ਨੇ ਜਾਣੈਂ...ਦੋ ਤਾਂਗੇ ਭਰ ਜਾਣ ਭਾਵੇਂ—ਨਾਵਾਂ ਵੀ ਚੰਗਾ ਬਣਾ ਜਾਂਦੀਆਂ ਨੇ ਇਹੋ ਜਿਹੀਆਂ ਸੁਆਰੀਆਂ।

ਟੋਲੀ ਨੇੜੇ ਆ ਗਈ।

ਕੁਝ ਮਾਈਆਂ ਨੇ ਕੁੜੀਆਂ ਨੇ ਹੱਥਾਂ ਉੱਤੇ ਕਪੜਿਆਂ ਨਾਲ ਢਕੇ ਹੋਏ ਗੋਹਲੇ; ਬੋਈਏ ਤੇ ਥਾਲ ਚੁੱਕੇ ਹੋਏ ਸਨ। ਪਿੱਛੇ ਕੁਝ ਘੁੰਡ ਵਾਲੀਆਂ ਵਹੁਟੀਆਂ ਤੇ ਨਿੱਕੀਆਂ ਕੁੜੀਆਂ ਸਨ। ਬਾਰੂ ਨੇ ਅੱਗੇ ਵੱਧ ਕੇ ਧੀਆਂ ਵਰਗਾ ਪੁੱਤ ਬਣਦਿਆਂ, ਇਕ ਮਾਈ ਨੂੰ ਆਖਿਆ, "ਆਓ ਮਾਈ ਜੀ, ਤਿਆਰ ਐ ਤਾਂਗਾ, ਬਸ ਥੋਨੂੰ ਇੰਡੀਕਦਾ ਸੀ, ਬੈਠੋ ਖੰਨੇ ਨੂੰ।"

"ਬੇ ਨਾ ਬੀਰ..." ਮਾਈ ਨੇ ਸਰਸਰੀ ਆਖਿਆ। "ਅਸੀਂ ਤਾਂ ਮੱਥਾ ਟੇਕਣ ਚੱਲੀਆਂ ਮਾਤਾ ਦੇ ਥਾਨ੍ਹਾਂ ਤੇ।"

"ਚੰਗਾ ਮਾਈ ਚੰਗਾ" ਬਾਰੂ ਹਸ ਕੇ ਛਿੱਥਾ ਜਿਹਾ ਪੈ ਗਿਆ।

"ਆ ਬਦੀ ਤੁਰੇਂਗਾ ਕਿ ਨਹੀਂ ?" ਸਵਾਰੀਆਂ ਨੂੰ ਕਿਥੇ ਟੇਕ ਹੁੰਦੀ ਐ ਤੇ ਹਰ ਘੜੀ ਬਾਰੂ ਵੀ ਉਨ੍ਹਾਂ ਨੂੰ ਕਿਹੜੀਆਂ ਜੁਗਤਾਂ ਨਾਲ ਟਾਲੀ ਜਾਂਦਾ। ਹਾਰ ਕੇ ਉਹਨੇ ਸਾਫ਼ ਗੱਲ ਕੀਤੀ, "ਚਲਦੇ ਆ ਬਾਬਾ—ਆ ਲੈਣ ਦੇਹ ਇਕ ਸਵਾਰ—ਕੁਝ ਭਾੜਾ ਤਾਂ ਬਣ ਲਵੇ...।"

"ਤੂੰ ਆਪਣਾ ਭਾੜਾ ਬਣਾ, ਸਾਡੀ ਤਰੀਕ ਖੁੰਝ ਜੂ।" ਸਵਾਰੀਆਂ ਵੀ ਸੱਚੀਆਂ ਸਨ।

ਕੁੰਦਨ ਨੇ ਫਿਰ ਛੇੜ ਕਰਦਿਆਂ ਸੁਣਾ ਕੇ ਆਖਿਆ, "ਸਾਧਾਰਨ ਹੁੰਦੇ ਨਾ ਬਾਜੇ ਲੋਕ, ਕਿਥੇ ਫਸਗੇ, ਅੱਬਲਾਂ ਤਰਦਾ ਨੀਂ, ਜੇ ਤੁਰ ਪਿਆ ਕਿਤੇ ਮੂਧਾ ਪਿਆ ਹੋਊ, ਪੈਰਾਂ ਤੇ ਨਹੂ ਲੈਂਦੇ ਘੋੜਾ, ਜੇ ਉਠ ਖੜ੍ਹਿਆਂ ਤਾਂ ਅਧ 'ਚ ਅੜਜੂ-ਸਿਰੇ ਲਗਦਾ ਨ੍ਹੀ।"

ਸਵਾਰੀਆਂ ਕੰਨਾਂ ਦੀਆਂ ਕੱਚੀਆਂ ਹੁੰਦੀਆਂ ਹਨ। ਬਾਰੂ ਨੂੰ ਇਕ ਚੜ੍ਹੇ, ਇਕ ਉੱਤਰੇ। ਪਰ ਉਹ ਛੇੜ ਨੂੰ ਅਜੇ ਵੀ ਜਰਦਿਆਂ ਕੁੰਦਨ ਵੱਲ ਕੋੜਾ ਝਾਕ ਕੇ ਬੋਲਿਆ: "ਨਾਈਆ, ਨਾਈਆ—ਮੌਤ ਗੱਲਾਂ ਕਰੌਂਦੀ ਐ ਤੇਰੀ, ਗੱਡੀ ਤਾਂ ਸੰਵਰਾ ਲਿਆ ਪਹਿਲਾਂ ਮਾਂ ਕੋਲੋਂ ਜਾ ਕੇ, ਢੀਚਕੂੰ ਢੀਚਕੂੰ ਕਰਦੀ ਐ ਐਥੇ ਭੌਂਕੀ ਜਾਨੈਂ ਖੜਾ, ਗੁਟਾਰ ਜਾਤ...।"

ਲੋਕ ਹੱਸਣ ਲਗੇ। ਪਰ ਜਿਹੜੀ ਹਾਲਾਤ ਬਾਰੂ ਦੀ ਸੀ, ਉਹ ਕੁੰਦਨ ਤੇ ਹੋਰ ਤਾਂਗੇ ਵਾਲਿਆਂ ਦੀ। "ਕਿਸ ਨੂੰ ਨਹੀਂ ਸਵਾਰੀਆਂ ਚਾਹੀਦੀਆਂ? ਕੀਹਨੇ ਘੋੜੇ ਤੇ ਟੱਬਰ ਦਾ ਢਿਡ ਨਹੀਂ ਤੋਰਨਾ? ਨਾ ਬਾਰੂ ਵਿਚੋਂ ਤੁਰੇ, ਨਾ ਕਿਸੇ ਹੋਰ ਨੂੰ ਤੁਰਨ ਦੇਵੇ। ਸਬਰ ਵੀ ਕੋਈ ਚੀਜ਼ ਐ—ਆਪੋ ਆਪਣੇ ਭਾਗ ਨੇ-ਮੰਦਾ ਠੰਡਾ ਬਣਿਆ ਹੋਇਐ, ਚਾਰੇ ਲੈ ਕੇ ਤੁਰ ਜਾਵੇ, ਕਿਸੇ ਹੋਰ ਨੂੰ ਵੀ ਰੋਜ਼ੀ ਕਮਾਉਣ ਦੇਵੇ—ਕਿੱਥੇ ਕੁਲਾਲ ਅੜਿਆ ਪੜ੍ਹੇ ਮਨ੍ਹੋ ਆਂਗੂ ਮੂਹਰੇ——ਕੁੰਦਨ ਨੇ ਆਪਣੀ ਜੜ੍ਹ ਉੱਤੇ ਆਪੇ ਟੱਕ ਲਾਉਂਦਿਆਂ ਖਿਝ ਕੇ ਹੋਕਾ ਮਾਰਿਆ, "ਚੱਲ ਚਾਰੇ ਲੈ ਕੇ ਤੁਰਦਾ ਖੰਨੇ ਨੂੰ ਬੰਬੂਕਾਟ—ਚਲੇ ਜਾਂਦਾ ਮਿੰਟਾਂ ਸਕਿੰਟਾਂ ਵਿਚ ਖੰਨੇ, ਚਲ ਭਾੜਾ ਵੀ ਤਿੰਨੇ ਤਿੰਨ ਆਨੇ—।" ਤੇ ਤਾਂਗਾ ਉਹਨੇ ਇਕ ਕਦਮ ਹੋਰ ਅੱਗੇ ਕਰ ਲਿਆ।

ਸਵਾਰੀਆਂ ਬਾਰੂ ਦੀਆਂ ਅੱਗੇ ਹੀ ਅੱਕੀਆਂ ਹੋਇਆਂ ਸਨ, ਤੇ ਸਵਾਰੀਆਂ ਕਿਸੇ ਦੀਆਂ ਬੰਨ੍ਹੀਆਂ ਹੋਇਆਂ ਵੀ ਨਹੀਂ ਹੁੰਦੀਆਂ। ਬਾਰੂ ਦੀਆਂ ਸਵਾਰੀਆਂ ਵਿਗੜ ਕੇ ਤਾਂਗੇ ਵਿਚੋਂ ਲਹਿਣ ਲੱਗੀਆਂ।

ਬਾਰੂ ਨੇ ਗੁੱਸੇ ਵਿਚ ਲਲਕਾਰ ਕੇ ਕੁੰਦਨ ਨੂੰ ਮਾਂ ਦੀ ਗਾਲ੍ਹ ਕੱਢੀ ਤੇ ਆਪਣੀ ਧੋਤੀ ਦਾ ਲਾਂਗੜ ਮਾਰ ਕੇ ਆਖਿਆ, "ਉੱਤਰ ਪੁੱਤ ਹੇਠ ਤਾਂਗੇ ਤੋਂ।"

ਕੁੰਦਨ, ਬਾਰੂ ਨੂੰ ਗੁੱਸੇ ਵਿਚ ਤਣਿਆ ਦੇਖ, ਕੁਝ ਯਰਕ ਤਾਂ ਗਿਆ, ਪਰ ਉਹ ਤਾਂਗੇ ਉੱਤੋਂ ਹੇਠਾਂ ਉੱਤਰ ਆਇਆ ਤੇ ਬੋਲਿਆ. "ਮੂੰਹ ਸੰਭਾਲ ਕੇ ਕੱਢੀਂ

ਓਦੇ ਗਾਲ੍ਹ ਕੁਲਾਲ।''

ਬਾਰੂ ਨੇ ਇਕ ਗਾਲ੍ਹ ਹੋਰ ਕੱਢ ਦਿੱਤੀ ਤੇ ਹੱਥ ਵਿਚ ਫੜੀ ਪਰੈਣੀ ਉੱਤੇ ਉਂਗਲੀ ਜੋੜ ਕੇ ਆਖਿਆ, ''ਪਹੀਏ ਦੇ ਗਜ਼ਾਂ ਵਿਚੋਂ ਲੰਘਾਂ ਦੂੰ ਸਾਲੇ ਨੂੰ ਤੀਹਰਾ ਕਰ ਕੇ।''

''ਤੂੰ ਹੱਥ ਤਾਂ ਲਾ ਕੇ ਦੇਖ'' ਕੁੰਦਨ ਅੰਦਰੋਂ ਡਰਦਾ ਸੀ, ਪਰ ਉੱਤੋਂ ਭੂੜਕਦਾ ਸੀ।

''ਓ ਮਖਾਂ ਮਿਟ ਜਾ ਤੂੰ, ਮਿਟ ਜਾ ਨਾਈਆ। ਲਹੂ ਦਾ ਤੁਬਕਾ ਨ੍ਹੀ ਡੁਲ੍ਹਣ ਦਊਂਗਾ ਭੁੰਜੇ ਸੀਰਮੇ ਪੀਜੂੰ।'' ਬਾਰੂ ਨੂੰ ਖਿਝ ਸੀ ਕਿ ਕੁੰਦਨ ਉਹਨੂੰ ਕਿਉਂ ਨਹੀਂ ਬਰਾਬਰ ਗਾਲ੍ਹ ਕੱਢ ਬੈਠਦਾ।

ਸਵਾਰੀਆਂ ਆਲੇ ਦੁਆਲੇ ਖੜੀਆਂ ਦੋਹਾਂ ਦੇ ਮੂੰਹ ਵੱਲ ਤੱਕਦੀਆਂ ਸਨ।

''ਤੈਨੂੰ ਮੈਂ ਕੀ ਕਹੇ ? ਤੂੰ ਨਾਸਾਂ ਫੁਲਾਉਂਦੇ ਵਾਧੂ !'' ਕੁੰਦਨ ਨੇ ਜ਼ਰਾ ਕੁ ਡਟ ਕੇ ਆਖਿਆ।

''ਸਵਾਰੀਆਂ ਪੱਟਦੈਂ ਤੂੰ ਮੇਰੀਆਂ !''

''ਮੈਂ ਤਾਂ ਹਾਕਾਂ ਮਾਰਦਾ, ਤੂੰ ਬੰਨ੍ਹ ਲੈ ਸਵਾਰੀਆ !''

''ਮੈਂ ਸਵੇਰ ਦਾ ਦੇਖਦਾ ਮੂੰਹ ਕੰਨੀਂ, ਬੋਦੀਆਂ ਪੱਟ ਦੂੰ !''

''ਪੱਟ ਦਏਂਗਾ ਤੂੰ ਬੋਦੀਆਂ''......ਕੁੰਦਨ ਬਰਾਬਰ ਜਿੱਦਣ ਲੱਗਾ।

''ਸਵਾਰੀਆਂ ਬਠਾਇੰਗਾ ਤੂੰ ਮੇਰੀਆਂ ?''

''ਆਹੋ—ਬਠਾਊਂਗਾ !''

''ਬਠਾ ਫੇਰ......'' ਬਾਰੂ ਨੇ ਹੂਰਾ ਉੱਘਰ ਲਿਆ।

''ਆ ਬਾਬਾ...'' ਕੁੰਦਨ ਨੇ ਇਕ ਸਵਾਰ ਨੂੰ ਮੋਢੇ ਤੋਂ ਫੜਿਆ।

ਬਾਰੂ ਨੇ ਝਟ ਕੁੰਦਨ ਨੂੰ ਝੱਗੇ ਦੇ ਗਲਾਵੇਂ ਤੋਂ ਫੜ ਲਿਆ। ਕੁੰਦਨ ਨੇ ਵੀ ਬਾਰੂ ਨੂੰ ਹੱਥ ਪਾ ਲਏ। ਦੋਵੇਂ ਉਲਝ ਪਏ। ਫੜੋ—ਛੁਡਾਓ ਹੋਣ ਲੱਗੀ। ਅਖੀਰ ਹੋਰ ਤਾਂਗੇ ਵਾਲਿਆਂ ਤੇ ਸਵਾਰੀਆਂ ਨੇ ਦੋਹਾਂ ਨੂੰ ਛਡਾ ਦਿੱਤਾ ਤੇ ਅੱਡੇ ਦੇ ਠੇਕੇਦਾਰ ਨੇ ਦੋਹਾਂ ਨੂੰ ਘੁਰ ਘਪ ਕਹ ਦਿੱਤੀ। ਸਾਰੇ ਲੋਕਾਂ ਇਹ ਆਖਿਆ ਕਿ ਸਵਾਰੀਆਂ ਬਾਰੂ ਦੇ ਹੀ ਤਾਂਗੇ ਵਿਚ ਬੈਠਣ। ਤਿੰਨ ਤ੍ਰੰਨ ਆਨੇ, ਐਵੇਂ ਵਾਧੂ ਗਲ ਐ. ਕਿਸੇ ਲੈਣੇ ਨਾ ਦੇਣੇ, ਕੁੰਦਨ ਨੂੰ ਸਾਰਿਆਂ ਥੋੜ੍ਹੀ ਜਿਹੀ ਫਿਟ-ਲਾਹਣਤੀ ਦਿੱਤੀ ਤੇ ਸਵਾਰੀਆ ਮੁੜ ਬਾਰੂ ਦੇ ਤਾਂਗੇ ਵਿਚ ਬਹਿ ਗਈਆਂ।

ਬਾਰੂ ਨੂੰ ਅੱਕਿਆ ਤੇ ਦੁੱਖੀ ਹੋਇਆ ਦੇਖ ਕੇ ਸਾਰਿਆਂ ਨੂੰ ਹੁਣ ਉਹਦੇ ਨਾਲ

ਹਮਦਰਦੀ ਜਿਹੀ ਹੋ ਗਈ । ਸਾਰੇ ਰਲ ਮਿਲ ਉਹਦਾ ਤਾਂਗਾ ਭਰਵਾ ਕੇ ਤੁਰਾਉਣਾ ਚਾਹੁੰਦੇ ਸਨ । ਸਵਾਰੀਆਂ ਨੇ ਵੀ ਕਹਿ ਦਿੱਤਾ ਕਿ ਚਲੋ ਉਹ ਹੋਰ ਘੜੀ ਪੱਛੜ ਲੈਣਗੇ, ਇਹ ਆਪਣਾ ਘਰ ਪੂਰਾ ਕਰ ਲਵੇ, ਇਹਨੇ ਵੀ ਪਸ਼ੂ ਦਾ ਢਿੱਡ ਭਰ ਕੇ ਰੋਟੀ ਖਾਣੀ ਐ ਗ਼ਰੀਬ ਨੇ ।

ਇੰਨੇ ਨੂੰ ਬਾਜ਼ਾਰ ਵੱਲੋਂ ਆਉਂਦੇ ਪੁਲੀਸ ਦੇ ਹੌਲਦਾਰ ਨੇ ਨੇੜੇ ਆਉਂਦਿਆਂ ਪੁਛਿਆ, "ਉਏ ਤਾਂਗਾ ਹੈ ਤਿਆਰ ਕੋਈ ਖੰਨੇ ਨੂੰ ਮੁੰਡਿਓ ?"

ਪਲ ਭਰ ਲਈ ਬਾਰੂ ਨੇ ਸੋਚਿਆ । ਆ ਗਈ ਮੁਫ਼ਤ ਦੀ ਬਗਾਰ––ਨਾ ਪੈਸਾ, ਨਾ ਧੇਲਾ ਪਰ ਝਟ ਹੀ ਉਹਨੇ ਸੋਚਿਆ ਕਿ ਨਾਂਹ ਤਾਂ ਪੁਲੀਸ ਨੂੰ ਕਰ ਨਹੀਂ ਹੁੰਦੀ, ਸਵਾਰੀਆਂ ਤਾਂ ਦੋ ਵਧ ਬਠਾਇ ਲਊਂਗਾ ਇਹਦੇ ਕਰਕੇ––ਨਹੀਂ ਭਾੜਾ ਦਊ ਨਾ ਸਹੀ ਤੇ ਬਾਰੂ ਨੇ ਆਖਿਆ, "ਆਓ ਹੌਲਦਾਰ ਜੀ, ਤਿਆਰ ਇਹ ਖੜੈ ਤਾਂਗਾ, ਬੈਠੋ ਮੂਹਰੇ ।"

ਹੌਲਦਾਰ ਤਾਂਗੇ ਵਿਚ ਬਹਿ ਗਿਆ । ਬਾਰੂ ਨੇ ਇਕ ਸਵਾਰੀ ਲਈ ਇਕ ਦੋ ਤਕੜੇ ਹੋਏ ਲਾਏ ।

ਇਕ ਲਾਲਾ ਬਾਜ਼ਾਰ ਵੱਲੋਂ ਆਇਆ ਤੇ ਬਿਨਾਂ ਪੁਛੇ ਬਾਰੂ ਦੇ ਤਾਂਗੇ ਵਿਚ ਆ ਚੜ੍ਹਿਆ । ਦੋ ਕੁ ਬੁੱਢੀਆਂ ਜਿਹੀਆਂ ਅੱਡੇ ਵੱਲ ਸੜਕੋ ਸੜਕ ਆ ਰਹੀਆਂ ਸਨ । ਬਾਰੂ ਨੇ ਕਾਹਲੀ ਨਾਲ ਵਾਜ ਮਾਰ ਕੇ ਪੁਛਿਆ, "ਮਾਈ ਖੰਨੇ ਜਾਣੈ ?" ਬੁੱਢੀਆਂ ਛੇਤੀ ਪੈਰ ਪੁਟਣ ਲਗੀਆਂ ਤੇ ਇਕ ਨੇ ਹੱਥ ਉਲਾਰ ਕੇ ਆਖਿਆ; "ਬੇ ਖੜ੍ਹਾ ਬੀਰ......।"

"ਛੇਤੀ ਕਰੋ ਮਾਈ ਛੇਤੀ !" ਬਾਰੂ ਦੇ ਜਿਵੇਂ ਪੈਰ ਮਚਦੇ ਸਨ ।

ਬੁੱਢੀਆਂ ਛੇਤੀ ਛੇਤੀ ਆ ਕੇ ਤਾਂਗੇ ਵਿਚ ਬੈਠਣ ਲਗੀਆਂ "ਵੇ ਭਾਈ! ਕੀ ਲਏਂਗਾ ?"

"ਬਹਿ ਜਾਓ ਮਾਈ ਕੇਰਾਂ ਝਟ ਦੇ ਕੇ––ਥੋਤੋਂ ਵੱਧ ਨੀਂ ਮੰਗਦਾ !"

ਅੱਠਾਂ ਸਵਾਰੀਆਂ ਨਾਲ ਤਾਂਗਾ ਭਰ ਗਿਆ । ਦੋ ਰੁਪਏ ਬਣ ਗਏ ਸਨ । ਤੁਰਦੇ ਤੁਰਾਉਂਦਿਆਂ ਕੋਈ ਹੋਰ ਭੇਜ ਦੂ ਮਾਲਕ––ਦੋ ਫੇਰੇ ਲਗ ਜਾਣ ਇਸੇ ਤਰ੍ਹਾਂ...। ਬਾਰੂ ਨੇ ਠੇਕੇਦਾਰ ਨੂੰ ਮਸੂਲ ਦੇ ਦਿੱਤਾ ।

"ਲੈ ਬਈ, ਹੁਣ ਨਾ ਪਾਂਧਾ ਪੁਛ......।" ਪਹਿਲੀਆਂ ਸਵਾਰੀਆਂ ਵਿਚੋਂ ਇਕ ਨੇ ਕਿਹਾ ।

"ਲਉ ਜੀ, ਬਸ, ਲੈਨੇ ਆਂ ਰੱਬ ਦਾ ਨਾਓਂ..." ਬਾਰੂ ਘੋੜੇ ਦੀ ਪਿਠ ਉਤੇ ਥਾਪੀ ਮਾਰ ਕੇ ਬੰਬ ਨਾਲੋਂ ਰਾਸਾਂ ਖੋਲ੍ਹਣ ਲੱਗਾ।

ਫਿਰ ਉਹਨੂੰ ਚੇਤਾ ਆਇਆ : ਇਕ ਸਿਗਰਟ ਵੀ ਲੈ ਲਵੇ।

ਇਕ ਪਲ ਲਈ, ਖ਼ਿਆਲਾਂ ਵਿਚ, ਉਹਨੇ ਆਪਣੇ ਆਪ ਨੂੰ ਟਪ ਟਪ ਤੁਰਦੇ ਤਾਂਗੇ ਦੇ ਬੰਬ ਉੱਤੇ ਤਣ ਕੇ ਬੈਠਿਆਂ ਧੂਏਂ ਦੇ ਫ਼ਰਾਟੇ ਮਾਰਦਾ ਤੱਕਿਆ ਤੇ ਉਹ ਭਰੇ ਹੋਏ ਤਾਂਗੇ ਨੂੰ ਛਡ ਕੇ ਕੈਂਚੀ ਦੀ ਸਿਗਰਟ ਖ਼ਰੀਦਣ ਲਈ ਫੜ੍ਹੀ ਵਾਲੇ ਕੋਲ ਚਲਾ ਗਿਆ।

ਭੁੱਖੀ ਡੈਣ ਵਾਂਗ, ਝਟ ਅੰਬਾਲਿਓਂ ਲੁਧਿਆਣੇ ਜਾਣ ਵਾਲੀ ਬੱਸ ਤਾਂਗੇ ਦੇ ਸਿਰ ਉੱਤੇ ਆ ਖੜ੍ਹੀ। ਪਲੋ ਪਲੀ ਵਿਚ ਤਾਂਗੇ ਤੋਂ ਸਵਾਰੀਆਂ ਲਹਿ ਕੇ ਬਸ ਦੇ ਵਡੇ ਢਿੱਡ ਵਿਚ ਖਪ ਗਈਆਂ। ਅੱਡੇ ਵਿਚ ਹੂੰਝਾ ਫੇਰ ਕੇ ਡੈਣ ਵਾਂਗ ਚੰਘਿਆੜਦੀ ਬਸ ਅੱਗੇ ਤੁਰ ਗਈ। ਧੂੰਏ ਦੀ ਸੜ੍ਹਿਆਣ ਤੇ ਉੱਡੀ ਹੋਈ ਧੂੜ ਉਹਦੇ ਮੂੰਹ ਉੱਤੇ ਪੈ ਰਹੀ ਸੀ।

ਬਾਰੂ ਨੇ ਅੱਡੇ ਦੇ ਵਿਚਕਾਰ, ਪਰੈਣੀ ਉੱਚੀ ਕਰਕੇ, ਦਿਲ ਤੇ ਸਰੀਰ ਦੇ ਪੂਰੇ ਜ਼ੋਰ ਨਾਲ ਇਕ ਵਾਰ ਫਿਰ ਹੋਕਾ ਮਾਰਿਆ, "ਜਾਂਦਾ ਕੋਈ ਇਕ ਸਵਾਰ ਖੰਨੇ ਦਾ ਬਈ ਓ......।"

ਕੁਲਵੰਤ ਸਿੰਘ ਵਿਰਕ

ਨਮਸਕਾਰ

ਜਦੋਂ ਦੂਜੀ ਵੱਡੀ ਜੰਗ ਲਗੀ ਤਾਂ ਅਸੀਂ, ਬਹੁਤ ਸਾਰੇ ਕਾਲਿਜਾਂ ਵਿਚ ਪੜ੍ਹਦੇ ਜਾਂ ਪੜ੍ਹ ਹਟੇ ਮੁੰਡੇ ਫ਼ੌਜ ਵਿਚ ਭਰਤੀ ਹੋ ਗਏ। ਜਿਸ ਕਿਸੇ ਨੂੰ ਦੋਹਾਂ ਅੱਖਾਂ ਤੋਂ ਦਿਸਦਾ ਸੀ ਤੇ ਦਸ ਜਮਾਤਾਂ ਪਾਸ ਸੀ, ਉਹ ਲਫ਼ਟੈਨ ਬਣਨ ਲਈ ਦਰਖ਼ਾਸਤ ਦੇ ਸਕਦਾ ਸੀ। ਦਰਖ਼ਾਸਤਾਂ ਦੇਣ ਪਿਛੋਂ ਮੁੰਡੇ ਅੰਗਰੇਜ਼ੀ ਬੋਲਣੀ ਸਿਖਦੇ, ਕਿਉਂਕਿ ਭਰਤੀ ਲਈ ਮੁਲਾਕਾਤ ਵੇਲੇ ਗਲਬਾਤ ਅੰਗਰੇਜ਼ੀ ਵਿਚ ਹੀ ਹੁੰਦੀ। ਨਾਲ ਨਾਲ ਉਹ ਬਣਨਾ ਫਬਣਾ ਵੀ ਸਿਖਦੇ ਤਾਂ ਜੋ ਉਹ ਵੱਡੇ ਵੱਡੇ ਖ਼ਾਨਦਾਨਾਂ ਰਾਹੀਂ ਇਸ ਦੁਨੀਆਂ ਵਿਚ ਆਏ ਦਿਸਣ। ਸਟਾਲਨ ਅਤੇ ਹਿਟਲਰ ਜਿਹੜੇ ਮੋਚੀ ਛੀਂਬੇ ਕਿਸਮ ਦੇ ਆਦਮੀ ਸਨ, ਦੇ ਸੰਸਾਰ ਵਿਚ ਪਰਗਟ ਹੋਣ ਤੋਂ ਪਿਛੋਂ ਵੀ ਅਜੇ ਇਹੋ ਖ਼ਿਆਲ ਆਮ ਸੀ ਕਿ ਅੰਗਰੇਜ਼ ਕੇਵਲ ਖਾਂਦੇ ਪੀਂਦੇ ਹਿੰਦੁਸਤਾਨੀਆਂ ਨੂੰ ਹੀ ਅਫ਼ਸਰੀਆਂ ਦੇ ਯੋਗ ਸਮਝਦੇ ਸਨ। ਪਰ ਇਸ ਬਿਪਤਾ ਵੇਲੇ ਅੰਗਰੇਜ਼ਾਂ ਨੂੰ ਇਹੋ ਜਿਹੇ ਭੁਲੇਖੇ ਕੱਢਣ ਦੀ ਵਿਹਲ ਨਹੀਂ ਸੀ। ਖ਼ਾਸ ਕਰ ਜਦੋਂ ਹਿੰਦੁਸਤਾਨ ਵਿਚ ਭਰਤੀ ਵੱਲੋਂ ਉਨ੍ਹਾਂ ਦਾ ਕੰਮ ਠੀਕ ਚਲ ਰਿਹਾ ਸੀ। ਜਿਹੜੇ ਹਜ਼ਾਰਾ ਹਿੰਦੁਸਤਾਨੀਆਂ ਨੂੰ ਉਨ੍ਹਾਂ ਲਫ਼ਟੈਨ ਬਣਾਇਆ, ਉਨ੍ਹਾਂ ਵਿਚੋਂ ਮੈਂ ਵੀ ਸਾਂ। ਇਹ ਕੋਈ ਉਚੇਚੀ ਗੱਲ ਨਹੀਂ ਜਾਪਦੀ ਸੀ, ਸੱਜੇ ਖੱਬੇ ਸਭ ਮੁੰਡੇ ਲਫ਼ਟੈਨ ਬਣ ਰਹੇ ਹਨ। ਪਿੰਡ ਪਿੰਡ ਵਿਚ ਲਫ਼ਟੈਨ ਗਏ ਲਗਦੇ ਸਨ। ਸਿਖਲਾਈ ਵਾਲੀ ਥਾਂ (ਜਿਸ ਨੂੰ ਆਫ਼ੀਸਰ ਟਰੇਨਿੰਗ ਸਕੂਲ ਆਖਦੇ ਸਨ) ਜਾ ਕੇ ਤੇ ਇਸ ਤਰ੍ਹਾਂ ਲਗਾ ਜਿਵੇਂ ਸਾਰੀ ਫੌਜ ਲਫ਼ਟੈਨਾਂ ਦੀ ਹੀ ਹੋਵੇਗੀ, ਸਿਪਾਹੀ ਕੋਈ ਨਹੀਂ ਹੋਣਗੇ।

ਪਰ ਸਿਖਲਾਈ ਪਿੱਛੋਂ ਯੂਨਿਟਾ ਵਿਚ ਜਾ ਕੇ ਪਤਾ ਲੱਗਾ ਕਿ ਹਿੰਦੁਸਤਾਨੀ ਫ਼ੌਜ ਵਿਚ ਵੀ ਹਿੰਦੁਸਤਾਨੀ ਅਫ਼ਸਰ ਆਟੇ ਵਿੱਚ ਲੂਣ ਬਰਾਬਰ ਹੀ ਹਨ। ਆਮ ਯੂਨਿਟਾਂ ਵਿੱਚ ਤੀਹ ਪੈਂਤੀ ਅਫ਼ਸਰਾਂ ਵਿੱਚੋਂ ਦੋ ਤਿੰਨ ਹੀ ਹਿੰਦੁਸਤਾਨੀ ਹੁੰਦੇ ਤੇ ਬਾਕੀ ਅੰਗਰੇਜ਼। ਵੱਡਾ ਅਫ਼ਸਰ ਤੇ ਕੋਈ ਹਿੰਦੁਸਤਾਨੀ ਹੈ ਹੀ ਨਹੀਂ ਸੀ। ਭਾਵੇਂ ਸਾਡੀਆਂ ਤਨਖ਼ਾਹਾਂ ਅਖ਼ਤਿਆਰਾਂ ਤੇ ਸਰਦਾਰੀ ਵਿੱਚ ਕੋਈ ਫ਼ਰਕ ਨਹੀਂ, ਖਾਣ ਪੀਣ ਤੇ ਸੌਣਾ ਬਹਿਣਾ ਵੀ ਇਕੱਠਾ ਹੀ ਸੀ ਪਰ ਫਿਰ ਵੀ ਨਾ ਅੰਗਰੇਜ਼ ਸਾਨੂੰ

ਆਪਣੇ ਬਰਾਬਰ ਦਾ ਸਮਝਦੇ ਸਨ ਤੇ ਨਾ ਅਸੀਂ ਆਪਣੇ ਆਪ ਨੂੰ ਉਨ੍ਹਾਂ ਦੇ ਬਰਾ-ਬਰ ਦਾ। ਕਿਸੇ ਗੋਰੇ ਸਿਪਾਹੀ ਦਾ ਨਿਮਰਤਾ ਨਾਲ ਸਲਾਮ ਕਰਨਾ ਜਾਂ ਕਿਸੇ ਅੰਗਰੇਜ਼ ਨਰਸ ਦਾ ਪਿਆਰ ਨਾਲ ਗੱਲ ਕਰਨਾ ਸਾਡੇ ਲਈ ਇਕ ਸੁਰਗ ਦਾ ਝੂਟਾ ਸੀ। ਇਸ ਨਾ-ਬਰਾਬਰੀ ਦੀ ਹਾਲਤ ਲਈ ਨਾ ਉਹ ਪੂਰੇ ਕਸੂਰਵਾਰ ਸਨ ਤੇ ਨਾ ਅਸੀਂ। ਸੌ ਡੇਢ ਸੌ ਸਾਲ ਤੋਂ ਹਾਲਾਤ ਐਸੇ ਹੀ ਸਨ। ਇਸ ਕੁਦਰਤੀ ਫ਼ਰਕ ਦਾ ਉਸ ਵੇਲੇ ਇਕ ਸੰਕੇਤ ਇਹ ਸੀ ਕਿ ਅਸੀਂ ਤੇ ਆਪਣੀ ਫ਼ੌਜੀ ਨੌਕਰੀ ਨੂੰ ਪਰਮਾਤਮਾ ਨੂੰ ਸਰਕਾਰ ਦੀ ਇਕ ਵੱਡੀ ਬਖ਼ਸ਼ਿਸ਼ ਸਮਝਦੇ ਸਾਂ ਤੇ ਇਸ ਦਾ ਕਿਸੇ ਤਰ੍ਹਾਂ ਪੱਕੀ ਹੋ ਜਾਣਾ ਸਾਡਾ ਇਕ ਸੁੰਦਰ ਸੁਫਨਾ ਸੀ, ਪਰ ਅੰਗਰੇਜ਼ ਜਬਰੀ ਭਰਤੀ ਹੇਠ ਆਏ ਹੋਏ ਸਨ ਤੇ ਉਡੀਕਦੇ ਸਨ ਕਿ ਕਦੋਂ ਲੜਾਈ ਖ਼ਤਮ ਹੋਵੇ ਤੇ ਕਦੋਂ ਫ਼ੌਜੀ ਨੌਕਰੀ ਤੋਂ ਖ਼ਲਾਸੀ ਮਿਲੇ। ਭਾਵੇਂ ਉਨ੍ਹਾਂ ਵਿੱਚੋਂ ਕਈ ਬਹੁਤ ਚੰਗੇ ਆਦਮੀ ਸਨ ਪਰ ਸਾਡੀ ਤੇ ਉਨ੍ਹਾਂ ਦੀ ਕਦੀ ਦਿਲੀ ਸਾਂਝ ਨਾ ਬਣਦੀ। ਅਸੀਂ ਇਕੱਠੇ ਸ਼ਰਾਬ ਪੀਂਦੇ. ਜ਼ਨਾਨੀਆਂ ਦੀਆਂ, ਆਪਣੇ ਦੇਸ਼ ਦੇ ਰਿਵਾਜਾਂ ਦੀਆਂ, ਧਰਮਾਂ ਦੀਆਂ ਅਤੇ ਬੋਲੀ ਦੀਆਂ ਝੂਠੀਆਂ ਸੱਚੀਆਂ ਗੱਲਾਂ ਕਰਦੇ ਤੇ ਫਿਰ ਹੱਸਦੇ ਹੱਸਦੇ ਆ ਕੇ ਸੌਂ ਜਾਂਦੇ। ਕਦੀ ਕਿਸੇ ਅੰਗਰੇਜ਼ ਨੇ ਇਹ ਨਹੀਂ ਕਿਹਾ ਸੀ ਕਿ ਜੇ ਤੂੰ ਛੁੱਟੀ ਚਲਿਆ ਹੈਂ ਤਾਂ ਮੈਂ ਵੀ ਛੁੱਟੀ ਲੈ ਕੇ ਤੇਰੇ ਨਾਲ ਪਿੰਡ ਚਲਦਾ ਹਾਂ।

ਹਾਂ ਇਕ ਅੰਗਰੇਜ਼ ਅਫ਼ਸਰ ਸੀ ਜਿਹੜਾ ਸਾਡੇ ਵਿੱਚ ਦੂਜਿਆਂ ਨਾਲੋਂ ਬਹੁਤਾ ਭਿੱਜਦਾ ਸੀ। ਉਸ ਦਾ ਨਾਂ ਮਲਿੰਗਟਨ ਸੀ।

ਮਲਿੰਗਟਨ ਕੈਂਬ੍ਰਿਜ ਯੂਨੀਵਰਸਿਟੀ ਵਿੱਚ ਪੜ੍ਹਦਾ ਆਇਆ ਸੀ। ਧਰਮ ਤੇ ਦਰਸ਼ਨ ਦਾ ਵਿਦਿਆਰਥੀ ਸੀ। ਬੜਾ ਮਲੂਕ ਜਿਹਾ ਦਿਸਦਾ ਸੀ। ਉਸ ਦੀਆਂ ਅੱਖਾਂ ਵਿਚ ਸਦਾ ਇਕ ਪਿਆਰ ਜਿਹਾ ਇਕ ਤਰਲਾ ਜਿਹਾ ਹੁੰਦਾ ਸੀ ਜਿਸ ਕਰਕੇ ਉਸ ਦੇ ਕੋਲ ਬੈਠਣ ਨੂੰ ਬੜਾ ਜੀਅ ਕਰਦਾ ਸੀ। ਅੰਗਰੇਜ਼ ਅਫਸਰਾਂ ਵਿਚੋਂ ਉਹ ਬਹੁਤਾ ਸਿਰ ਕੱਢਵਾਂ ਨਹੀਂ ਗਿਣਿਆ ਜਾਂਦਾ ਸੀ। ਮੈੱਸ ਵਿਚ ਬਹੁਤ ਬੋਲਦਾ ਨਹੀਂ ਸੀ। ਪਰੇਡ ਤੇ ਬਹੁਤੀ ਚੁਸਤੀ ਦਾ ਪਰਭਾਵ ਨਹੀਂ ਸੀ ਦਿੰਦਾ। ਪਰ ਉਸ ਨੂੰ ਘਟੀਆ ਵੀ ਨਹੀਂ ਗਿਣਿਆ ਜਾਂਦਾ ਸੀ। ਅਸਲ ਵਿਚ ਜਿਹੜਾ ਅੰਗਰੇਜ਼ ਅਫ਼ਸਰ ਸਵੇਰੇ ਵਕਤ ਸਿਰ ਉਠ ਕੇ ਦਾੜ੍ਹੀ ਮੁੰਨ ਕੇ ਪਰੇਡ ਤੇ ਆ ਜਾਵੇ ਤੇ ਔਖਾ ਸੌਖਾ ਡੰਗ ਸਾਰ ਲਵੇ ਉਸ ਨੂੰ ਘਟੀਆ ਨਹੀਂ ਗਿਣਿਆ ਜਾਂਦਾ ਸੀ। ਪਰ ਹੋਰ ਅੰਗਰੇਜ਼ ਅਫ਼ਸਰ ਇਸ ਤਰ੍ਹਾਂ ਟੁਰਦੇ ਫਿਰਦੇ ਸਨ ਜਿਵੇਂ ਸੌ ਸੌ ਮੀਲ ਤਕ ਉਨ੍ਹਾਂ ਦੇ ਮੇਚ ਦਾ ਬੰਦਾ ਨਾ ਹੋਵੇ।

ਡਿਊਟੀ ਤੋਂ ਵਿਹਲਾ ਹੋ ਕੇ ਉਹ ਹਿੰਦੁਸਤਾਨੀ ਕਪੜੇ ਪਾ ਲੈਂਦਾ, ਪਠਾਣਾਂ ਵਾਲੀ ਸਲਵਾਰ, ਕਮੀਜ਼ ਤੇ ਸਿਰ ਉੱਤੇ ਕੁੱਲੇ ਵਾਲੀ ਪੱਗ। ਆਪਣੇ ਬੈਰੇ ਨਾਲ ਹਿੰਦੁਸਤਾਨੀ ਵਿਚ ਗੱਲਬਾਤ ਕਰਦਾ। ਉਸ ਨੂੰ ਅੰਗਰੇਜ਼ੀ ਸਿਖਾਣ ਦੀ ਥਾਂ ਆਪ ਉਸ ਕੋਲੋਂ ਹਿੰਦੁਸਤਾਨੀ ਸਿਖਦਾ ਰਹਿੰਦਾ। ਭਾਰਤੀ ਸੱਭਿਅਤਾ ਉੱਤੇ ਉਸ ਕਈ ਕਿਤਾਬਾਂ ਰਖੀਆਂ ਹੋਈਆਂ ਸਨ। ਮੈਂ ਉਸ ਨੂੰ ਕਦੀ ਕੋਈ ਨਵੀਂ ਗੱਲ ਨਾ ਦੱਸ ਸਕਦਾ। ਉਸ ਨੂੰ ਪਹਿਲਾਂ ਹੀ ਪਤਾ ਹੁੰਦਾ। ਮੇਰੇ ਮੂੰਹੋਂ ਗੱਲਾਂ ਸੁਣਨ ਦੀ ਥਾਂ ਉਹ ਮੇਰੇ ਅੰਦਰ ਟੋਂਹਦਾ ਰਹਿੰਦਾ। ਅਸੀਂ ਬਗੈਰ ਗੱਲ ਕਰਨ ਦੇ ਹੀ ਕਿੰਨਾ ਕਿੰਨਾ ਚਿਰ ਬੈਠੇ ਰਹਿੰਦੇ। ਛੁੱਟੀ ਵਾਲੇ ਦਿਨ ਸ਼ਿਕਾਰ ਖੇਡਣ ਦੇ ਪੱਜ ਅਸੀਂ ਪਿੰਡਾਂ ਵਿਚ ਜਾ ਵੜਦੇ ਤੇ ਉਹ ਮੇਰੇ ਰਾਹੀਂ ਲੋਕਾਂ ਨਾਲ ਗੱਲਾਂ ਕਰਦਾ ਰਹਿੰਦਾ ਤੇ ਉਨ੍ਹਾਂ ਦੇ ਘਰ ਘਾਟ ਵੇਖਦਾ ਫਿਰਦਾ। ਆਮ ਕਪੜੇ ਪਾ ਕੇ ਅਸੀਂ ਸ਼ਾਹਜਹਾਨਪੁਰ ਦੇ ਬਜ਼ਾਰਾਂ ਵਿਚ ਘੁਮਦੇ ਫਿਰਦੇ। ਲਖਨਊ ਦੀਆਂ ਕੰਜਰੀਆਂ ਤੋਂ ਗੌਣ ਸੁਣਦੇ ਤੇ ਉਨ੍ਹਾਂ ਦਾ ਨਾਚ ਦੇਖਦੇ ਰਹਿੰਦੇ। ਜਿਸ ਤਰ੍ਹਾਂ ਫੌਜੀ ਅਫਸਰਾਂ ਦੀਆਂ ਕੋਠੀਆਂ ਉਸ ਦੀ ਦੁਨੀਆਂ ਸੀ ਤੇ ਮੈਂ ਕੇਵਲ ਇਕ ਸੱਦਿਆ ਹੋਇਆ ਜਾਂ ਅਨਸੱਦਿਆ ਪ੍ਰਾਹੁਣਾ ਜਾਂ ਇਸ ਤਰ੍ਹਾਂ ਇਹ ਬਾਜ਼ਾਰ ਮੇਰੀ ਦੁਨੀਆਂ ਸਨ। ਪਰ ਇਥੇ ਵੀ ਉਹ ਮੇਰੇ ਤੋਂ ਬਹੁਤਾ ਸਵਾਦ ਲੈ ਸਕਦਾ ਸੀ। ਉਸ ਨੂੰ ਹਿੰਦੁਸਤਾਨੀ ਨਾਚ ਤੇ ਗੌਣ ਦੀ ਚੰਗੀ ਚੋਖੀ ਸਮਝ ਆ ਗਈ ਸੀ। ਮੈਂ ਤੇ ਐਲਾਨ ਹੋਣ ਤੋਂ ਬਿਨਾਂ ਇਹ ਵੀ ਨਾ ਦੱਸ ਸਕਦਾ ਕਿ ਠੁਮਰੀ ਗਾਵੀ ਜਾ ਰਹੀ ਏ ਜਾਂ ਦਾਦਰਾ। ਬਰੇਲੀ ਵਿਚ ਅਸੀਂ "ਪ੍ਰਾਈਵੇਟ" ਕੰਜਰੀਆਂ ਦੇ ਘਰਾਂ ਵਿਚ ਜਾਂਦੇ। ਉਨ੍ਹਾਂ ਦੇ ਬਿਸਤਰਿਆਂ ਉੱਤੇ ਬਹਿ ਕੇ ਉਹ ਇਕ ਬੱਚੇ ਵਾਂਗ ਉਨ੍ਹਾਂ ਨਾਲ ਗੱਲਾਂ ਕਰਦਾ ਰਹਿੰਦਾ। ਉਠ ਕੇ ਆ ਉਨ੍ਹਾਂ ਦੇ ਘਰਾਂ ਦੇ ਬਾਹਰ ਬੈਠਾ ਜਾਂ ਟਹਿਲਦਾ ਰਹਿੰਦਾ, ਇਹ ਵੇਖਣ ਲਈ ਕਿ ਹੋਰ ਲੋਕ ਕੌਣ ਆਉਂਦੇ ਹਨ ? ਕੀ ਗੱਲਾਂ ਕਰਦੇ ਹਨ ?

ਇਸ ਤਰ੍ਹਾਂ ਲਗਦਾ ਸੀ ਕਿ ਜਿਵੇਂ ਅੰਗਰੇਜ਼ੀ ਰਾਜ ਲਈ ਇਸ ਦੇਸ਼ ਨੂੰ ਬਚਾਣ ਆਏ ਨੂੰ ਉਸ ਨੂੰ ਇਸ ਨਾਲ ਸਨੇਹ ਹੋ ਗਿਆ ਹੋਵੇ। ਆਪਣੀ ਨੌਕਰੀ ਵਜਾਣ ਦੀ ਥਾਂ ਉਹ ਬਹੁਤਾ ਭਾਰਤ ਦੀ ਆਤਮਾ ਦੀ ਟੋਹ ਵਿਚ ਸੀ। ਇਕ ਵਾਰ ਮੋਟਰ ਵਿਚ ਅਲਮੋੜੇ ਜਾਂਦਿਆਂ ਰਾਹ ਵਿਚ ਬਹੁਤ ਸੁੰਦਰ ਪਹਾੜੀ ਦ੍ਰਿਸ਼ ਆਏ। ਉਹ ਮਸਤ ਹੋਇਆ ਵੇਖਦਾ ਰਿਹਾ ਤੇ ਫਿਰ ਉਸ ਹੱਥ ਜੋੜ ਕੇ ਮੱਥਾ ਟੇਕ ਦਿੱਤਾ।

"ਤੂੰ ਕਿਸ ਨੂੰ ਨਮਸਕਾਰ ਕਰ ਰਿਹਾ ਏਂ ?" ਮੈਂ ਪੁਛਿਆ

"ਪਤਾ ਨਹੀਂ ਕਿਸ ਨੂੰ, ਪਰ ਮੇਰਾ ਜੀਅ ਕੀਤਾ ਸੀ", ਉਸ ਨੇ ਕਿਹਾ।

ਉਸੇ ਯੂਨਿਟ ਵਿਚੋਂ ਹੀ ਮੈਨੂੰ ਫ਼ੌਜ ਤੋਂ ਛੁੱਟੀ ਹੋ ਗਈ।

ਜਦੋਂ ਮੈਂ ਨੌਕਰੀ ਛੱਡ ਕੇ ਆਉਣ ਲੱਗਾ ਤਾਂ ਮਲਿੰਗਟਨ ਤੋਂ ਵੀ ਵਿਦਾ ਹੋਣਾ ਸੀ।

"ਇਥੋਂ ਵਿਹਲਾ ਹੋ ਕੇ ਮੈਂ ਆਪਣੇ ਦੇਸ਼ ਮੁੜ ਜਾਵਾਂਗਾ", ਉਸ ਨੇ ਕਿਹਾ। "ਜੇ ਤੂੰ ਕਦੀ ਉਧਰ ਆਇਉਂ ਤਾਂ ਮੈਨੂੰ ਚਿੱਠੀ ਲਿਖੀਂ, ਮੈਂ ਤੈਨੂੰ ਮਿਲਾਂਗਾ। ਮੇਰਾ ਹਮੇਸ਼ਾਂ ਵਾਸਤੇ ਦਾ ਪਤਾ ਗਰਿੰਡਲੇ ਬੈਂਕ, ਲੰਡਨ ਹੈ। ਮੇਰਾ ਉਨ੍ਹਾਂ ਨਾਲ ਹਿਸਾਬ ਹੈ। ਮੈਂ ਜਿਥੇ ਵੀ ਹੋਵਾਂ ਉਨ੍ਹਾਂ ਨੂੰ ਪਤਾ ਹੁੰਦਾ ਹੈ। ਹਰ ਚਿੱਠੀ ਉਹ ਮੈਨੂੰ ਉਥੇ ਭੇਜ ਦਿੰਦੇ ਨੇ। ਇਹ ਬੜਾ ਸਿੱਧਾ ਤੇ ਸੌਖਾ ਪਤਾ ਹੈ। ਹੁਣ ਤੇਰੇ ਕੋਲ ਮੈਨੂੰ ਪਤਾ ਨਾ ਦੇਣ ਦਾ ਕੋਈ ਬਹਾਨਾ ਨਹੀਂ ਹੋ ਸਕਦਾ।"

"ਮੈਨੂੰ ਅਗਲੇ ਕੁਝ ਸਾਲਾਂ ਵਿਚ ਇੰਗਲੈਂਡ ਜਾ ਸਕਣ ਦੀ ਉਮੀਦ ਨਹੀਂ", ਮੈਂ ਦਸਿਆ। "ਉਸ ਤੋਂ ਮਗਰੋਂ ਸ਼ਾਇਦ ਮੇਰਾ ਕਦੀ ਜਾਣ ਨੂੰ ਜੀਅ ਨਾ ਕਰੇ। ਇਸ ਲਈ ਇਸ ਪਤੇ ਦੀ ਕੋਈ ਵਰਤੋਂ ਨਹੀਂ ਕਰ ਸਕਾਂਗਾ। ਇਸ ਮੁਲਾਕਾਤ ਨੂੰ ਆਖ਼ਰੀ ਹੀ ਸਮਝ।"

"ਨਹੀਂ, ਨਹੀਂ। ਖ਼ਬਰੇ, ਆਖ਼ਰੀ ਨਾ ਹੋਵੇ। ਦੁਨੀਆਂ ਬਹੁਤ ਛੋਟੀ ਹੋ ਰਹੀ ਹੈ। ਸ਼ਾਇਦ ਮੈਂ ਹੀ ਕਦੀ ਫਿਰ ਇਧਰ ਆ ਜਾਵਾਂ। ਤੂੰ ਮੈਨੂੰ ਆਪਣਾ ਹਮੇਸ਼ਾਂ ਵਾਸਤੇ ਦਾ ਪਤਾ ਲਿਖ ਦੇ।"

ਇਕ ਕਾਗ਼ਜ਼ ਉੱਤੇ ਮੈਂ ਆਪਣਾ ਨਾਂ, ਪਿੰਡ, ਡਾਕਖਾਨਾ, ਜ਼ਿਲ੍ਹਾ ਲਿਖ ਕੇ ਉਸ ਦੇ ਹੱਥ ਫੜਾ ਦਿੱਤਾ।

ਉਸ ਨੇ ਉਹ ਸਿਰਨਾਵਾਂ ਪੜ੍ਹ ਕੇ ਵੇਖਿਆ, ਇਹ ਪੱਕ ਕਰਨ ਲਈ ਕਿ ਉਹ ਸਾਰੇ ਅੱਖਰ ਉਠਾਲ ਸਕਦਾ ਹੈ।

"ਇਹ ਤੇਰਾ ਸਦਾ ਵਾਸਤੇ ਦਾ ਪਤਾ ?' ਉਸ ਪੁਛਿਆ। ਉਹ ਮੇਰੇ ਪਿੰਡ ਨੂੰ ਇੰਗਲੈਂਡ ਦੇ ਇਕ ਵੱਡੇ ਬੈਂਕ ਨਾਲੋਂ ਘੱਟ ਸਥਿਰ ਸਮਝਦਾ ਸੀ।

"ਹਾਂ, ਅਣਗਿਣਤ ਸਦੀਆਂ ਤੋਂ ਮੇਰੇ ਵਡਿਕਿਆਂ ਦਾ ਇਹੋ ਪਤਾ ਰਿਹਾ ਹੈ। ਤੇਰੀ ਉਮਰ ਤੇ ਅਜੇ ਭੁਗਤਾ ਹੀ ਜਾਏਗਾ", ਮੈਂ ਮਾਣ ਨਾਲ ਕਿਹਾ।

ਉਸ ਨੇ ਮੇਰੀ ਗੱਲ ਸੁਣੀ ਤੇ ਖਲੋਤੇ ਖਲੋਤੇ ਮੱਥਾ ਟੇਕਿਆ।

"ਤੂੰ ਕਿਸ ਨੂੰ ਨਮਸਕਾਰ ਕੀਤੀ ਹੈ ?"

"ਪਤਾ ਨਹੀਂ, ਮੇਰਾ ਜੀਅ ਕੀਤਾ ਸੀ।"

''ਨਹੀਂ ਤੈਨੂੰ ਪਤਾ ਹੈ। ਤੂੰ ਮੈਨੂੰ ਨਮਸਕਾਰ ਕੀਤਾ ਹੈ।''

''ਨਹੀਂ, ਬਿਲਕੁਲ ਨਹੀਂ। ਪ੍ਰਾਣੀਆਂ ਨੂੰ ਇਹੋ ਜਿਹੀ ਨਮਸਕਾਰ ਨਹੀਂ ਕਰਦਾ। ਤੈਨੂੰ ਮੈਂ ਜਾਣ ਲਗੇ ਨੂੰ ਵੱਡੇ ਅਫ਼ਸਰ ਦਾ ਸੈਲੂਟ ਕਰਾਂਗਾ।'' ਮੈਂ ਉਸ ਤੋਂ ਕੁਝ ਚਿਰ ਪਹਿਲਾਂ ਭਰਤੀ ਹੋਇਆ ਸਾਂ।

ਇਸ ਦੇ ਕੁਝ ਚਿਰ ਪਿਛੋਂ ਅੰਗਰੇਜ਼ੀ ਰਾਜ ਖ਼ਤਮ ਹੋ ਗਿਆ। ਹਿੰਦੁਸਤਾਨ ਆਜ਼ਾਦ ਹੋ ਗਿਆ। ਬਿਦੇਸ਼ਾਂ ਵਿਚ ਭਾਂਤ ਭਾਂਤ ਦੀਆਂ ਗੱਲਾਂ ਹੋਈਆਂ। ਕਿਸੇ ਨੇ ਕਿਹਾ ਦੇਸ਼ ਹੁਣ ਬਹੁਤ ਉੱਨਤੀ ਕਰੇਗਾ। ਕਿਸੇ ਨੇ ਕਿਹਾ ਡੁੱਬ ਜਾਏਗਾ, ਟੋਟੇ ਹੋ ਕੇ ਖ਼ਤਮ ਹੋ ਜਾਏਗਾ। ਕਿਸੇ ਹੋਰ ਨੇ ਕਿਹਾ ਅਜੇ ਆਜ਼ਾਦ ਹੋਇਆਂ ਹੀ ਨਹੀਂ, ਭੁਲੇਖਾ ਹੈ, ਛਲ ਹੈ। ਕਈ ਕਹਿੰਦੇ ਗੱਲ ਇਸ ਦੇ ਕੁਝ ਵਿਚਕਾਰ ਵਿਚਕਾਰ ਹੈ। ਨਵਾਂ ਜੰਮਿਆ ਭਾਰਤ ਹੌਲੀ ਹੌਲੀ ਰਿੜ੍ਹਨ ਲਗ ਪਿਆ ਹੈ। ਇਹ ਆਸ ਬਝਨ ਲੱਗੀ ਹੈ ਕਿ ਕਿਸੇ ਦਿਨ ਨੂੰ ਇਹ ਉਠ ਕੇ ਖਲੋ ਜਾਏਗਾ ਤੇ ਫਿਰ ਟੁਰ ਕੇ ਜਾਂ ਭੱਜ ਕੇ ਦੂਜੇ ਵੱਡੇ ਦੇਸ਼ਾਂ ਦੇ ਨਾਲ ਜਾ ਰਲੇਗਾ। ਕਿਵ੍ਹੇਂ ਕੰਮ ਹੋ ਰਿਹਾ ਹੈ? ਐਨੀ ਕਰੋੜਾਂ ਦੀ ਵਸੋਂ ਨਾਲ ਕਿਵੇਂ ਬੀਤ ਰਹੀ ਏ? ਇਹ ਕੁਝ ਵੇਖਣ ਲਈ ਕਈ ਲੋਕ ਬਿਦੇਸ਼ਾਂ ਤੋਂ ਆਉਂਦੇ। ਕੁਝ ਇਹ ਵੇਖਣ ਆਉਂਦੇ ਕਿ ਦੁਨੀਆਂ ਦੇ ਵੱਡੇ ਧੜਿਆਂ ਵਿਚੋਂ ਇਹ ਕਿਸ ਨਾਲ ਰਲੇਗਾ, ਜਿਵੇਂ ਜੱਟਾਂ ਦੇ ਦੋ ਧੜੇ ਕਿਸੇ ਜ਼ਨਾਨੀ ਤੋਂ ਬਿਆਨ ਕਰਵਾਉਣ ਲਈ ਕਿਰਪਾਨਾਂ ਖਿੱਚੀ ਕਚਹਿਰੀ ਦੇ ਬਾਹਰ ਫਿਰਦੇ ਰਹਿੰਦੇ ਹਨ।

ਕੁਝ ਵਰ੍ਹੇ ਹੋਰ ਲੰਘ ਗਏ। ਇਕ ਦਿਨ ਮੇਰੀ ਮਾਂ ਨੇ ਕਿਹਾ, ਇਕ ਓਪਰੀ ਜਿਹੀ ਟਿਕਟ ਵਾਲੀ ਚਿੱਠੀ ਆਈ ਹੈ। ਮੈਂ ਚਿੱਠੀ ਵੇਖ, ਉੱਤੇ ਅੰਗਰੇਜ਼ੀ ਦੀ ਮਲਿਕਾ ਦੀ ਮੂਰਤ ਸੀ। ਟਿਕਟ ਉੱਤੇ ਇਸ ਦੇ ਪਿਉ ਦੀ ਮੂਰਤ ਨੂੰ ਮੇਰੀ ਮਾਂ ਓਪਰੀ ਨਹੀਂ ਸਮਝਦੀ ਸੀ, ਪਰ ਇਸ ਦੀ ਸੂਰਤ ਉਸ ਨੂੰ ਓਪਰੀ ਲਗੀ। ਚਲੋ ਕੁਝ ਤੇ ਫ਼ਰਕ ਹੈ ਨਾ, ਸੋਚਿਆ। ਚਿੱਠੀ ਖੋਲ੍ਹੀ। ਮਲਿੰਗਟਨ ਦੀ ਸੀ। ਉਹ ਭਾਰਤ ਆ ਰਿਹਾ ਸੀ। ਉਥੇ ਬੈਠੇ ਬਿਠਾਏ ਨੇ ਦਿੱਲੀ ਦੇ ਹੋਟਲ ਵਿਚ ਕਮਰਾ ਲੈ ਲਿਆ ਸੀ ਤੇ ਮੈਨੂੰ ਉਸ ਹੋਟਲ ਵਿਚ ਮਿਲਣ ਲਈ ਲਿਖਿਆ ਸੀ।

ਮੈਂ ਦਿੱਲੀ ਗਿਆ। ਮਲਿੰਗਟਨ ਨੂੰ ਪਛਾਣਨਾ ਬਹੁਤ ਔਖਾ ਨਹੀਂ ਸੀ। ਉਸ ਨੇ ਪਹਿਲਾਂ ਵਾਂਗ ਹੀ ਛੋਟੀਆਂ ਮੁੱਛਾਂ ਰਖੀਆਂ ਹੋਈਆਂ ਸਨ, ਜਿਹੜੀਆਂ ਉਸੇ ਤਰ੍ਹਾਂ ਹੀ ਭੂਰੀਆਂ ਸਨ।

''ਚਲ ਤੇਰੇ ਪੰਜਾਬ ਚਲੀਏ'' ਉਸ ਨੇ ਕਿਹਾ।

"ਕਿਉਂ ਦਿੱਲੀ ਪਸੰਦ ਨਹੀਂ ਆਈ ?" ਮੈਂ ਪੁਛਿਆ ।

"ਪਸੰਦ ਨਾ-ਪਸੰਦ ਦਾ ਸਵਾਲ ਨਹੀਂ । ਇਹ ਮੇਰੀ ਪਕੜ ਵਿਚ ਨਹੀਂ ਆ ਰਹੀ । ਕੋਈ ਦਾਣਾ ਹੱਥ ਵਿਚ ਨਹੀਂ ਆਉਂਦਾ, ਜਿਸ ਨੂੰ ਵੇਖ ਕੇ ਇਸ ਦਾਲ ਦਾ ਪਤਾ ਲਗੇ । ਮੈਂ ਨਵੇਂ ਭਾਰਤ ਦੀ ਨਬਜ਼ ਵੇਖਣੀ ਚਾਹੁੰਦਾ ਹਾਂ", ਉਸ ਨੇ ਅਖ਼ਬਾਰੀ ਬੋਲੀ ਵਿਚ ਕਿਹਾ ।

"ਪੰਜਾਬ ਵਿਚ ਦੋ ਥਾਵਾਂ ਤੇ ਬਹੁਤੀਆਂ ਨਵੀਆਂ ਗਿਣਦੇ ਨੇ, ਇਕ ਭਾਖੜਾ ਨੰਗਲ ਤੇ ਦੂਜਾ ਚੰਡੀਗੜ੍ਹ," ਮੈਂ ਟੂਰਿਸਟ ਗਾਈਡ ਵਾਂਗ ਬੋਲਿਆ ।

"ਇਨ੍ਹਾਂ ਦੋਹਾਂ ਬਾਰੇ ਮੈਂ ਸੁਣਿਆ ਹੈ, ਪਰ ਮੈਂ ਇਹ ਵੇਖਣ ਇਥੇ ਨਹੀਂ ਆਇਆ । ਇਹ ਤੇ ਉਸ ਤਰ੍ਹਾਂ ਵੀ ਬਣ ਸਕਦੇ ਸਨ ।"

"ਫਿਰ ਮੈਂ ਤੈਨੂੰ ਦਿਖਾਵਾਂ ਕੀ ।"

"ਬਸ ਤੂੰ ਮੈਨੂੰ ਭੰਵਾਈਂ ਫਿਰ, ਸ਼ਾਇਦ ਮੇਰੇ ਪੱਲੇ ਕੁਝ ਪੈ ਜਾਏ ।"

ਮੈਂ ਉਸ ਨੂੰ ਪੰਜਾਬ ਲੈ ਆਇਆ ਤੇ ਅਸੀਂ ਥਾਂ ਥਾਂ ਫਿਰਨ ਲੱਗੇ ।

ਇਕ ਦਿਨ ਜਰਨੈਲੀ ਸੜਕ ਉਤੇ ਟੁਰਦੇ ਆ ਰਹੇ ਸਾਂ । ਦੋ ਸੜਕਾਂ ਦੇ ਮਧਾ-ਨੀਜੁਟ ਵਿਚ ਬਣ ਚੱਕਰ ਉਤੇ ਉਹ ਇਕੱਲੀ ਖਲੋਤੀ ਸੀ । ਜੇ ਕਿਸੇ ਨੇ ਕਦੀ ਕੋਈ ਸ਼ਹਿਜ਼ਾਦੀ ਚੌਕ ਵਿਚ ਖਲੋਤੀ ਵੇਖੀ ਹੈ ਤਾਂ ਉਹ ਇਸ ਤਰ੍ਹਾਂ ਦੀ ਲੱਗਦੀ ਹੋਵੇਗੀ । ਜੇ ਸ਼ਹਿਜ਼ਾਦੀ ਇੰਨੀ ਸੁੰਦਰ ਤੇ ਲੰਮੀ ਨਾ ਹੋਵੇਗੀ ਤਾਂ ਹੋਰ ਕੌਣ ਹੋਵੇਗੀ ? ਉਸ ਨੇ ਬੜੇ ਫਬਵੇਂ ਕਪੜੇ ਪਾਏ ਹੋਏ ਸਨ । ਸ਼ੋਖ ਵੀ ਆਖੇ ਜਾ ਸਕਦੇ ਸਨ । ਹਰ ਲੰਘਦੇ ਆਉਂਦੇ ਦਾ ਧਿਆਨ ਉਹ ਖਿਚ ਰਹੀ ਸੀ, ਪਰ ਉਸ ਦਾ ਆਪਣਾ ਧਿਆਨ ਇਸ ਗੱਲ ਵੱਲ ਨਹੀਂ ਸੀ । ਉਹ ਬੜੇ ਗਹੁ ਨਾਲ ਸੜਕ ਉੱਤੇ ਆਉਂਦੇ ਕਿਸੇ ਨੂੰ ਲੱਭ ਰਹੀ ਸੀ । ਇਸ ਤਰ੍ਹਾਂ ਲਗਦਾ ਸੀ ਜਿਵੇਂ ਅੱਖਾਂ ਰਾਹੀਂ ਹੀ ਸਾਹ ਲੈ ਰਹੀ ਹੋਵੇ । ਜਦੋਂ ਅਸੀਂ ਉਸ ਦੀ ਨਜ਼ਰ ਦੀ ਮਾਰ ਹੇਠ ਆਏ, ਤਾਂ ਮੈਨੂੰ ਪਛਾਣ ਕੇ ਉਹ ਮੁਸਕਰਾਈ । ਮੇਰਾ ਖ਼ਿਆਲ ਹੈ ਮਲਿੰਗਟਨ ਵੀ ਮੇਰੇ ਵਾਂਗ ਪਹਿਲਾਂ ਹੀ ਉਸ ਵੱਲ ਵੇਖ ਰਿਹਾ ਸੀ, ਭਾਵੇਂ ਅਸਾਂ ਉਸ ਬਾਰੇ ਕੋਈ ਗੱਲ ਨਹੀਂ ਕੀਤੀ ਸੀ।

"ਤੂੰ ਇਸ ਨੂੰ ਜਾਣਨਾ ਏਂ ?" ਮਲਿੰਗਟਨ ਨੇ ਇਕਦਮ ਕੰਨ ਚੁਕ ਕੇ ਕਿਹਾ।

"ਹਾਂ ਇਹ ਤੇ ਦਿਸਦਾ ਈ ਪਿਐ ।"

"ਕੌਣ ਏ ?"

"ਡਾਕਟਰ ਏ । ਇਸ ਨੇ ਮੇਰੇ ਬੱਚੇ ਦਾ ਇਲਾਜ ਕੀਤਾ ਸੀ । ਉਦੋਂ ਦੀ ਵਾਕਫ਼ ਏ ।"

"ਮੈਂ ਇਸ ਨਾਲ ਗੱਲਾਂ ਕਰਨੀਆਂ ਚਾਹੁੰਨਾਂ ।"

"ਮੈਂ ਵੀ । ਕਿਉਂਕਿ ਜਦੋਂ ਮੈਂ ਪਹਿਲਾਂ ਵੇਖੀ ਸੀ ਉਦੋਂ ਨਾਲੋਂ ਹੁਣ ਉਸ ਦੇ ਮੂੰਹ ਉੱਤੇ ਬੜੀ ਰੌਣਕ ਏ, ਜਾਂ ਸੌਖੀ ਏ ।"

ਉਸ ਦੇ ਕੋਲ ਅਪੜ ਕੇ ਅਸਾਂ ਦੋਵੇਂ ਵੀ ਚੱਕਰ ਉਤੇ ਚੜ੍ਹ ਗਏ । ਆਲੇ-ਦੁਆਲੇ ਟਰੈਫਿਕ ਘੁਮ ਰਿਹਾ ਸੀ ਤੇ ਲੋਕ ਆ ਜਾ ਰਹੇ ਸਨ । ਮਲਿੰਗਟਨ ਨਾਲ ਵਾਕਫ਼ੀਅਤ ਕਰਾਣ ਪਿੱਛੋਂ ਮੈਂ ਪੁਛਿਆ, "ਇਥੇ ਕੀ ਕਰਦੀ ਏਂ ?"

"ਕੁਝ ਖ਼ਾਸ ਨਹੀਂ ਕਿਸੇ ਨੂੰ ਆਉਂਦਾ ਵੇਖ ਰਹੀ ਸਾਂ, ਪਰ ਹੁਣ ਉਹ ਨਹੀਂ ਆਉਂਦਾ ਲੱਗਦਾ ।"

"ਚਲ ਫਿਰ ਕਾਫ਼ੀ ਪੀਏ ।"

"ਚਲੋ ।"

ਅਸੀਂ ਇਕ ਹੋਟਲ ਅੰਦਰ ਚਲੇ ਗਏ ।

"ਸੁਣਾ ਤੇਰੀ ਡਾਕਟਰੀ ਦਾ ਕੀ ਹਾਲ ਏ ?" ਮੈਂ ਮਲਿੰਗਟਨ ਵੱਲੋਂ ਉਸ ਨੂੰ ਅੰਗਰੇਜ਼ੀ ਵਿਚ ਖਰੋਚਣਾ ਸ਼ੁਰੂ ਕੀਤਾ ।

"ਡਾਕਟਰੀ ? ਠੀਕ ਏ । ਪਰ ਇਕ ਗੱਲ ਹੋਈ ਏ । ਸ਼ਹਿਰ ਛੱਡ ਕੇ ਇਹ ਪਿੰਡਾਂ ਵਿਚ ਜਾ ਵੜੀ ਏ ।" ਫਿਰ ਉਸਨੇ ਸਪੱਸ਼ਟ ਕੀਤਾ । ਮੈਂ ਹੁਣ ਬਸ ਆਪਣੇ ਇਲਾਕੇ ਵਿਚ ਹੀ ਫਿਰਦੀ ਹਾਂ ਜਿਨ੍ਹਾਂ ਦੀ ਮੈਂ ਧੀ ਹਾਂ ।"

"ਕਿਉਂ ਸ਼ਹਿਰ ਨੂੰ ਕਿਉਂ ਮੰਦਾ ਜਾਨਣ ਲੱਗ ਪਈ ?"

"ਇਥੇ ਕੁਝ ਮਸ਼ੀਨੀ ਜਿਹਾ ਕੰਮ ਲੱਗਦਾ ਸੀ । ਡਾਕਟਰ ਬਸ ਰੋਗ ਹਟਾਣ ਦੀ ਇਕ ਮਸ਼ੀਨ ਹੈ । ਪੈਸੇ ਦਿਓ, ਰੋਗ ਹਟਵਾ ਲਵੋ । ਫ਼ਰਕ ਸਮਝਦੇ ਹੋ ਨਾ ? ਐਵੇਂ ਬਰੀਕ ਜਿਹਾ ਏ । ਇਸ ਤਰ੍ਹਾਂ ਲਗਦਾ ਸੀ ਕਿਸੇ ਦਾ ਮੇਰੇ ਆਪਣੇ ਨਾਲ ਵਾਹ ਨਹੀਂ ਪੈਂਦਾ, ਮੇਰੇ ਕਸਬ ਨਾਲ ਹੀ ਪੈਂਦਾ ਏ ।"

"ਪਰ ਬੀਮਾਰ ਨੂੰ ਤੇ ਡਾਕਟਰ ਦੀ ਲੋੜ ਹੈ, ਤੇਰੀ ਨਹੀਂ ।"

"ਮੰਨ ਲਿਆ । ਪਰ ਓਥੇ ਗੱਲ ਹੋਰ ਈ ਏ ।" ਫਿਰ ਉਸ ਨੇ ਕੁਝ ਨਿਮਰਤਾ ਨਾਲ ਤੇ ਮਖ਼ੌਲ ਨਾਲ ਮਲਿੰਗਟਨ ਨੂੰ ਕਿਹਾ, "ਮੈਂ ਇਕ ਫੜ੍ਹ ਮਾਰ ਲਵਾਂ ?"

ਮਲਿੰਗਟਨ ਪਿਆਰ ਨਾਲ ਉਸ ਵੱਲ ਵੇਖ ਕੇ ਮੁਸਕਰਾਇਆ, ਜਿਵੇਂ ਕਹਿ ਰਿਹਾ ਹੋਵੇ "ਤੂੰ ਜੋ ਕੁਝ ਕਹੇਂਗੀ ਤੋਲ ਕੇ ਹੀ ਕਹੇਂਗੀ । ਫੜ੍ਹ ਨਹੀਂ ਮਾਰੇਂਗੀ ।

"ਕਦੀ ਕਦੀ ਤਾਂ ਮੈਨੂੰ ਇਸ ਤਰ੍ਹਾਂ ਲਗਦਾ ਏ ਜਿਵੇਂ ਮੈਂ ਆਪਣੇ ਪਿੰਡਾ

ਵਿਚ ਆਪਣੇ ਤਰੀਕੇ ਨਾਲ ਫਿਰ ਕੇ ਉਥੋਂ ਦੀਆਂ ਔਰਤਾਂ ਵਿਚ ਜਾਨ ਪਾ ਰਹੀ ਹੋਵਾਂ।"

ਮੈਨੂੰ ਉਸ ਦੀ ਗੱਲ ਧੁੰਧਲੀ ਜਿਹੀ ਲਗੀ। ਉਹ ਆਪਣੀ ਹਸਤੀ ਨਾਲ ਹੀ ਔਰਤਾਂ ਨੂੰ ਆਜ਼ਾਦੀ ਦੁਆਉਂਦੀ ਅਨੁਭਵ ਕਰ ਰਹੀ ਸੀ। ਇਹ ਭੁਲੇਖਾ ਹਟਾਣ ਲਈ ਮੈਂ ਕਿਹਾ, "ਪਤਾ ਨਹੀਂ ਮੈਂ ਤੇਰੇ ਵਾਲੇ ਪਹੇ ਤੇ ਪਿਆ ਹੋਇਆ ਹਾਂ, ਕਿ ਨਹੀਂ ਪਰ ਜੇ ਸਿਆਲਾਂ ਦੀ ਧੀ, ਹੀਰ, ਆਪਣਾ ਕਿੱਸਾ ਲਿਖਵਾ ਕੇ ਤੇ ਬੰਦੇ ਬੰਦੇ ਦੇ ਮੂੰਹੋਂ ਗਵਾਂ ਕੇ ਔਰਤਾਂ ਦਾ ਰਾਹ ਨਾ ਖੋਲ੍ਹ ਸਕੀ ਤਾਂ ਤੂੰ ਫਿਰ ਟੁਰ ਕੇ ਕਿਵੇਂ ਖੋਲ੍ਹ ਦੇਵੇਂਗੀ ?"

"ਨਹੀਂ, ਉਹ ਗੱਲ ਹੋਰ ਏ", ਉਸ ਨੇ ਝਟਪਟ ਘੁੰਡੀ ਛਡ ਕੇ ਕਿਹਾ। "ਆਦਰ ਮਰੀ ਹੋਈ ਹੀਰ ਦਾ ਹੀ ਹੋਇਆ ਹੈ। ਜਿਉਂਦੀ ਦਾ ਕਿਧਰੇ ਕੋਈ ਆਦਰ ਨਹੀਂ ਸੀ। ਮਰਨ ਪਿਛੋਂ ਆਦਰ ਮਿਲਣ ਕਰਕੇ, ਕਿਸੇ ਜਿਉਂਦੀ ਇਸਤ੍ਰੀ ਦਾ ਕੋਈ ਆਦਰ ਨਹੀਂ ਹੋ ਸਕਦਾ। ਮੇਰੀ ਪੱਦਵੀ ਕਰਕੇ ਤੇ ਮੇਰੇ ਕਸਬ ਤੋਂ ਲਾਭ ਹੋਣ ਕਰਕੇ ਮੇਰਾ ਜਿਉਂਦੀ ਦਾ ਆਦਰ ਹੈ। ਹੋਰ ਇਸਤ੍ਰੀਆਂ ਜਿਉਂਦਿਆਂ ਹੀ ਇਸ ਵਿਚ ਹਿੱਸੇਦਾਰ ਹੋ ਸਕਦੀਆਂ ਨੇ।"

"ਪਰ ਸਾਰੀਆਂ ਤੇ ਡਾਕਟਰ ਨਹੀਂ। ਉਹ ਕਿਸ ਤਰ੍ਹਾਂ ਹਿੱਸੇਦਾਰ ਹੋ ਸਕਦੀਆਂ ਨੇ ?" ਮਲਿੰਗਟਨ ਨੇ ਦਲੀਲ ਦਾ ਇਕ ਸਿਰਾ ਆਪਣੇ ਹੱਥ ਫੜ ਲਿਆ।

"ਤੁਹਾਡੇ ਅੰਗਰੇਜ਼ਾਂ ਲਈ ਇਹ ਗੱਲ ਅਚਰਜ ਹੋਵੇਗੀ। ਪਰ ਇਥੇ ਸਹੀ ਏ। ਜਦੋਂ ਇਕ ਇਸਤ੍ਰੀ ਜਿਥੇ ਚਾਹੇ ਫਿਰਦੀ ਹੈ, ਜਿਸ ਤਰ੍ਹਾਂ ਦੇ ਚਾਹੇ ਕਪੜੇ ਪਾਂਦੀ ਹੈ, ਜੋ ਕੁਝ ਚਾਹੇ ਕਰਦੀ ਹੈ ਤੇ ਫਿਰ ਵੀ ਆਦਰਯੋਗ ਰਹਿੰਦੀ ਹੈ ਤਾਂ ਇਹ ਗੱਲ ਲੋਕਾਂ ਦੇ ਮਨ ਵਿਚ ਬਹਿ ਜਾਂਦੀ ਹੈ। ਉਨ੍ਹਾਂ ਦੀ ਇਕ ਧੀ ਕੋਲ ਉੱਚੀ ਵਿਦਿਆ ਹੈ, ਜਿਸ ਨੂੰ ਲੈ ਕੇ ਉਹ ਉਨ੍ਹਾਂ ਦੇ ਭਲੇ ਲਈ ਪਿੰਡ ਪਿੰਡ ਫਿਰ ਰਹੀ ਹੈ ਤਾਂ ਫਿਰ ਉਸ ਨਾਲੋਂ ਵੱਧ ਸਤਿਕਾਰ ਯੋਗ ਹੈ। ਮੇਰੀ ਸ਼ਕਲ ਇਲਾਕੇ ਦੇ ਹੋਰ ਬੰਦੇ ਤੇ ਹਰ ਜ਼ਨਾਨੀ ਦੇ ਸਾਹਮਣੇ ਹੈ। ਹੋਰ ਜ਼ਨਾਨੀਆਂ ਨੂੰ ਕਿਹੋ ਜਿਹਾ ਜੀਵਨ ਮਿਲਣਾ ਚਾਹੀਦਾ ਹੈ, ਇਹ ਮਿਥਣਾ ਵਿਚ, ਮੈਂ ਕਹਿੰਦੀ ਹਾਂ ਮੇਰੀ ਇਸ ਮੂਰਤ ਦਾ ਹਿੱਸਾ ਹੈ।"

ਮਲਿੰਗਟਨ ਚੁੱਪ ਹੋ ਗਿਆ ਤੇ ਸਿੱਧਾ ਹੋਟਲ ਦੀ ਸਾਹਮਣੀ ਕੰਧ ਵੱਲ ਵੇਖੀ ਗਿਆ। ਉਹ ਸ਼ਾਇਦ ਉਸ ਨੂੰ ਆਪਣੇ ਪਿੰਡਾਂ ਵਿਚ ਵਿਚਰਦੀ ਨੂੰ ਵੇਖ ਰਿਹਾ ਸੀ,

ਕਦੀ ਸਾਈਕਲ ਉੱਤੇ, ਕਦੇ ਟਾਂਗੇ ਉੱਤੇ। ਕਿਸ ਤਰ੍ਹਾਂ ਪਿੰਡ ਦੇ ਬੁੱਢੇ ਕਿਸਾਨਾਂ ਲਈ ਉਹ ਇਕ ਆਦਰਸ਼ਕ ਇਸਤ੍ਰੀ ਦੀ ਮੂਰਤੀ ਸੀ।

"ਉਹ ! ਮੈਂ ਕਿੰਨੇ ਗਪੌੜ ਛੱਡੇ ਨੇ ! ਕੋਈ ਸੰਗ ਸ਼ਰਮ ਸਾਡੇ ਹਿੰਦੁਸਤਾਨੀਆਂ ਦੇ ਨੇੜਿਉਂ ਨਹੀਂ ਲੰਘੀ।" ਉਸ ਨੇ ਮਲਿੰਗਟਨ ਨੂੰ ਆਪਣੇ ਨਾਲ ਰੁਝਿਆ ਅਨੁਭਵ ਕਰ ਕੇ ਕਿਹਾ। "ਚੰਗਾ, ਹੁਣ ਮੈਨੂੰ ਆਗਿਆ ਦਿਓ। ਅੱਜ ਤੁਸਾਂ ਮੈਥੋਂ ਕਿਹੋ ਜਿਹੀਆਂ ਗੱਲਾਂ ਕਰਵਾਈਆਂ ਨੇ !" ਉਸ ਨੇ ਉਠ ਕੇ ਖਲੋਂਦੀ ਹੋਈ ਮੈਨੂੰ ਕਿਹਾ।

ਹੋਟਲ ਦੇ ਬਰਾਂਡੇ ਵਿਚ ਆ ਕੇ ਅਸੀਂ ਉਸ ਨੂੰ ਵਿਦਾ ਕੀਤਾ।

ਜਦੋਂ ਉਹ ਕੁਝ ਦੂਰ ਚਲੀ ਗਈ ਤਾਂ ਮਲਿੰਗਟਨ ਨੇ ਫਿਰ ਪਹਿਲੇ ਵਾਂਗ ਹੱਥ ਜੋੜ ਕੇ ਮੱਥਾ ਟੇਕਿਆ।

"ਤੂੰ ਕਿਸ ਨੂੰ ਨਮਸਕਾਰ ਕੀਤੀ ਹੈ ?" ਮੈਂ ਪੁਛਿਆ।

"ਉਸ ਇਸਤ੍ਰੀ ਨੂੰ।"

ਤੂੰ ਕਹਿੰਦਾ ਸੈਂ ਮੈਂ ਕਿਸੇ ਪ੍ਰਾਣੀ ਨੂੰ ਇਸ ਤਰ੍ਹਾਂ ਦੀ ਨਮਸਕਾਰ ਨਹੀਂ ਕਰਦਾ।"

"ਨਹੀਂ, ਇਹ ਕੋਈ ਇਕੱਲਾ ਪ੍ਰਾਣੀ ਨਹੀਂ ਹੈ। ਇਹ ਤੇ ਇਕ ਲਹਿਰ ਵਾਂਗ ਹੈ, ਇਕ ਹਵਾ ਹੈ, ਇਕ ਰੰਗ ਹੈ। ਅਸਲ ਵਿਚ ਇਹੀ ਤੁਹਾਡਾ ਨਵ-ਭਾਰਤ ਹੈ।"

ਸੰਖਿਪਤ ਪਰਿਚਯ

1. ਚਰਨ ਸਿੰਘ ਸ਼ਹੀਦ
(1893-1943)

ਆਪ ਜੀ ਦਾ ਜਨਮ 1893 ਵਿਚ ਸ. ਸੂਬਾ ਸਿੰਘ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ । ਆਪ ਨੇ ਦਸਵੀਂ ਪਾਸ ਕੀਤੀ ਤੇ ਅਖ਼ਬਾਰ ਨਵੀਸੀ ਵਿੱਚ ਪੈ ਗਏ ਆਪ ਨਾਭੇ ਅਤੇ ਪਟਿਆਲੇ ਰਿਆਸਤਾਂ ਵਿਚ ਰਾਜ ਕਵੀ ਤੇ ਪਬਲਿਸਟੀ ਇੰਚਾਰਜ ਵੀ ਲੱਗੇ ਰਹੇ ।

ਆਪ ਨੇ 'ਸ਼ਹੀਦ', 'ਜਥੇਦਾਰ', 'ਮੌਜੀ', 'ਹੰਸ' ਆਦਿ ਅਖ਼ਬਾਰ ਕੱਢੇ । ਆਪ ਵਧੇਰੇ ਕਰਕੇ ਹਾਸਰਸ ਦੇ ਲਿਖਾਰੀ ਦੇ ਤੌਰ ਤੇ ਜਾਣੇ ਜਾਂਦੇ ਹਨ ।

ਆਪ ਨੇ 'ਦਲੇਰ ਕੌਰ', 'ਚੰਚਲ ਮੂਰਤੀ', 'ਰਣਜੀਤ ਕੌਰ', 'ਦੋ ਵਹੁਟੀਆਂ' ਆਦਿ ਨਾਵਲ ਲਿਖੇ । 'ਬਾਦਸ਼ਾਹੀਆਂ' ਕਵਿਤਾ ਸੰਗ੍ਰਹਿ ਅਤੇ 'ਹਸਦੇ ਹੰਝੂ' ਆਪ ਦਾ ਹਾਸਰਸ ਭਰਭੂਰ ਕਹਾਣੀ ਸੰਗ੍ਰਹਿ ਹੈ ।

ਆਪ 1943 ਵਿਚ ਚਲਾਣਾ ਕਰ ਗਏ ਪਰ ਆਪ ਦਾ ਪਾਤਰ ਬਾਬਾ ਵਰਿਆਮਾ ਸਦਾ ਲਈ ਜਿਊਂਦਾ ਹੈ ।

ਆਪ ਪੰਜਾਬੀ ਦੇ ਮੁੱਢਲੇ ਕਹਾਣੀ ਲੇਖਕਾਂ ਵਿਚੋਂ ਹਨ । 'ਠਾਣੇਦਾਰੀ', "ਹਸਦੇ ਹੰਝੂ" ਸੰਗ੍ਰਹਿ ਵਿਚੋਂ ਲਈ ਗਈ ਹੈ । ਇਸ ਤੋਂ ਸ਼ਹੀਦ ਦੇ ਖੁੱਲੇ ਅਤੇ ਵਿਅੰਗ ਭਰੇ ਹਾਸਰਸ ਦਾ ਪਤਾ ਲੱਗਦਾ ਹੈ ।

2. ਗੁਰਬਖ਼ਸ਼ ਸਿੰਘ
(1895-1977)

ਸ. ਗੁਰਬਖ਼ਸ਼ ਸਿੰਘ ਪ੍ਰੀਤ-ਲੜੀ ਪੰਜਾਬੀ ਸਾਹਿਤ ਦੇ ਮੁੱਖ ਉਸਰੱਈਆਂ ਵਿਚੋਂ ਹਨ । ਬੁਨਿਆਦੀ ਤੌਰ ਉਤੇ ਆਪ ਇਕ ਨਵੀਂ ਅਤੇ ਸੁਹਣੀ ਦੁਨੀਆਂ ਦੇ ਚਤੇਰੇ ਹਨ । ਖ਼ੂਬਸੂਰਤ ਜ਼ਿੰਦਗੀ ਦੇ ਸੁਪਨੇ ਉਲੀਕਣ ਲਈ ਆਪ ਨੇ ਪੰਜਾਬੀ ਬੋਲੀ ਵਿਚ ਵੀ ਇਹ ਸਮਰੱਥਾ ਪੈਦਾ ਕੀਤੀ ਕਿ ਉਹ ਅੱਜ ਦੇ ਮਨੁੱਖ ਦੇ ਅਨੁਭਵ ਦੇ ਹਾਣ ਦੀ ਹੋ ਕੇ ਤੁਰ ਸਕੇ ।

ਆਪ ਦਾ ਜਨਮ 1895 ਵਿਚ ਸ. ਪਿਸ਼ੌਰਾ ਸਿੰਘ ਦੇ ਘਰ ਸਿਆਲਕੋਟ ਵਿਚ ਹੋਇਆ ਇੰਜਨੀਅਰਿੰਗ ਪਿਛੋਂ ਉਚੇਰੀ ਪੜ੍ਹਾਈ ਲਈ ਅਮਰੀਕਾ ਗਏ। 1933 ਵਿਚ 'ਪ੍ਰੀਤ ਲੜੀ' ਰਸਾਲਾ ਕੱਢਿਆ। 1938 ਵਿਚ ਪ੍ਰੀਤ-ਨਗਰ ਦੀ ਨੀਂਹ ਰਖੀ। ਆਪ ਅਮਰੀਕਾ ਤੋਂ ਬਿਨਾਂ ਈਰਾਨ, ਈਰਾਕ, ਚੀਨ, ਰੂਸ ਆਦਿ ਮੁਲਕਾਂ ਵਿਚ ਵੀ ਗਏ ਤੇ ਸਮਾਜਵਾਦੀ ਦੀ ਵਿਚਾਰਧਾਰਾ ਦੀ ਨੇੜਤਾ ਹਾਸਲ ਕੀਤੀ।

ਜੀਵਨ ਚੱਜ ਸਿਖਾਣ ਵਾਲੇ ਲੇਖਾਂ ਦੇ ਅਨੇਕਾਂ ਸੰਗ੍ਰਹਿ, ਕੁਝ ਨਾਟਕ ਤੇ ਦੋ ਨਾਵਲ ਆਪ ਨੇ ਰਚੇ।

ਆਪ ਦੇ ਕਹਾਣੀ ਸੰਗ੍ਰਹਿ ਹਨ : 'ਪ੍ਰੀਤ ਕਹਾਣੀਆਂ', 'ਨਾਗ-ਪ੍ਰੀਤ ਦਾ ਜਾਦੂ', 'ਅਨੋਖੇ ਤੇ ਇਕੱਲੇ', 'ਵੀਣਾ ਵਿਨੋਦ', 'ਸ਼ਬਨਮ', 'ਭਾਬੀ ਮੈਨਾ', 'ਅਸਮਾਨੀ ਮਹਾਂ ਨਦੀ', 'ਆਖਰੀ ਖ਼ਤ', 'ਪ੍ਰੀਤਾਂ ਦੀ ਪਹਿਰੇਦਾਰ' ਆਦਿ। ਆਪ ਨੇ ਪੰਜਾਬੀ ਕਹਾਣੀ ਨੂੰ ਗਿਣਨਾਤਮਕ ਤੇ ਗੁਣਨਾਤਮਕ ਦੋਹਾਂ ਪੱਖਾਂ ਤੋਂ ਅਮੀਰ ਬਣਾਇਆ ਹੈ।

3. ਨਾਨਕ ਸਿੰਘ
(1897-1971)

ਸ੍ਰ. ਨਾਨਕ ਸਿੰਘ ਸੁਧਾਰਵਾਦੀ ਲੇਖਕ ਸਨ। ਅਜ ਵਧੇਰੇ ਕਰਕੇ ਮੱਧ ਸ਼੍ਰੇਣੀ ਦੇ ਵਿਅਕਤੀਗਤ ਜੀਵਨ ਦੀਆਂ ਲੋੜਾਂ, ਥੁੜ੍ਹਾਂ ਤੇ ਪੀੜਾਂ ਦਾ ਭਾਵਕ ਪੱਧਰ ਉਤੇ ਖਲੋ ਕੇ ਵਿਸ਼ਲੇਸ਼ਨ ਕਰਦੇ ਹਨ ਤੇ ਸੁਧਾਰ ਚਾਹੁੰਦੇ ਹਨ। ਆਪ ਦੀ ਕਹਾਣੀ, ਨਾਵਲ ਵਿਸ਼ੇ ਤੇ ਸ਼ੈਲੀ ਪੱਖੋਂ ਪੰਜਾਬੀ ਸਾਹਿਤ ਦੇ ਦੂਜੇ ਪੜਾਅ ਦੇ ਪ੍ਰਤੀਤ ਹੁੰਦੇ ਹਨ। ਆਪ ਪੰਜਾਬੀ ਗਲਪ ਦੇ ਲੋਕ ਪਰਵਾਨ ਮੋਢੀ ਉਸਰੱਈਏ ਹਨ।

ਆਪ ਦਾ ਜਨਮ 4 ਜੁਲਾਈ 1897 ਦੇ ਦਿਨ, ਚੱਕ ਹਮੀਦ, ਜ਼ਿਲ੍ਹਾ ਜਿਹਲਮ ਵਿਚ ਭਾਈ ਬਹਾਦਰ ਚੰਦ ਦੇ ਘਰ ਹੋਇਆ।

ਛੋਟੀ ਹੀ ਪਿਤਾ ਦਾ ਸਾਇਆ ਸਿਰ ਤੋਂ ਉਠ ਜਾਣ ਕਰ ਕੇ ਸਮਾਂ ਤੰਗੀ-ਤੁਰਸ਼ੀ ਵਿਚ ਗੁਜ਼ਰਿਆ। ਆਪ ਦਾ ਪਹਿਲਾਂ ਨਾਉਂ ਹੰਸਰਾਜ ਸੀ ਪਰ ਪਿਸ਼ਾਵਰ ਵਿਚ ਗਿਆਨੀ ਬਾਘ ਸਿੰਘ ਦੇ ਪ੍ਰਭਾਵ ਹੇਠ ਆ ਕੇ ਅੰਮ੍ਰਿਤ ਛਕ ਕੇ ਨਾਨਕ ਸਿੰਘ ਬਣ ਗਏ।

1922 ਵਿਚ ਆਪ ਅਕਾਲੀ ਲਹਿਰ ਵਿਚ ਜੇਲ੍ਹ ਗਏ, ਜਿਥੇ ਸ਼ਰਤ ਚੰਦਰ ਚੈਟਰਜੀ ਤੇ ਪ੍ਰੇਮ ਚੰਦ ਦੀ ਗਲਪ ਰਚਨਾ ਪੜ੍ਹ ਕੇ ਗਲਪਕਾਰ ਬਣਨ ਦੀ ਇੱਛਾ ਪੈਦਾ ਹੋਈ। 1930 ਵਿਚ ਆਪ ਦਾ ਪਹਿਲਾ ਨਾਵਲ ਪ੍ਰਕਾਸ਼ਿਤ ਹੋਇਆ ਤੇ ਹੁਣ

ਤਕ ਆਪ ਤਿੰਨ ਦਰਜਨ ਤੋਂ ਵੱਧ ਨਾਵਲ ਪੰਜਾਬੀ ਸਾਹਿਤ ਨੂੰ ਦੇ ਚੁੱਕੇ ਹਨ। ਆਪ ਦੇ ਚਾਰ ਕਹਾਣੀ ਸੰਗ੍ਰਹਿ 'ਹੰਝੂਆਂ ਦੇ ਹਾਰ', 'ਸਧਰਾਂ ਦੇ ਹਾਰ', 'ਮਿੱਧੇ ਹੋਏ ਫੁੱਲ' ਤੇ 'ਠੰਡੀਆਂ ਛਾਵਾਂ', ਵੀ ਛੱਪ ਚੁੱਕੇ ਹਨ।

ਆਪ ਨੂੰ ਪੰਜਾਬੀ ਸਾਹਿਤ ਦੇ ਮੁੱਢਲੇ ਉਸਰੱਈਏ ਭਾਈ ਵੀਰ ਸਿੰਘ ਤੇ ਸ੍ਰ. ਗੁਰਬਖ਼ਸ਼ ਸਿੰਘ ਦੇ ਬਰਾਬਰ ਮਾਣ ਪ੍ਰਾਪਤ ਹੈ।

4. ਡਾ. ਮੋਹਨ ਸਿੰਘ ਦੀਵਾਨਾ
(ਜਨਮ 1899——

ਡਾ. ਮੋਹਨ ਸਿੰਘ ਦੀਵਾਨਾ ਇਕ ਵਿਦਵਾਨ ਸਾਹਿਤਕਾਰ ਹੈ। ਆਪ ਦੀ ਵੱਡੀ ਦੇਣ ਵਿਦਵਤਾ ਭਰੀ ਖੋਜ ਤੇ ਆਲੋਚਨਾ ਦੀ ਪਿਰਤ ਪਾਉਣੀ ਹੈ। ਆਪ ਨੇ ਕਹਾਣੀ ਰਚਨਾ ਵੱਲ ਧਿਆਨ 1947 ਤੋਂ ਪਿਛੋਂ ਹੀ ਦਿੱਤਾ ਹੈ। ਆਪ ਨੇ ਸਹਿਜ ਸੁਭਾਵਿਕ ਗੌਂਦ, ਕਟਾਖ, ਨਾਟਕੀ ਅੰਦਾਜ਼ ਤੇ ਵਾਕਫ਼ੀ ਭਰਪੂਰ ਬਿਆਨ ਸੱਦਕਾ ਕਹਾਣੀ ਨੂੰ ਰਵਾਇਤੀ ਲੀਹਾਂ ਵਿਚੋਂ ਕੱਢ ਕੇ ਆਧੁਨਿਕ ਬਣਾਉਣ ਵਿਚ ਬੜੀ ਸਹਾਇਤਾ ਕੀਤੀ।

ਆਪ 1899 ਵਿਚ ਮੁਨਸ਼ੀ ਸ਼ੇਰ ਸਿੰਘ ਦੇ ਘਰ, ਪਿੰਡ ਦੇਵੀ, ਜ਼ਿਲ੍ਹਾ ਰਾਵਲਪਿੰਡੀ ਵਿਚ ਪੈਦਾ ਹੋਏ। 1924 ਵਿਚ ਕਲਕੱਤਾ ਯੂਨੀਵਰਸਿਟੀ ਤੋਂ ਐਮ.ਏ. ਪਾਸ ਕੀਤੀ ਤੇ 1928 ਤੋਂ ਆਪ ਪੰਜਾਬੀ ਯੂਨੀਵਰਸਿਟੀ ਨਾਲ ਸੰਬੰਧਿਤ ਰਹੇ ਤੇ ਇਸ ਦੇ ਪੰਜਾਬੀ ਵਿਭਾਗ ਦੇ ਅਧਿਅਕਸ਼ ਦੇ ਰੂਪ ਵਿਚ ਰਿਟਾਇਰ ਹੋਏ।

ਆਪ ਨੇ 'ਦੇਵਿੰਦਰ ਬਤੀਸੀ', 'ਰੰਗ ਤਮਾਸ਼ੇ' ਤੇ 'ਪਰਾਂਦੀ' ਕਹਾਣੀ ਸੰਗ੍ਰਹਿ ਦੇ ਕੇ ਪੰਜਾਬ ਦੇ ਕਹਾਣੀ ਖੇਤਰ ਵਿਚ ਵੀ ਆਪਣੀ ਥਾਂ ਬਣਾ ਲਈ ਹੈ।

5. ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ
(1899-1976)

ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ ਪੰਜਾਬ ਦੇ ਰਾਜਨੀਤਿਕ ਖੇਤਰ ਵਿਚ ਇਕ ਜਾਣਿਆ-ਪਹਿਚਾਣਿਆ ਨਾਂ ਹੈ। ਸੁਤੰਤਰਤਾ ਸੰਗਰਾਮ ਦੇ ਸਮੇਂ ਆਪ ਜੇਲ੍ਹ ਵੀ ਗਏ, ਜਿਸ ਕਾਰਣ ਆਪ ਨੇ ਸੁਤੰਤਰਤਾ ਸੰਗਰਾਮ ਤੇ ਜੇਲ੍ਹ-ਜੀਵਨ ਸੰਬੰਧੀ ਕਹਾਣੀ-ਆਂ ਵੀ ਲਿਖੀਆਂ, ਜਿਹੜੀਆਂ ਸਾਧਾਰਣ ਘਟਨਾਵਾਂ ਦੇ ਸਰਲ ਤੇ ਰੌਚਿਕ ਬਿਆਨ ਸਦਕਾ ਆਮ ਲੋਕਾਂ ਨੂੰ ਚੰਗੀਆਂ ਲਗਦੀਆਂ ਹਨ।

ਆਪ ਦਾ ਜਨਮ 1899 ਵਿਚ ਭਾਈ ਸੁਜਾਨ ਸਿੰਘ ਦੇ ਘਰ ਪਿੰਡ ਅਧਵਾਲ, ਜ਼ਿਲ੍ਹਾ ਕੈਮਲਪੁਰ ਵਿਚ ਹੋਇਆ ! ਅੱਠਵੀਂ ਤਕ ਵਿਦਿਆ ਪ੍ਰਾਪਤ ਕਰ ਕੇ ਮਾਸਟਰ ਲਗ ਗਏ। 1922 ਵਿਚ ਅਕਾਲੀ ਲਹਿਰ ਵਿਚ ਤੇ 1942 ਵਿਚ ਕਾਂਗਰਸ ਲਹਿਰ ਵਿਚ ਸ਼ਾਮਿਲ ਹੋ ਕੇ ਦੇਸ਼ ਸੇਵਾ ਹਿਤ ਜੁਟ ਗਏ। ਦੇਸ਼ ਆਜ਼ਾਦ ਹੋਣ ਉਪਰੰਤ ਆਪ ਰਾਜਸੀ ਖੇਤਰ ਵਿਚ ਕਾਫ਼ੀ ਸ਼ਕਤੀਸ਼ਾਲੀ ਥਾਵਾਂ ਉਤੇ ਰਹੇ ਹਨ।

ਆਪ ਨੇ 'ਸਸਤਾ ਤਮਾਸ਼ਾ', 'ਸਭ ਅੱਛਾ', 'ਵੱਖਰੀ ਦੁਨੀਆਂ', 'ਆਲ੍ਹਣੇ ਦੇ ਬੋਟ', 'ਗੁਟਾਰ', ਆਦਿ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਦਿਤੇ ਹਨ। ਆਪ ਨੂੰ ਵੀ ਪੰਜਾਬੀ ਸਾਹਿਤ ਦੇ ਮੁੱਢਲੇ ਲੇਖਕਾਂ ਵਿਚੋਂ ਗਿਣਿਆ ਜਾਂਦਾ ਹੈ।

6. ਜੋਸ਼ੂਆ ਫ਼ਜ਼ਲਦੀਨ
(ਜਨਮ 1903——

ਆਪ ਦਾ ਜਨਮ 7 ਅਗਸਤ 1903 ਨੂੰ ਜਿਹਲਮ ਵਿਚ ਹੋਇਆ। ਆਪ ਨੇ 1926 ਵਿਚ ਬੀ.ਏ. ਤੋਂ ਪਿੱਛੋਂ ਐਲ.ਐਲ.ਬੀ. ਪਾਸ ਕੀਤੀ। ਕੁਝ ਚਿਰ ਅਧਿਆਪਕ ਰਹੇ। 'ਪੰਜਾਬੀ ਦਰਬਾਰ' ਰਸਾਲਾ ਵੀ ਕੱਢਿਆ।

ਆਪ ਨੇ ਕਹਾਣੀਆਂ, ਡਰਾਮੇ, ਨਾਵਲ, ਲੇਖ ਤੇ ਕਵਿਤਾਵਾਂ ਵੀ ਲਿਖੀਆਂ ਹਨ। ਆਪ ਦੀਆਂ ਕਹਾਣੀਆਂ ਬੜੀਆਂ ਛੋਟੀਆਂ, ਸੁਆਦਲੀਆਂ ਤੇ ਸਿਖਿਆਇਕ ਹੁੰਦੀਆਂ ਹਨ।

'ਅਦਬੀ ਅਫ਼ਸਾਨੇ', 'ਇਖਲਾਕੀ ਕਹਾਣੀਆਂ', 'ਨਿੱਕੀਆ ਕਹਾਣੀਆਂ', 'ਪਿੰਡ ਦੇ ਵੈਰੀ', 'ਮੁੰਡੇ ਦਾ ਮੁੱਲ' ਅਤੇ 'ਯਸੂ ਮਸੀਹ ਦੀ ਜ਼ਿੰਦਗੀ', ਆਪ ਦੀਆਂ ਮਸ਼ਹੂਰ ਪੁਸਤਕਾਂ ਹਨ।

ਆਪ ਸਮਾਜ ਸੁਧਾਰ ਉਤੇ ਵਧੇਰੇ ਜ਼ੋਰ ਦਿੰਦੇ ਹਨ। ਆਪ ਪੰਜਾਬੀ ਸਾਹਿਤ ਦੇ ਦੂਜੇ ਦੌਰ ਦੇ ਲਿਖਾਰੀਆਂ ਵਿਚੋਂ ਹਨ।

ਆਪ ਸਵਰਗਵਾਸ ਹੋ ਚੁੱਕੇ ਹਨ।

7. ਪ੍ਰਿੰ. ਸੰਤ ਸਿੰਘ ਸੇਖੋਂ
(ਜਨਮ 1908)

ਪ੍ਰਿੰ. ਸੰਤ ਸਿੰਘ ਸੇਖੋਂ ਸਾਧਾਰਣ ਮਨੁੱਖ ਦੀ ਸਾਧਾਰਣ ਜ਼ਿੰਦਗੀ ਦੀ ਕਹਾਣੀ ਲਿਖਣ ਵਾਲੇ ਇਕ ਵੱਡੇ ਕਹਾਣੀਕਾਰ ਹਨ। ਆਪ ਨੇ ਬੌਧਿਕ ਅੰਸ਼ ਵਾਲੀਆਂ ਮਨੋਵਿਗਿਆਨਕ, ਸੂਝ ਭਰਪੂਰ, ਸਮਾਜਵਾਦੀ ਯਥਾਰਥਵਾਦ ਦੇ ਦ੍ਰਿਸ਼ਟੀਕੋਣ ਤੋਂ

ਕਲਾਤਮਕ ਕਹਾਣੀਆਂ ਦੀ ਰਚਨਾ ਕੀਤੀ ਹੈ। ਇਨ੍ਹਾਂ ਵਿਚ ਸੂਖਮ ਵਿਅੰਗ, ਪ੍ਰਭਾਵ ਦੀ ਇਕਾਗਰਤਾ, ਨਵੀਨ ਸ਼ੈਲੀ, ਚਰਿੱਤਰ ਚਿਤ੍ਰਣ ਦੀ ਕਲਾ ਨੇ ਆਪ ਨੂੰ ਪੰਜਾਬੀ ਕਹਾਣੀ ਦੇ ਖੇਤਰ ਵਿਚ ਇਕ ਵਿਸ਼ੇਸ਼ ਥਾਂ ਦਾ ਹੱਕਦਾਰ ਬਣਾ ਦਿੱਤਾ ਹੈ।

ਆਪ ਦਾ ਜਨਮ 1908 ਵਿਚ ਚੱਕ ਨੰਬਰ 70, ਜ਼ਿਲ੍ਹਾ ਲਾਇਲਪੁਰ ਵਿਚ ਸ. ਹੁਕਮ ਸਿੰਘ ਦੇ ਘਰ ਹੋਇਆ। ਆਪ 1932 ਤੋਂ 1952 ਤਕ ਖ਼ਾਲਸਾ ਕਾਲਿਜ ਅੰਮ੍ਰਿਤਸਰ ਵਿਚ ਪ੍ਰੋਫ਼ੈਸਰ ਰਹੇ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਿਜ, ਜੰਡਿਆਲਾ ਤੇ ਖ਼ਾਲਸਾ ਕਾਲਿਜ, ਪਟਿਆਲਾ ਵਿਚ ਪ੍ਰਿੰਸੀਪਲ ਦੇ ਤੌਰ ਤੇ ਕੰਮ ਕੀਤਾ।

ਆਪ ਨੇ 'ਸਮਾਚਾਰ', 'ਕਾਮੇ ਤੇ ਯੋਧੇ', 'ਬਾਰਾਂਦਰੀ', 'ਅੱਧੀ ਵਾਟ', 'ਤੀਜਾ ਪਹਿਰ', ਕਹਾਣੀ ਸੰਗ੍ਰਹਿ ਦੇ ਕੇ ਪੰਜਾਬੀ ਕਹਾਣੀ ਨੂੰ ਆਧੁਨਿਕ ਕਹਾਣੀ ਬਣਾਉਣ ਵਿਚ ਬੜਾ ਹਿੱਸਾ ਪਾਇਆ ਹੈ।

ਕਹਾਣੀਕਾਰ ਤੋਂ ਬਿਨਾਂ ਆਪ ਇਕ ਪ੍ਰਮੁੱਖ ਨਾਟਕਕਾਰ ਤੇ ਆਲੋਚਕ ਵੀ ਹਨ। ਆਪ ਆਧੁਨਿਕ ਪੰਜਾਬੀ ਸਾਹਿਤ ਦੇ ਵੱਡੇ ਉਸਰੱਈਆਂ ਵਿਚੋਂ ਹਨ।

8. ਸੁਜਾਨ ਸਿੰਘ

(ਜਨਮ 1909—

ਪ੍ਰਿੰ. ਸੁਜਾਨ ਸਿੰਘ ਵਧੇਰੇ ਕਰਕੇ ਨਿਮਨ ਵਰਗ ਦੇ ਸਾਧਾਰਣ ਮਨੁੱਖ ਦੀ ਜ਼ਿੰਦਗੀ ਦੀਆਂ ਔਖਾਂ ਬਾਰੇ ਘਟਨਾ-ਪ੍ਰਧਾਨ ਜਾਂ ਵਸਤੂ-ਪ੍ਰਧਾਨ ਕਰੁਣਾ-ਮਈ ਕਹਾਣੀਆਂ ਲਿਖਦੇ ਹਨ। ਪ੍ਰਿੰ. ਸੰਤ ਸਿੰਘ ਸੇਖੋਂ ਦੇ ਸ਼ਬਦਾਂ ਵਿਚ "ਸੁਜਾਨ ਸਿੰਘ ਦੀਆਂ ਕਹਾਣੀਆਂ ਜੀਵਨ ਤੇ ਸਮਾਜ ਵਿਰੁੱਧ ਸ਼ਿਕਾਇਤਾਂ ਹੁੰਦੀਆਂ ਹਨ"। ਨਿੱਜੀ ਅਨੁਭਵ ਨੇ ਆਪ ਦੀ ਕਹਾਣੀ ਦੇ ਵਿਸ਼ੇ ਵਿੱਚ ਯਥਾਰਥ ਤੇ ਬਿਆਨ ਵਿਚ ਜ਼ੋਰ ਲੈ ਆਂਦਾ ਹੈ।

ਆਪ 1909 ਵਿਚ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਵਿਚ ਸ. ਹਕੀਮ ਸਿੰਘ ਦੇ ਘਰ ਪੈਦਾ ਹੋਏ। ਬਚਪਨ ਵਿਚ ਕਲਕੱਤੇ ਰਹੇ। ਪਿਤਾ ਦੀ ਮੌਤ ਪਿਛੋਂ ਰੋਜ਼ਗਾਰ ਦੀ ਖ਼ਾਤਰ ਕਈ ਧੰਦੇ ਕੀਤੇ। ਅੱਜ ਕਲ੍ਹ ਗੁਰੂ ਨਾਨਕ ਕਾਲਿਜ, ਗੁਰਦਾਸਪੁਰ ਦੇ ਪ੍ਰਿੰਸੀਪਲ ਹਨ।

ਆਪ 'ਦੁਖ ਸੁਖ', 'ਦੁਖ ਸੁਖ ਤੋਂ ਪਿਛੋਂ', 'ਨਰਕਾਂ ਦੇ ਦੇਵਤੇ', 'ਮਨੁੱਖ ਤੇ ਪਸ਼ੂ', 'ਸਭ ਰੰਗ', 'ਨਵਾਂ ਰੰਗ' ਆਦਿ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਦੇ ਚੁੱਕੇ ਹਨ। ਆਪ ਪੰਜਾਬੀ ਦੇ ਹਰਮਨ ਪਿਆਰੇ ਕਹਾਣੀਕਾਰਾਂ ਵਿਚੋਂ ਹਨ।

9. ਨੌਰੰਗ ਸਿੰਘ
(1910—1963)

ਆਪ 1910 ਨੂੰ ਚੱਕ ਨੰਬਰ 25, ਜ਼ਿਲ੍ਹਾ ਲਾਇਲਪੁਰ ਵਿਚ ਸਰਦਾਰ ਪੂਰਨ ਸਿੰਘ ਦੇ ਘਰ ਪੈਦਾ ਹੋਏ।

ਆਪ ਦਸਵੀਂ ਪਾਸ ਕਰਨ ਪਿਛੋਂ ਸਿੱਖ ਮਿਸ਼ਨਰੀ ਕਾਲਿਜ ਤੋਂ ਕੋਰਸ ਕਰ ਕੇ ਪ੍ਰਚਾਰ ਲਈ ਮਲਾਇਆ ਚਲੇ ਗਏ। 1938 ਤੋਂ 1947 ਤਕ 'ਪ੍ਰੀਤ ਲੜੀ' ਦੇ ਦਫ਼ਤਰ ਵਿਚ, ਪਿਛੋਂ ਕਮਿਊਨਿਟੀ ਪ੍ਰਾਜੈਕਟ ਵਿਚ ਕੰਮ ਕਰਦੇ ਰਹੇ ਤੇ 1963 ਵਿਚ ਸਵਰਗਵਾਸ ਹੋ ਗਏ।

'ਭੁੱਖੀਆਂ ਰੂਹਾਂ', 'ਬੋਝਲ ਪੰਡ', 'ਮਿਰਚੇ ਦੀ ਜੂਹ' ਤੇ 'ਬੂਹਾ ਖੁਲ੍ਹ ਗਿਆ' ਕਹਾਣੀ ਸੰਗ੍ਰਹਿ ਆਪ ਨੇ ਪੰਜਾਬੀ ਸਾਹਿਤ ਨੂੰ ਦਿੱਤੇ।

10. ਕਰਤਾਰ ਸਿੰਘ ਦੁੱਗਲ
(ਜਨਮ 1917)

ਸ. ਕਰਤਾਰ ਸਿੰਘ ਦੁੱਗਲ ਸਭ ਤੋਂ ਵੱਧ ਕਹਾਣੀਆਂ ਲਿਖਣ ਵਾਲਾ ਪੰਜਾਬੀ ਦਾ ਇਕ ਸਫ਼ਲ ਲੇਖਕ ਹੈ। ਚੋਖੀ ਮਨੋਵਿਗਿਆਨਕ ਸੂਝ ਸਦਕਾ ਆਪ ਨੇ ਅੱਜ ਦੇ ਜਟਿਲ ਤੇ ਗਤੀਸ਼ੀਲ ਮਨੁੱਖ ਦੇ ਅਨੇਕ ਸਤਹੀ ਆਪੇ ਦੀਆਂ ਅਨੇਕਾਂ ਕਹਾਣੀਆਂ ਲਿਖੀਆਂ ਹਨ ਜੋ ਸਜਰੇ ਕਾਵਿ-ਮਈ ਸੁਭਾਉ, ਨਾਟਕੀ ਬਿਆਨ ਸਦਕਾ ਆਪਣਾ ਵੱਖਰਾ ਸਥਾਨ ਰਖਦੀਆਂ ਹਨ। ਕੁਝ ਚਿਰ ਆਪ 'ਕਲਾ ਕਲਾ ਲਈ' ਦੇ ਸਿਧਾਂਤ ਦੇ ਹਾਮੀ ਰਹੇ ਪਰ ਹੁਣ 'ਕਲਾ ਜੀਵਨ ਲਈ' ਦੇ ਧਾਰਨੀ ਹਨ।

ਆਪ ਦਾ ਜਨਮ 1917 ਵਿਚ ਪਿੰਡ ਧਮਿਆਲ, ਜ਼ਿਲ੍ਹਾ ਰਾਵਲਪਿੰਡੀ ਵਿਚ ਬਾਬਾ ਜੀਵਨ ਸਿੰਘ ਦੁੱਗਲ ਦੇ ਘਰ ਹੋਇਆ। ਐਮ.ਏ. ਅੰਗ੍ਰੇਜ਼ੀ ਕਰਨ ਪਿਛੋਂ ਬੜੀ ਦੇਰ ਆਪ ਆਲ ਇੰਡੀਆ ਰੇਡੀਓ ਵਿਚ ਨੌਕਰ ਰਹੇ। ਆਪ ਨੈਸ਼ਨਲ ਬੁਕ ਟ੍ਰਸਟ, ਨਵੀਂ ਦਿੱਲੀ ਦੇ ਸਕੱਤਰ ਰਹਿਣ ਮਗਰੋਂ ਅੱਜ ਕਲ ਪਲੈਨਿੰਗ ਕਮਿਸ਼ਨ ਵਿਚ ਚਲੇ ਗਏ ਹਨ।

ਆਪ ਨੇ 'ਸਵੇਰ ਸਾਰ', 'ਪਿੱਪਲ ਪੱਤੀਆ', 'ਕੁੜੀ ਕਹਾਣੀ ਕਰਦੀ ਗਈ', 'ਡੰਗਰ', 'ਅੱਗ ਖਾਣ ਵਾਲੇ', 'ਕੱਚਾ ਦੁੱਧ', 'ਨਵਾਂ ਆਦਮੀ', 'ਨਵਾਂ-ਘਰ', 'ਲੜਾਈ ਨਹੀਂ', 'ਫੁੱਲ ਤੋੜਨਾ ਮਨ੍ਹਾਂ ਹੈ', 'ਕਰਾਮਾਤ', 'ਸਭੋ ਸਾਂਝੀਵਾਲ ਸਦਾਇਨ', 'ਮਹਾਜਾ ਨਈਂ ਮੋਇਆ' ਆਦਿ ਕਹਾਣੀ ਸੰਗ੍ਰਹਿ ਦੇ ਕੇ ਪੰਜਾਬੀ ਕਹਾਣੀ ਨੂੰ

ਮਾਲਾ-ਮਾਲ ਕਰ ਦਿੱਤਾ। ਕਹਾਣੀ ਤੋਂ ਬਿਨਾਂ ਆਪ ਨੇ ਨਾਵਲ, ਨਾਟਕ ਤੇ ਕਵਿਤਾਵਾਂ ਦੀ ਵੀ ਰਚਨਾ ਕੀਤੀ ਹੈ।

ਆਪ ਨੇ ਪੰਜਾਬੀ ਕਹਾਣੀ ਨੂੰ ਆਧੁਨਿਕ ਬਣਾਉਣ ਵਿਚ ਸਭ ਤੋਂ ਵੱਧ ਹਿੱਸਾ ਪਾਇਆ ਹੈ।

11. ਸੰਤੋਖ ਸਿੰਘ ਧੀਰ
(ਜਨਮ 1920)

ਆਪ ਦਾ ਜਨਮ ਬਸੀ ਪਠਾਣਾ, ਜ਼ਿਲ੍ਹਾ ਪਟਿਆਲਾ ਵਿਚ ਹੋਇਆ। ਆਪ ਗਿਆਨੀ ਤੇ ਦਸਵੀਂ ਪਾਸ ਹਨ। ਆਪ ਦਾ ਕਿੱਤਾ ਹੈ ਸਾਹਿਤਕਾਰੀ।

ਆਪ ਨੇ ਬਹੁਤ ਕਹਾਣੀਆਂ ਪਿੰਡਾਂ ਦੇ ਜੀਵਨ ਬਾਰੇ ਲਿਖੀਆਂ ਹਨ। ਆਪ ਨੇ ਕੁਝ ਕਵਿਤਾ ਵੀ ਰਚੀ ਹੈ।

ਆਪ ਨੇ 'ਸਿੱਟਿਆਂ ਦੀ ਛਾਂ', 'ਸਵੇਰ ਹੋਣ ਤੱਕ', 'ਸਾਂਝੀ ਕੰਧ', ਕਹਾਣੀ ਸੰਗ੍ਰਹਿ ਪੰਜਾਬੀ ਨੂੰ ਦਿੱਤੇ ਹਨ।

12. ਕੁਲਵੰਤ ਸਿੰਘ ਵਿਰਕ
(ਜਨਮ 1921———

ਆਪ ਦਾ ਜਨਮ 1921 ਵਿਚ ਪਿੰਡ ਫੁਲਰਵਨ, ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਸਰਦਾਰ ਆਸਾ ਸਿੰਘ ਜੀ ਦੇ ਘਰ ਹੋਇਆ। ਐਮ.ਏ. ਅੰਗ੍ਰੇਜ਼ੀ ਪਾਸ ਕਰ ਕੇ ਆਪ ਕੁਝ ਚਿਰ ਫੌਜ ਵਿਚ ਰਹੇ। 1947 ਤੋਂ ਪਿਛੋਂ ਸੰਪਰਕ ਅਫ਼ਸਰ, ਫਿਰ ਐਡਵਾਂਸ ਤੇ ਜਾਗ੍ਰਿਤੀ ਦੇ ਸੰਪਾਦਕ ਦੇ ਤੌਰ ਤੇ ਲੱਗੇ ਰਹੇ। ਉਸ ਪਿਛੋਂ ਭਾਰਤ ਸਰਕਾਰ ਦੇ ਪ੍ਰੈਸ ਇਨਫਾਰਮੇਸ਼ਨ ਬਿਊਰੋ ਵਿਚ ਇਨਫਾਰਮੇਸ਼ਨ ਅਫ਼ਸਰ ਲੱਗੇ ਰਹੇ।

ਅੱਜ ਕਲ੍ਹ ਆਪ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਵਿਚ ਸਹਾਇਕ ਡਾਇਰੈਕਟਰ ਲੱਗੇ ਹੋਏ ਹਨ।

'ਛਾਹ ਵੇਲਾ', 'ਧਰਤੀ ਤੇ ਆਕਾਸ਼', 'ਤੂੜੀ ਦੀ ਪੰਡ', 'ਏਕਸ ਕੇ ਹਮ ਬਾਰਿਕ', 'ਦੁੱਧ ਦਾ ਛੱਪੜ', 'ਨਵੇਂ ਲੋਕ' ਆਦਿ ਕਹਾਣੀ ਸੰਗ੍ਰਹਿ ਆਪ ਨੇ ਪੰਜਾਬੀ ਨੂੰ ਦਿੱਤੇ।